

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 20
August 29, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## 16 ਸਤੰਬਰ ਨੂੰ ਹੋਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਕੀਤਾ ਗਿਆ ਵਿਸ਼ਲੇਸ਼ਣ



ਮੱਖਣ ਸਿੰਘ ਬੈਂਸ



ਇਕਬਾਲ ਸਿੰਘ ਗਾਖਲ

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 5 'ਤੇ)

## ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਦੇ ਹੱਲ ਲਈ ਪੰਜਾਬ 'ਚ ਬਣੇਗਾ ਸਲਾਹਕਾਰ ਬੋਰਡ

**ਚੰਡੀਗੜ੍ਹ ਬਿਊਰੋ)–** ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਇਨ੍ਹੀਂ ਦਿਨੀਂ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨਾਲ ਬਰਲਿਨ ਅਤੇ ਲੰਡਨ ਦੇ ਦੌਰੇ 'ਤੇ ਹਨ। ਉਨ੍ਹਾਂ ਉੱਥੇ ਇੰਡੀਅਨ ਓਵਰਸੀਜ਼ ਕਾਂਗਰਸ ਵੱਲੋਂ ਕਰਵਾਏ ਐਨਆਰਆਈਜ਼ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਐਨਆਰਆਈਜ਼ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਸਾਰੇ ਵਾਅਦੇ ਪੂਰੇ ਕਰਨ ਲਈ ਵਚਨਬੱਧ ਹੈ। ਇਸ ਸਬੰਧੀ ਮਿਲੀ ਸੂਚਨਾ ਮੁਤਾਬਕ ਪਰਨੀਤ ਕੌਰ ਨੇ ਉਕਤ ਇਕੱਠਾਂ ਦੌਰਾਨ ਐਨਆਰਆਈਜ਼ ਦੇ ਮਸਲਿਆਂ ਦੇ ਹੱਲ ਲਈ ਮੁੱਖ ਮੰਤਰੀ ਵੱਲੋਂ ਸਲਾਹਕਾਰ ਬੋਰਡ ਦਾ ਗਠਨ ਕੀਤੇ ਜਾਣ



ਦੀ ਜਾਣਕਾਰੀ ਵੀ ਦਿੱਤੀ। ਇਸ ਵਿੱਚ ਯੂਐਸਏ, ਯੂਕੇ ਤੇ ਕੈਨੇਡਾ ਸਣੇ ਹੋਰ ਮੁਲਕਾਂ ਤੋਂ ਜ਼ੋਨਲ ਮੁਖੀ ਸ਼ਾਮਲ ਕੀਤੇ ਜਾਣਗੇ। ਇਸ ਤੋਂ ਇਲਾਵਾ ਪੰਜਾਬ 'ਚ ਜ਼ਿਲ੍ਹਾ ਪੱਧਰ 'ਤੇ ਵਿਦੇਸ਼ੀ ਭਾਰਤੀਆਂ ਦੇ ਮਸਲੇ ਨਿਪਟਾਉਣ ਲਈ ਏਡੀਸੀ ਜਨਰਲ ਨੂੰ ਨੋਡਲ ਅਫ਼ਸਰ ਬਣਾਇਆ ਗਿਆ ਹੈ। ਐਨਆਰਆਈਜ਼ ਦੀਆਂ ਜ਼ਮੀਨਾਂ ਦੇ ਮਸਲਿਆਂ ਸਣੇ ਹੋਰ ਮੁਸ਼ਕਿਲਾਂ ਦੇ ਨਿਪਟਾਰੇ ਲਈ 20 ਤੋਂ ਜ਼ਿਆਦਾ ਐਨਆਰਆਈਜ਼ ਵਸਨੀਕਾਂ ਵਾਲੇ ਪਿੰਡਾਂ 'ਚ ਨੰਬਰਦਾਰ ਅਤੇ ਪੁਲੀਸ ਸਣੇ ਮਾਲੀਏ ਨਾਲ ਸਬੰਧਤ ਕੇਸਾਂ ਦੇ ਜਲਦ ਨਿਪਟਾਰੇ ਲਈ ਫਾਸਟਟਰੈਕ ਅਦਾਲਤਾਂ ਦਾ ਗਠਨ ਕੀਤਾ ਜਾ ਰਿਹਾ ਹੈ। ਜ਼ਮੀਨੀ ਰਿਕਾਰਡ ਆਨਲਾਈਨ ਕਰ ਦਿੱਤਾ ਗਿਆ ਹੈ।

## ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ 'ਮੇਲਾ ਗਦਰੀ ਬਾਬਿਆਂ ਦਾ' 2 ਸਤੰਬਰ ਨੂੰ



ਸੁਰਿੰਦਰ ਸਿੰਘ ਬਿੰਦਰਾ

**ਸੈਕਰਾਮੈਂਟੋ (ਦੇਸ਼ ਦੁਆਬਾ ਬਿਊਰੋ)–** ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆ (ਯੂ. ਐਸ. ਏ.) ਜੋ ਹਰ ਸਾਲ ਗਦਰੀ ਬਾਬਿਆਂ ਦੀਆਂ ਦੇਸ਼ ਆਜ਼ਾਦ ਕਰਵਾਉਣ ਲਈ ਦਿੱਤੀਆਂ ਕੁਰਬਾਨੀਆਂ ਤੇ ਅਭੁੱਲ ਯਾਦਾਂ ਅਤੇ ਇਤਿਹਾਸ ਨੂੰ ਜਿੰਦਾ ਰੱਖਣ ਲਈ ਭਾਰਤੀ ਲੋਕਾਂ ਦੇ ਮਨਾਂ 'ਚ ਵਸਾਏ ਰੱਖਣ ਲਈ ਮੇਲਾ

(ਬਾਕੀ ਸਫਾ 4 'ਤੇ)

### ਕੈਲੀਫੋਰਨੀਆ ਸਟੇਟ ਅਸੈਂਬਲੀ ਵਲੋਂ ਸਰਬਸੰਮਤੀ ਨਾਲ ਮਤਾ

## ਨਵੰਬਰ ਮਹੀਨੇ ਨੂੰ ਸਿੱਖ ਅਮਰੀਕਨ ਜਾਗਰੂਕਤਾ ਵਜੋਂ ਮਨਾਏਗਾ



**ਸੈਕਰਾਮੈਂਟੋ, ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਅਸੈਂਬਲੀ ਰੈਜ਼ੋਲੇਸ਼ਨ (ਏਸੀਆਰ) 267 ਹੁਣ ਕੈਲੀਫੋਰਨੀਆ ਦੇ ਸੀਨੇਟ ਵਿੱਚ ਛੇਤੀ ਹੀ ਪਾਸ ਹੋਣ ਦੀ ਸੰਭਾਵਨਾ ਹੈ। ਇਸ ਬਿੱਲ ਚ ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਵੱਲੋਂ ਨਵੰਬਰ ਮਹੀਨੇ

(ਬਾਕੀ ਸਫਾ 4 'ਤੇ)




MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D TM

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



LIC# 01959890

Independently Owned & Operated
Jiwan Rattu Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਕੈਲੀਫੋਰਨੀਆ ਦੇ ਸਟੇਨਿਸਲਾਸ ਕਾਊਟੀ ਵਿਚ ਡਿਪਟੀ ਡਿਸਟ੍ਰਿਕਟ ਅਟਾਰਨੀ ਵਜੋਂ ਹਰਪ੍ਰੀਤ ਸਿੰਘ ਪਹਿਲਾ ਪਗੜੀਧਾਰੀ ਸਿੱਖ ਨਿਯੁਕਤ

**ਕੈਲੀਫੋਰਨੀਆ( ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਸਟੇਨਿਸਲਾਸ ਕਾਊਂਟੀ ਵਿਚ ਡਿਪਟੀ ਡਿਸਟ੍ਰਿਕਟ ਅਟਾਰਨੀ ਵਜੋਂ ਨਿਯੁਕਤ ਕੀਤਾ ਗਿਆ ਹਰਪ੍ਰੀਤ ਸਿੰਘ ਕੈਲੀਫੋਰਨੀਆ ਰਾਜ ਵਿਚ ਪਹਿਲਾ ਪਗੜੀਧਾਰੀ ਸਿੱਖ ਹੋਵੇਗਾ। ਉਹ ਸਟੈਨਿਸਲਾਸ ਕਾਉਂਟੀ ਵਿੱਚ ਅਪਰਾਧਿਕ ਮਾਮਲਿਆਂ ਵਿੱਚ ਕੈਲੀਫੋਰਨੀਆ ਰਾਜ ਦੇ ਲੋਕਾਂ ਦੀ ਨੁਮਾਇੰਦਗੀ ਕਰਨਗੇ।ਉਨਾਂ ਕਿਹਾ ਕਿ "ਮੇਰੀ ਜ਼ਿੰਮੇਦਾਰੀ ਹੁਣ ਹੋਰ ਵੀ ਵੱਧ ਗਈ ਹੈ ਤੇ ਜਿਨਾਂ ਚ ਵਿਸ਼ੇਸ ਤੌਰ ਤੇ ਘਰੇਲੂ ਹਿੰਸਾ ਦੇ ਮੁਕੱਦਮੇ , ਤੇਜ ਗੱਡੀ ਚਲਾਉਣ, ਨਸ਼ੀਲੇ ਪਦਾਰਥਾਂ ਦੀ ਰੋਕਥਾਮ, ਕਬਜ਼ੇ ਅਤੇ ਚੋਰੀ ਦੇ ਅਪਰਾਧਾਂ ਦੁਆਰਾ ਅਪਰਾਧਾਂ ਦੇ ਸ਼ਿਕਾਰ ਪੀੜਤਾਂ ਦੀ ਮਦਦ ਸ਼ਾਮਲ ਹੈ।"





ਇਸਦੇ ਇਲਾਵਾ ਹਰਪ੍ਰੀਤ ਸਿੰਘ ਮੌਜੂਦਾ ਸਮੇਂ ਵਿੱਚ ਵੱਖ ਵੱਖ ਜਨਤਕ ਸੇਵਾ ਅਹੁਦਿਆਂ ਤੇ ਸੇਵਾ ਕਰ ਰਹੇ ਹਨ ਜਿਨਾਂ ਵਿਸ਼ੇਸ਼ ਕਰਕੇ, ਸਟੈਨਿਸਲਾਸ ਕਾਉਂਟੀ ਦੀ ਆਰਥਕ ਵਿਕਾਸ ਕਮੇਟੀ ਦੇ ਕਮਿਸ਼ਨਰ, ਸੀਰੀਸ ਪੁਲਿਸ ਡਿਪਾਰਟਮੈਂਟ ਦੇ ਸਮੁਦਾਇਕ ਸਲਾਹਕਾਰ, ਸੈਂਟਰਲ ਵੈਲੀ ਦੇ ਹੈਸਪੈਨਕ ਚੈਂਬਰ ਆਫ ਕਾਮਰਸ ਵਿਖੇ ਬੋਰਡ ਮੈਂਬਰ , ਸਲੀਦਾ ਚੈਂਬਰ ਆਫ਼ ਕਾਮਰਸ ਵਿਖੇ ਬੋਰਡ ਮੈਂਬਰ, ਪ੍ਰਧਾਨ, ਵੈਸਟਰਨ ਸਿੰਘ ਫਾਊਂਡੇਸ਼ਨ ਤੋਂ ਇਲਾਵਾ ਉਹ ਕੈਲੀਫੋਰਨੀਆ ਵਿਚ ਸਿੱਖ ਅਮਰੀਕਨ ਜਾਗਰੁਕਤਾ ਦੇ ਪ੍ਰੋਗਰਾਮ ਨੂੰ ਸਥਾਨਕ ਲੋਕਾਂ ਨੂੰ ਸਿਖ ਭਾਈਚਾਰੇ ਪ੍ਰਤੀ ਨਫਰਤ ਅਪਰਾਧ ਦੇ ਖਿਲਾਫ ਲੜਨ ਦੇ ਸਿਧਾਂਤਾਂ ਬਾਰੇ ਸਿਖਿਆ ਦੇਣ ਲਈ ਸਮਾਗਮ ਆਯੋਜਿਤ ਕਰਦੇ ਹਨ।ਉਨਾਂ ਦਾ ਪਰਿਵਾਰ ਪਿੰਡ ਕਾਦੀਆਂ ਦੇ ਨੇੜੇ ਲੀਲ ਕਲਾਂ ਪਿੰਡ, ਜਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਹੈ ਤੇ ਪਿਤਾ ਦਾ ਨਾਂ ਨਿਰਵੱਲ ਸਿੰਘ ਹੈ। ਉਹ 2008 ਵਿੱਚ ਅਮਰੀਕਾ ਆ ਗਏ ਤੇ ਸੀ ਐਸ ਯੂ ਸਟੈਨਿਸਲਾਸ ਤੋਂ ਆਪਣੀ ਬੈਚੁਲਰ ਸਾਇੰਸ ਡਿਗਰੀ ਪੂਰੀ ਕੀਤੀ ਅਤੇ 2017 ਵਿੱਚ ਜੁਰਿਸ ਡਾਕਟਰ ਦੀ ਡਿਗਰੀ ਪੂਰੀ ਕੀਤੀ ਤੇ 2009 ਤੋਂ ਮਡੈਸਟੋ ਸ਼ਹਿਰ ਚ ਰਹਿ ਰਹੇ ਹਨ। ਸਿੱਖ ਭਾਈਚਾਰਾ ਉਨਾਂ ਦੀ ਹੋਈ ਇਸ ਨਿਯੁਕਤੀ ਤੇ ਮਾਣ ਕਰਦਾ ਹੈ।

# ਸਿੱਖ ਸੰਗਤ ਦੇ ਤਿੱਖੇ ਵਿਰੋਧ ਕਰਕੇ ਫਰਿਜ਼ਨੋ ਦੇ ਗੁਰਦਵਾਰਾ ਨਾਨਕ ਪ੍ਰਕਾਸ਼ ਵਿਖੇ ਨਹੀ ਪਹੁੰਚੇ ਜੀ ਕੇ

**ਫਰਿਜਨੋਂ (ਕੈਲੀਫੋਰਨੀਆ)– ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅੱਜ-ਕੱਲ੍ਹ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਅਮਰੀਕਾ ਦੀ ਫੇਰੀ ’ਤੇ ਹਨ। ਪਰ ਹਰ ਥਾਂ ਬਾਦਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜਿੰਮੇਵਾਰ ਮੰਨੇ ਜਾਂਦੇ ਬਾਦਲਾਂ ਦੇ ਸਮਰਥਕ ਹੋਣ ਕਰਕੇ ਉਨ੍ਹਾਂ ਦਾ ਵਿਰੋਧ, ਹਮਲੇ ਅਤੇ ਅਪਮਾਨ ਹੋ ਰਿਹਾ ਹੈ। ਇਸੇ ਦੌਰਾਨ ਪੰਜਾਬੀਅਤ ਦੇ ਗੜ ਯੂਬਾ ਸਿਟੀ ਸ਼ਹਿਰ ਵਿਖੇ ਪਹੁੰਚਣ ’ਤੇ ਵਿਰੋਧੀਆਂ ਵੱਲੋ ਨਾਹਰੇਬਾਜ਼ੀ ਅਤੇ ਹਮਲਾ ਕੀਤਾ ਗਿਆ। ਜਿੱਥੇ ਉਨ੍ਹਾਂ ਦੀ ਪੱਗ ਲੱਥੀ ਅਤੇ ਹੇਠਾਂ ਡਿੱਗੇ। ਵਿਰੋਧ ਕਰਨ ਵਾਲਿਆ ਨੇ ਉਨ੍ਹਾਂ ਦੇ ਲੱਤਾਂ ਵੀ ਮਾਰੀਆਂ। ਇਸੇ ਦੌਰਾਨ ਜੀਕੇ ਦੇ ਨਾਲ ਇਸ ਭੀੜ ਵਿੱਚ ਸਮਰਥਕਾਂ ਅਤੇ ਵਿਰੋਧੀਆ ਦੀ ਕਾਫੀ ਖਿੱਚ-ਧੂਹ ਅਤੇ ਮਾੜੀ ਸ਼ਬਦਾਵਲੀ ਵੀ ਵਰਤੀ ਗਈ। ਪ੍ਰਾਪਤ ਜਾਣਕਾਰੀ ਮੁਤਾਬਕ ਪੁਲਿਸ ਵੱਲੋਂ ਕੇਸ ਦਰਜ ਕਰਕੇ ਅਤੇ ਦੋਸ਼ੀ ਹਿਰਾਸਤ ਵਿੱਚ ਲਏ ਹਨ। ਇਸੇ ਕੜੀ ਤਹਿਤ ਸੈਨਹੋਜੇ ਗੁਰੂ ਘਰ ਵੀ ਉਹਨਾਂ ਨੂੰ ਵੜਨ ਨਹੀਂ ਦਿੱਤਾ ਗਿਆ। ਇਸ ਉਪਰੰਤ ਉਹਨਾਂ ਫਰਿਜ਼ਨੋ ਦੇ ਗੁਰਦਵਾਰਾ ਨਾਨਕ ਪ੍ਰਕਾਸ਼ ਵਿੱਖੇ ਨਤਮਸਤਕ ਹੋਣ ਲਈ ਆਉਂਣਾ ਸੀ ‘ਲੇਕਿਨ ਇੱਥੇ ਗਰਮ ਖ਼ਿਆਲੀ ਮਾਨ ਦਲ ਦੇ ਸੀਨੀਅਰ ਆਗੂ ਰੇਸ਼ਮ ਸਿੰਘ ਕਰੀਬ ਦੋ ਦਰਜਨ ਪ੍ਰਦਰਸ਼ਨਕਾਰੀਆਂ ਸਮੇਤ ਮਨਜੀਤ ਸਿੰਘ ਜੀਕੇ ਦਾ ਵਿਰੋਧ ਕਰਨ ਲਈ ਪਹੁੰਚੇ ਹੋਏ ਸਨ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਨੇ ਕਿਹਾ ਕਿ ਸਾਡਾ ਕਿਸੇ ਨਾਲ ਕੋਈ ਨਿੱਜੀ ਵੈਰ ਵਿਰੋਧ ਨਹੀਂ ਹੈ, ਪਰ ਜਿਹੜਾ ਵੀ ਵਿਅੱਕਤੀ ਵਿਸ਼ੇਸ਼ ਗੁਰੂ ਗ੍ਰੰਥ ਸਹਿਬ ਦੀ ਹੁਰਮਤੀ ਕਰਨ ਵਾਲੀ ਧਿਰ ਦਾ ਨੁਮਾਇੰਦਾ ਬਣਕੇ ਆਵੇਗਾ ਉਸਦਾ ਵਿਰੋਧ ਜਾਰੀ ਰਹੇਗਾ।



ਇਸ ਤੋਂ ਬਾਅਦ ਕਮੇਟੀ ਵੱਲੋਂ ਭਰੋਸਾ ਦਵਾਇਆ ਗਿਆ ਕਿ ਜੀਕੇ ਗੁਰੂ-ਘਰ ਵਿੱਖੇ ਨਹੀਂ ਆਵੇਗਾ, ਉਪਰੰਤ ਪ੍ਰਦਰਸ਼ਨਕਾਰੀ ਉਥੋਂ ਵਾਪਸ ਆਪੋ ਆਪਣੇ ਟਿਕਾਣਿਆਂ ਨੂੰ ਮੁੜੇ। ਬੋਲਣ ਵਾਲੇ ਬੁਲਾਰਿਆਂ ਵਿੱਚ ਰੇਸ਼ਮ ਸਿੰਘ ਬੇਕਰਸਫੀਲਡ, ਮਨਜੀਤ ਸਿੰਘ ਪੱਤੜ, ਜਗਤਾਰ ਸਿੰਘ ਜੱਗੀ ਆਦਿ ਤੋਂ ਬਿਨਾਂ ਹੋਰ ਕਈ ਸੱਜਣਾਂ ਨੇ ਆਪਣੇ ਵਿਚਾਰ ਰੱਖੇ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਨਵੰਬਰ ਮਹੀਨੇ ਨੂੰ ਸਿੱਖ ਅਮਰੀਕਨ ਜਾਗਰੂਕਤਾ ਵਜੋਂ ਮਨਾਏਗਾ

(ਸਫਾ 1 ਦੀ ਬਾਕੀ)

ਕੈਲੀਫੋਰਨੀਆ ਦੇ ਸਿੱਖ ਅਭਿਆਨ ਅਤੇ ਜਾਗਰੂਕਤਾ ਮਹੀਨਿਆਂ ਦੀ ਘੋਸ਼ਣਾ ਕੀਤੀ ਗਈ ਹੈ।ਏ ਸੀ ਆਰ 267 ਦੇ ਅਨੁਸਾਰ, ਇਹ ਮਤਾ "ਸਿੱਖ ਵਿਰਾਸਤ ਤੇ ਕੈਲੀਫੋਰਨੀਆ ਦੇ ਸਿਖਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਵੇਗੀ ਅਤੇ ਸਾਰੇ ਕੈਲੀਫੋਰਨੀਆਂ ਨੂੰ ਅਮੀਰ ਇਤਿਹਾਸ ਅਤੇ ਸਾਂਝੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਣ, ਪਛਾਣ ਅਤੇ ਪ੍ਰਸੰਸਾ ਕਰਨ ਦਾ ਮੌਕਾ ਦੇਵੇਗੀ। ਸਿੱਖ ਅਮਰੀਕਨ, "ਕੈਲੀਫੋਰਨੀਆ ਵਿਧਾਨ ਸਭਾ ਦੀ ਵੈਬਸਾਈਟ 'ਦੇ ਅਨੁਸਾਰ. "ਇਹ ਉਪਾਅ ਸਿੱਖ ਅਮਰੀਕਨਾਂ ਵਿਰੁੱਧ ਸਾਰੇ ਨਸਲੀ ਅਪਰਾਧਾਂ ਅਤੇ ਪੱਖਪਾਤ ਦੀਆਂ ਘਟਨਾਵਾਂ ਦੀ ਨਿਖੇਧੀ ਕਰੇਗਾ ਅਤੇ ਸਾਰੇ ਸਿੱਖਾਂ ਨੂੰ ਆਪਣੀ ਅਜ਼ਾਦੀ ਅਤੇ ਨਿਡੱਰਤਾ ਨਾਲ ਅਭਿਆਸ ਕਰਨ ਲਈ ਉਤਸ਼ਾਹਿਤ ਕਰੇਗਾ।"ਰੈਜ਼ੋਲੂਸ਼ਨ ਵਿਚ ਨੋਟ ਕੀਤਾ ਗਿਆ ਹੈ ਕਿ 1899 ਵਿਚ ਸੈਨਫਰਾਂਸਿਸਕੋ ਵਿਚ ਐਂਜਲ ਟਾਪੂ ਇਮੀਗਰੇਸ਼ਨ ਸਟੇਸ਼ਨ ਰਾਹੀਂ ਸਿੱਖਾਂ ਨੇ ਕੈਲੀਫੋਰਨੀਆ ਵਿਚ ਪਹਿਲੀ ਵਾਰ ਕਿਵੇਂ ਦਾਖਲ ਕੀਤਾ ਸੀ, ਅਤੇ ਉਸ ਸਮੇਂ ਤੋਂ ਕਮਿਊਨਿਟੀ ਦੇ ਇਤਿਹਾਸ ਦੀ ਪਾਲਣਾ ਕੀਤੀ ਗਈ ਜਦੋਂ ਇਸ ਕੌਮ ਨੇ ਰੇਲਮਾਰਗ ਬਣਾਉਣ ਵਿਚ ਮਦਦ ਕੀਤੀ ਅਤੇ ਲੱਕੜੀ ਦੀਆਂ ਮਿੱਲਾਂ ਵਿਚ ਕੰਮ ਕੀਤਾ। ਕਾਮਯਾਬ ਕਿਸਾਨਾਂ ਅਤੇ ਸਿਆਸਤਦਾਨ ਤਾਂ ਬਣੇ, ਪਰ ਉਨ੍ਹਾਂ ਨੇ ਦੇਸ਼ ਅਤੇ ਕੈਲੀਫੋਰਨੀਆ ਵਿੱਚ ਨਸਲੀ ਅਪਰਾਧਾਂ ਦਾ ਹਮੇਸ਼ਾਂ ਸਾਹਮਣਾ ਕੀਤਾ ਹੈ।ਏ ਸੀ ਆਰ 267 ਵਿਚ ਜ਼ਿਕਰ ਕੀਤੇ ਕੁਝ ਤੱਥਾਂ ਵਿਚ ਸ਼ਾਮਲ ਹਨ - 14 ਅਕਤੂਬਰ, 1912 ਨੂੰ ਅਮਰੀਕਾ ਵਿਚ ਸਟਾਕਟਨ ਸਿੱਖ ਟੈਂਪਲ ਦੀ ਪਹਿਲੀ ਸਿੱਖ ਭਵਨ (ਗੁਰਦੁਆਰਾ) ਦੀ ਸਥਾਪਨਾ ਜਵਾਲਾ ਸਿੰਘ ਅਤੇ ਵਿਸਾਖਾ ਸਿੰਘ ਨੇ ਕੀਤੀ ਸੀ। ਅਗਲੇ ਸਾਲ, ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਦੀ ਸਥਾਪਨਾ ਕੀਤੀ। ਅਮਰੀਕਾ ਵਿਚ ਹੁਣ 220 ਤੋਂ ਜ਼ਿਆਦਾ ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ 58 ਕੈਲੀਫੋਰਨੀਆ ਵਿਚ ਹਨ, ਜਿਨ੍ਹਾਂ ਵਿਚ ਸੈਨ ਹੋਜੇ ਦੇ ਗੁਰਦੁਆਰਾ ਸਾਹਿਬ, ਉੱਤਰੀ ਅਮਰੀਕਾ ਦਾ ਸਭ ਤੋਂ ਵੱਡਾ ਗੁਰਦੁਆਰਾ ਸ਼ਾਮਲ ਹੈ। ਸਿੱਖ ਇਤਿਹਾਸ ਅਤੇ ਧਰਮ ਦੇ ਅਧਿਐਨ ਲਈ ਸਕਾਲਰਸ਼ਿਪ ਬਰਕਲੇ ਵਿਚ ਸਥਾਪਿਤ ਕੀਤੇ ਗਏ। ਨਵੰਬਰ 1, 1 9 13 ਨੂੰ ਅਮਰੀਕਾ ਵਿਚ ਪਹਿਲੇ ਪੰਜਾਬੀ ਭਾਸ਼ਾ ਦਾ ਅਖ਼ਬਾਰ ਗਦਰ, ਕਰਤਾਰ ਸਿੰਘ ਸਰਾਭਾ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ, ਜੋ ਉਦੋਂ 17 ਸਾਲ ਦੀ ਉਮਰ ਵਿਚ, ਸਟਾਕਟਨ ਸਿੱਖ ਗੁਰਦੁਆਰਾ ਦੀ ਮਾਇਕ ਸਹਾਇਤਾ ਨਾਲ ਸਿੱਖ ਕਿਸਾਨ ਪੀਚ, ਸੌਗੀ, ਅੰਗੂਰ, ਬਦਾਮ, ਪਿਸਤਾ, ਓਕਰਾ, ਅਤੇ ਫਲਾਂ, ਸਬਜ਼ੀਆਂ ਅਤੇ ਨਟ ਦੀਆਂ ਹੋਰ ਵਿਸ਼ੇਸ਼ ਫਸਲਾਂ ਦੇ ਉਤਪਾਦਨ ਵੱਲ ਬਹੁਤ ਜ਼ਿਆਦਾ ਯੋਗਦਾਨ ਪਾਉਂਦੇ ਰਹੇ। ਪੰਜਾਬ ਤੋਂ ਇਕ ਸਿੱਖ ਦਲੀਪ ਸਿੰਘ ਸੌਂਦ ਨੇ ਇਕ ਐਚ.ਡੀ. 1 9 24 ਵਿਚ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ, ਅਤੇ 1957 ਵਿਚ ਯੂਐਸ ਕਾਂਗਰੇਸ ਵਿਚ ਸਭ ਤੋਂ ਪਹਿਲਾਂ ਭਾਰਤੀ-ਅਮਰੀਕੀ ਬਣ ਗਿਆ।ਇਹ ਮਤਾ ਪਾਲੋ ਆਲਟੋ ਦੇ ਨਾਰਿੰਦਰ ਸਿੰਘ ਕਾਪਾਨੀ ਨੂੰ ਮਾਨਤਾ ਦਿੰਦਾ ਹੈ, ਇਕ ਪੂਰਾ ਵਿਗਿਆਨੀ ਅਤੇ ਖੋਜੀ, ਜਿਨ੍ਹਾਂ ਨੇ ਲੇਜ਼ਰਜ਼, ਬਾਇਓਮੈਡੀਕਲ ਇੰਸਟਰੂਮੈਂਟੇਸ਼ਨ, ਪ੍ਰਦੂਸ਼ਣ ਦੀ ਨਿਗਰਾਨੀ ਅਤੇ ਸੌਰ ਊਰਜਾ ਵਿਚ ਤਰੱਕੀ ਕੀਤੀ। ਉਹ ਵਿਗਆਨੀ, ਜਿਸਨੇ 100 ਤੋਂ ਜ਼ਿਆਦਾ ਪੇਟੈਂਟ ਪ੍ਰਦਾਨ ਕੀਤੇ ਹਨ, ਅਤੇ ਇਹਨਾਂ ਨੂੰ ਫਾਈਬਰ ਆਪਟਿਕਸ ਦਾ ਪਿਤਾ ਮੰਨਿਆ ਜਾਂਦਾ ਹੈ, ਇੱਕ ਤਕਨਾਲੋਜੀ ਜਿਸ ਨੇ ਹਾਈ-ਸਪੀਡ ਡਿਜੀਟਲ ਸੰਚਾਰ ਲਈ ਆਗਿਆ ਦਿੱਤੀ ਹੈ। ਬਹੁਤ ਸਾਰੇ ਸਿੱਖ ਸੰਗਠਨਾਂ ਦਾ ਨਾਂ ਰੈਜ਼ੋਲੂਸ਼ਨ ਵਿਚ ਰੱਖਿਆ ਗਿਆ ਹੈ ਜੋ ਇੰਟਰਫੇਥ ਮੀਟਿੰਗਾਂ ਵਿਚ ਹਿੱਸਾ ਲੈਂਦੇ ਹਨ। ਇਹ 5 ਅਗਸਤ, 2012 ਨੂੰ ਵਿਸਕਿਨਸਿਨ ਸਿੱਖ ਗੁਰਦੁਆਰਾ ਓਕ ਕਰੀਕ, ਵਿੱਚ ਛੇ ਸਿੱਖਾਂ ਦੀਆਂ ਹੱਤਿਆਵਾਂ ਸਮੇਤ ਸਕੂਲੀ ਪਰੇਸ਼ਾਨੀ, ਰੁਜ਼ਗਾਰ ਭੇਦਭਾਵ ਜਾਂ ਨਫ਼ਰਤ ਦੇ ਅਪਰਾਧਾਂ ਵਰਗੇ ਹਮਲਿਆਂ ਕਾਰਨ ਸਥਾਨਕ ਸਰਕਾਂਰਾਂ ਨੂੰ ਸਿੱਖਾ ਬਾਰੇ ਸੋਚਣ ਲਈ ਮਜਬੂਰ ਹੋਣਾ ਪਿਆ।ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕੈਲੇਫੋਰਨੀਆ ਨੇ ਅਜਿਹਾ ਮਤਾ ਪਾਸ ਕਰ ਦਿੱਤਾ ਹੈ. 2010 ਵਿਚ ਸਟੇਟ ਨੇ ਪਿਛਲੇ ਇਕ ਸੌ ਸਾਲਾਂ ਵਿਚ ਸਿੱਖ ਅਮਰੀਕਨਾਂ ਦੇ ਯੋਗਦਾਨ ਨੂੰ ਸਨਮਾਨਿਤ ਕੀਤਾ ਅਤੇ ਮਾਨਤਾ ਦਿੱਤੀ ਸੀ। "ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਨੇ ਅਸੈਂਬਲੀ ਚ ਮਾਨਤਾ ਦੇਣ ਲਈ ਮਾਨਯੋਗ ਅਸੈਂਬਲੀਮੈਨ ਜੇਮਜ਼ ਗਲਾਗਹਰ ਦਾ ਧੰਨਵਾਦ ਕੀਤਾ ਇਸ ਤੋਂ ਇਲਾਵਾ ਇਸ ਪ੍ਰਸਤਾਵ ਨੂੰ ਪੇਸ਼ ਕਰਨ ਅਤੇ ਸਹਿ-ਲੇਖਣ ਕਰਨ ਲਈ ਮਾਣਯੋਗ ਸੰਸਦ ਮੈਂਬਰ ਐਸ਼ ਕਾਲਰਾ ਅਤੇ ਜਿਮ ਕੂਪਰ ਦਾ ਧੰਨਵਾਦ ਕੀਤਾ । "ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਦੇ ਬੁਲਾਰੇ ਸਰਦਾਰ ਜਸਬੀਰ ਸਿੰਘ ਕੰਗ ਨੇ ਇਕ ਪ੍ਰੈਸ ਰੀਲੀਜ ਚ ਕਿਹਾ ਕਿ ਅਸੀਂ ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਨਿਮਰਤਾ ਨਾਲ ਬੇਨਤੀ ਕਰਦੇ ਹਾਂ ਕਿ ਨਵੰਬਰ ਦੇ ਮਹੀਨਿਆਂ ਦੌਰਾਨ ਉਨ੍ਹਾਂ ਦੇ ਕੈਂਪਸ ਵਿਚ ਵਿਦਿਅਕ ਸਮਾਗਮਾਂ ਦੌਰਾਨ ਸਿੱਖਾਂ ਪ੍ਰਤੀ ਅਗਿਆਨਤਾ ਖਤਮ ਕਰਨ ਤਾਂ ਜੋ ਅਮਰੀਕਨਾਂ ਸਿੱਖਾਂ ਵਿਰੁੱਧ ਅਪਰਾਧ ਨਾ ਹੋ ਸਕਣ।

# ਮੇਜਰ ਗਾਖਲ ਦਾ ਹੋਵੇਗਾ ਵਿਸ਼ਵ ਕਬੱਡੀ ਕੱਪ 'ਚ 'ਗੋਲਡ ਮੈਡਲ' ਨਾਲ ਸਨਮਾਨ



**ਯੂਨੀਅਨ ਸਿਟੀ (ਬਿਓਰੋ)**– ਸਾਲ 1992-93 ਟਰਾਂਟੋ ਵਰਲਡ ਕਬੱਡੀ ਕੱਪ ਦੇ ਬੈੱਸਟ ਸਟਾਪਰ ਮੇਜਰ ਸਿੰਘ ਗਾਖਲ (ਯੂ.ਕੇ) ਦਾ 16 ਸਤੰਬਰ ਨੂੰ ਯੁਨਾਇਟਡ ਸਪੋਰਟਸ ਕਲੱਬ ਵਲੋਂ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ 'ਚ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਗਾਖਲਾਂ ਦਾ ਭਾਣਜਾ ਤੇ ਕੌਮਾਂਤਰੀ ਕਬੱਡੀ ਖਿਡਾਰੀ ਤੀਰਥ ਗਾਖਲ ਮੇਜਰ ਦੀ ਖੇਡ ਤੋਂ ਵੀ ਵਧੇਰੇ ਪ੍ਰਭਾਵਿਤ ਸੀ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮੇਜਰ ਗਾਖਲ, ਤੀਰਥ ਗਾਖਲ 'ਤੇ ਲੱਖਾ ਗਾਜ਼ੀਪੁਰੀਆ ਵਰਗੇ ਖਿਡਾਰੀ ਗਾਖਲਾਂ ਦਾ ਮਾਣ ਹਨ ਤੇ ਮੇਜਰ ਦਾ ਸਨਮਾਨ ਵੀ ਉਨ੍ਹਾਂ ਦੀ ਮਾਂ ਖੇਡ ਕਬੱਡੀ ਨਾਲ ਪਿਆਰ ਦਾ ਹੀ ਇੱਕ ਪ੍ਰਗਟਾਵਾ ਹੈ।

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ!!**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ!!**



ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰ ਹਰਵਿੰਦਰ ਸਿੰਘ (ਬਿੱਲਾ), ਜਿਹਨਾਂ ਦਾ ਜੱਦੀ ਪਿੰਡ ਕਬੀਰਪੁਰ (ਜਿਲਾ ਹੁਸਿਆਰਪੁਰ) ਅਕਾਲ ਪੁਰਖ ਜੀ ਵੱਲੋਂ ਦਿੱਤੀ ਸਵਾਸਾਂ ਦੀ ਪੂੰਜੀ ਨੂੰ ਭੋਗਦਿਆਂ ਅਕਾਲ ਚਲਾਣਾ ਕਰ ਗਏ ਹਨ। ਵਾਹਿਗੁਰੂ ਸਾਰੇ ਪਰਿਵਾਰ ਅਤੇ ਕਮਿਊਨਿਟੀ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਜੀ। ਅਦਾਰਾ 'ਦੇਸ਼ ਦੁਆਬਾ' ਉਹਨਾਂ ਦੀ ਬੇਵਕਤੀ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਦੁਖੀ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ ਜੀ।

ਹੋਰ ਵਧੇਰੇ ਜਾਣਕਾਰੀ ਲਈ ਸ. ਦਲਬੀਰ ਸਿੰਘ ਗਿੱਲ ਨਾਲ 530-713-4256 ਤੇ ਸੰਪਰਕ ਕੀਤਾ ਜਾ ਸਕਦਾ ਹੈ।

Funeral: September 3, 2018 Time: 10 am to 12 Noon
Ulrey Memorial Chapel Almond Street Yuba City
Sehaj Path Bhog at Sikh Temple (Gurdwara Sahib)
Tierra Buena Yuba City

# ਅਮਰੀਕੀ ਫੈਡਰਲ ਓਰੇਗਨ ਜੇਲ੍ਹ ਵਿਚੋਂ ਪੰਜ ਸਿੱਖ ਪ੍ਰਵਾਸੀ ਰਿਹਾਅ

**ਓਰੇਗਨ (ਹੁਸਨ ਲੜੋਆ ਬੰਗਾ)**– ਪੰਜ ਗੈਰ ਕਾਨੂੰਨ. ਸਿੱਖ ਪ੍ਰਵਾਸੀਆਂਤੇ ਅੱਠ ਹੋਰ ਪਨਾਹ ਮੰਗਣ ਵਾਲਿਆਂ ਨੂੰ ਜੋ ਅਮਰੀਕਾ ਦੇ ਓਰੇਗਨ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ ਹੈ, ਜਿੱਥੇ ਉਹ ਇੰਮੀਗ੍ਰੇਸ਼ਨ ਵਿਚ ਫਸ ਜਾਣ ਕਾਰਨ ਤਿੰਨ ਮਹੀਨੇ ਤੋਂ ਜੇਲ੍ਹ 'ਚ ਸਨ। ਮਈ ਵਿਚ ਓਰੇਗਨ ਵਿਚ ਇਕ ਨਜ਼ਰਬੰਦੀ ਕੇਂਦਰ ਵਿਚ 52 ਭਾਰਤੀਆਂ ਦੇ ਇਕ ਸਮੂਹ ਦਾ ਜਿਸ ਵਿਚ ਜ਼ਿਆਦਾ ਸਿੱਖ ਸਨ, ਜੋ ਪਨਾਹ ਲੈਣ ਲਈ ਗੈਰ ਕਾਨੂੰਨੀ ਇੰਮੀਗ੍ਰਾਂਟਸ ਦੇ ਇਕ ਵੱਡੇ ਦਲ ਦਾ ਹਿੱਸਾ ਸਨ। ਸ਼ੇਰੀਡਨ ਵਿਚ ਕੁੱਲ 124 ਗੈਰ-ਕਾਨੂੰਨੀ ਇੰਮੀਗ੍ਰਾਂਟਾਂ ਵਿਚ ਸਭ ਤੋਂ ਵੱਧ ਭਾਰਤੀਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਸਨ।

ਪੰਜ ਸਿੱਖ ਪ੍ਰਵਾਸੀਆਂ, ਜਿਹਨਾਂ ਨੇ ਓਰੇਗਨ ਜੇਲ੍ਹ ਵਿਚ ਕਰੀਬ ਤਿੰਨ ਮਹੀਨੇ ਤੋਂ ਬਾਅਦ ਬੁੱਧਵਾਰ ਨੂੰ ਆਪਣੀ ਪਹਿਲੀ ਜਨਤਕ ਪਟੀਸ਼ਨ ਤਿਆਰ ਕੀਤੀ, ਜਿਸ ਵਿਚ ਉਹਨਾਂ ਨੂੰ ਸਿਆਸੀ ਫਾਇਰ ਸਟ੍ਰਾਮ ਦੇ ਕੇਂਦਰ ਵਿਚ ਰੱਖਿਆ ਗਿਆ ਸੀ।

24 ਸਾਲਾ ਕਰਨਦੀਪ ਸਿੰਘ ਨੇ ਕਿਹਾ ਕਿ 'ਸ਼ੁਰੂ ਵਿਚ ਕੋਈ ਉਮੀਦ ਨਹੀਂ ਸੀ, ਤੇ ਹੁਣ ਇਹ ਇਕ ਸੁਪਨੇ ਵਾਂਗ ਹੈ, ਮੈਂ ਬਹੁਤ ਖੁਸ਼ ਹਾਂ। ਉਹਨਾਂ ਸਾਰਿਆਂ ਲੋਕਾਂ ਦਾ ਧੰਨਵਾਦ ਜਿਹਨਾਂ ਨੇ ਸਾਡੀ ਮਦਦ ਕੀਤੀ।

# ਨਿਊ ਜਰਸੀ ਵਿੱਚ ਭਾਰਤੀ ਮੂਲ ਦੇ ਅਮਰੀਕੀ ਕਾਰੋਬਾਰੀ ਤੇ ਸਾਬਕਾ ਪਤਨੀ ਨੂੰ ਕਤਲ ਕਰਨ ਦੀ ਸ਼ਾਜਿਸ਼ ਦਾ ਦੋਸ਼

**ਨਿਊਜਰਸੀ (ਹੁਸਨ ਲੜੋਆ ਬੰਗਾ)**– ਭਾਰਤੀ ਅਮਰੀਕਨ ਪ੍ਰੇਮੀ ਜੋੜੇ ਨੂੰ ਨਿਊਜਰਸੀ ਦੇ ਵੁਡਬਰਿਜ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਉਪਰ ਸਾਬਕਾ ਪਤਨੀ ਨੂੰ ਕਤਲ ਕਰਨ ਦਾ ਦੋਸ਼ ਹੈ ।ਮਿਡਲਸੈਕਸ ਕਾਊਂਟੀ, ਨਿਊ ਜਰਸੀ ਦੇ ਵਕੀਲ ਦੇ ਦਫ਼ਤਰ, ਨਰਸਨ ਲਿੰਗਾਲਾ (54) ਅਤੇ ਸੈਂਡੀਆ ਰੈਡੀ 51 ਨੂੰ ਗ੍ਰਿਫਤਾਰ ਕਰ ਲਿਆ ਗਿਆ ਕਿਉਂਕਿ ਉਨ੍ਹਾਂ ਨੇ ਲਿੰਗਾਲਾ ਦੀ ਸਾਬਕਾ ਪਤਨੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦਾ ਨਾਂ ਨਹੀਂ ਦੱਸਿਆ ਗਿਆ, ਮਾਰਨ ਵਾਲਾ ਇਕ ਖੂਫੀਆ ਪੁਲਿਸ ਅਫ਼ਸਰ ਬਣ ਗਿਆ ਜਿਸ ਕਰਕੇ ਇਹ ਫੜੇ ਗਏ।ਲਿੰਗਾਲਾ ਅਤੇ ਰੈਡੀ ਨੂੰ ਪਹਿਲੇ ਡਿਗਰੀ ਦੀ ਕਤਲ ਅਤੇ ਕਤਲ ਕਰਨ ਦੀ ਸਾਜਿਸ਼ ਦਾ ਦੋਸ਼ ਲਗਾਇਆ ਗਿਆ ਹੈ, ਉਹ ਇਸ ਸਮੇ ਹਿਰਾਸਤ ਵਿੱਚ ਹਨ ਅਤੇ- ਸਥਾਨਕ ਮੀਡੀਆ ਅਨੁਸਾਰ - ਇਸਤਗਾਸਾ ਪੱਖ ਉਨ੍ਹਾਂ ਨੂੰ ਜਮਾਨਤ ਦੇ ਬਿਨਾਂ ਜੇਲ੍ਹ ਵਿੱਚ ਰੱਖਣ ਲਈ ਬਹਿਸ ਕਰੇਗਾ ਜਦੋਂ ਤੱਕ ਉਹਨਾਂ ਦੇ ਕੇਸਾਂ ਦਾ ਅੰਤ ਨਹੀ ਹੁੰਦਾ। ਤਿੰਨ ਮਹੀਨਿਆਂ ਦੀ ਜਾਂਚ ਤੋਂ ਬਾਅਦ ਇਹ ਜੋੜਾ ਗ੍ਰਿਫਤਾਰ ਕੀਤਾ ਗਿਆ ਸੀ।ਲਿੰਗਾਲਾ ਨੇ ਆਪਣੇ ਦੋ ਬੱਚਿਆਂ ਲਈ ਚਾਇਲਡ ਸਪੋਰਟ ਦੀ ਰਕਮ ਅਤੇ ਗੁਜਾਰਾ ਸਮੇਤ ਆਪਣੀ ਤਲਾਕ ਦੀ ਕਾਰਵਾਈ ਸ਼ੁਰੂ ਕਰਨ ਲਈ ਕਈ ਸਾਲ ਬਿਤਾਏ. ਮੁਲਜ਼ਿਮ ਦਾ ਕਥਿਤ ਤੌਰ 'ਤੇ ਘਰੇਲੂ ਹਿੰਸਾ ਦੀਆਂ ਘਟਨਾਵਾਂ ਦਾ ਪਿਛੋਕੜ ਹੈ। ਵੁਡਬਰਿਜ ਵਿਖੇ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਜਾਂਚਕਰਤਾ ਨੇ ਕਿਹਾ ਕਿ ਰੇਡੀ ਨੇ ਪੁਲਿਸ ਨੂੰ



ਵਿਡੀਓ ਤੇ ਬਿਆਨ ਦਿੱਤਾ ਸੀ, ਜਿਸ ਵਿਚ ਉਸ ਨੇ ਕਤਲ ਦੀ ਸਾਜ਼ਿਸ਼ ਬਾਰੇ ਆਪਣਾ ਗੁਨਾਹ ਮੰਨਿਆ। ਲਿੰਗਾਲਾ ਵੁਡਬ੍ਰਿਜ ਵਿਚ ਰਹਿੰਦਾ ਸੀ; ਉਹ ਅਤੇ ਰੈਡੀ ਹੁਣ ਨੋਬਜ਼ਵਿਲ, ਇੰਡੀਆਨਾ ਵਿਚ ਰਹਿੰਦੇ ਹਨ।ਇਕ ਪੁਰਾਣੇ ਮੁਕੱਦਮੇ ਤੋਂ ਪਤਾ ਲੱਗਦਾ ਹੈ ਕਿ ਲਿੰਗਾਲਾ ਨੇ 1995 ਵਿਚ ਸਰੋਜ ਅਲਕੰਤੀ ਨਾਲ ਵਿਆਹ ਕਰਵਾ ਲਿਆ ਸੀ, ਸਾਬਕਾ ਜੋੜੇ ਦਾ ਇਕ ਪੁੱਤਰ ਹੈ ਜੋ 21 ਸਾਲ ਦੀ ਉਮਰ ਦਾ ਹੈ ਅਤੇ 15 ਸਾਲ ਦੀ ਇਕ ਬੇਟੀ ਹੈ।

# ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ 'ਮੇਲਾ ਗਦਰੀ ਬਾਬਿਆਂ ਦਾ' 2 ਸਤੰਬਰ ਨੂੰ




ਫਾਇਲ ਚਿੱਤਰ

(ਸਫਾ 1 ਦੀ ਬਾਕੀ)

ਕਰਵਾਇਆ ਜਾਂਦਾ ਹੈ, ਜੋ ਹਰ ਸਾਲ ਵੱਖ-ਵੱਖ ਗਦਰੀ ਬਾਬਿਆਂ ਅਤੇ ਹੋਰ ਆਜ਼ਾਦੀ ਘੁਲਾਟੀਆਂ ਨੂੰ ਸਮਰਪਿਤ ਕੀਤਾ ਜਾਂਦ ਹੈ। ਸਾਲ 2018 ਦਾ 'ਮੇਲਾ ਗਦਰੀ ਬਾਬਿਆਂ ਦਾ' ਗਦਰ ਸੰਗਰਾਮ ਦੀ ਲਹੂ ਭਿੱਜੀ ਦਾਸਤਾਨ 'ਸਿੰਗਾਪੁਰ ਦੀ ਬਗਾਵਤ' ਨੂੰ ਸਮਰਪਿਤ ਹੋਵੇਗਾ।

ਆਰਗੇਨਾਈਜੇਸ਼ਨ ਦੇ ਪ੍ਰਧਾਨ ਸ੍ਰੀ ਸੁਰਿੰਦਰ ਸਿੰਘ ਬਿੰਦਰਾ ਤੇ ਸ੍ਰੀ ਕਸ਼ਮੀਰ ਸਿੰਘ ਕਾਂਗਣਾ ਨੇ 'ਦੇਸ਼ ਦੁਆਬਾ' ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਭਾਈਚਾਰੇ 'ਚ ਵਿਚਰਦਿਆਂ ਬੜਾ ਮਾਣ ਮਹਿਸੂਸ ਹੁੰਦਾ ਹੈ ਕਿ ਲੋਕਾਂ ਅੰਦਰ ਗਦਰੀ ਬਾਬਿਆਂ ਦੇ ਇਤਿਹਾਸ ਤੋਂ ਜਾਣੂ ਹੋਣ ਦੀ ਰੁਚੀ ਬਹੁਤ ਪ੍ਰਬੱਲ ਹੁੰਦੀ ਨਜ਼ਰ ਆਈ ਹੈ ਤੇ ਉਹਨਾਂ ਵਿਚ ਮੇਲੇ 'ਚ ਪਹੁੰਚਣ ਦੀ ਜੋ ਉਤਸੁਕਤਾ ਹੈ, ਬੜੀ ਕਾਬਲੇ-ਤਾਰੀਫ ਹੈ। ਉਹਨਾਂ ਕਿਹਾ ਕਿ ਆਰਗੇਨਾਈਜੇਸ਼ਨ ਦੇ ਪ੍ਰਬੰਧਕਾਂ ਦੀ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਹਰ ਮੇਲੇ 'ਚ ਕੁਝ ਨਾ ਕੁਝ ਪਹਿਲਾਂ ਨਾਲੋਂ ਵਧੇਰੇ ਜਾਣਕਾਰੀ ਨਾਲ ਦਰਸ਼ਕਾਂ ਦੀਆਂ ਉਮੀਦਾਂ 'ਤੇ ਪੂਰਾ ਉਤਰਿਆ ਜਾ ਸਕੇ।

ਸ੍ਰੀ ਬਿੰਦਰਾ ਨੇ ਕਿਹਾ ਕਿ ਮੈਂ ਸਮੂਹ ਪ੍ਰਬੰਧਕਾਂ ਦੇ ਵੱਲੋਂ ਸਾਰੇ ਦੇਸ਼ ਪ੍ਰੇਮੀਆਂ ਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ 2 ਸਤੰਬਰ ਦਿਨ ਐਤਵਾਰ ਨੂੰ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

# ਮਨਜੀਤ ਸਿੰਘ ਜੀ. ਕੇ. ਦਾ ਸੈਨਹੋਜੇ ਗੁਰਦੁਆਰਾ ਸਾਹਿਬ ਦਾ ਪ੍ਰੋਗਰਾਮ ਮੁਲਤਵੀ

**ਸੇਨਹੋਜੇ (ਹੁਸਨ ਲੜੋਆ ਬੰਗਾ)**– ਨਿਊਯਾਰਕ, ਕੈਲੇਫੋਰ-ਨੀਆ ਦੇ ਯੂਬਾ ਸਿਟੀ ਸ਼ਹਿਰ ਵਿਚ ਦਿੱਲੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਦੇ ਖ਼ਿਲਾਫ਼ ਹੋਏ ਮੁਜ਼ਾਹਰਿਆਂ ਤੇ ਧੱਕਾ ਮੁੱਕੀ ਕਰਕੇ ਜੋ ਸੈਨ ਹੋਜੇ ਗੁਰਦੁਆਰਾ ਸਾਹਿਬ 'ਚ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ, ਉਸਨੂੰ ਸਕਿਊਰਟੀ ਕਾਰਨ ਕਰਕੇ ਮੁਲਤਵੀ ਕਰ ਦਿੱਤਾ ਗਿਆ ਤੇ ਸੈਨਹੋਜੇ ਵਿਚ ਅਕਾਲੀ ਦਲ ਦੇ ਆਗੂ ਤੇ ਸੀਨੀਅਰ ਅਕਾਲੀ ਦਲ ਦੇ ਆਗੂ ਮਨਜੀਤ ਸਿੰਘ ਜੀ. ਕੇ. ਦੀ ਇੰਤਜ਼ਾਰ ਕਰਦੇ ਰਹੇ ਪਰ ਅਕਾਲੀ ਦਲ ਦਾ ਦੂਸਰਾ ਧੜਾ ਮਨਜੀਤ ਸਿੰਘ ਜੀ. ਕੇ. ਨੂੰ ਉਥੇ ਲੈ ਕੇ ਨਾ ਪੁੱਜਾ। ਉਥੇ ਪੁੱਜੇ ਕੁਝ ਅਕਾਲੀ ਆਗੂਆਂ 'ਚ ਜਿਹਨਾਂ 'ਚ ਰੌਣਕ ਸਿੰਘ, ਨੈਕਸਨ ਔਜਲਾ, ਪ੍ਰੀਤਮ ਸਿੰਘ ਗਰੇਵਾਲ, ਗੁਰਨਾਮ ਸਿੰਘ ਪੰਮਾ, ਸੁਖਵਿੰਦਰ ਸਿੰਘ ਆਦਿ ਨੇ ਕਿਹਾ ਕਿ ਪ੍ਰੋਗਰਾਮ ਦਾ ਰੱਦ ਹੋਣਾ ਮੰਦਭਾਗਾ ਹੈ ਤੇ ਉਹਨਾਂ ਲੀਡਰਾਂ ਨੂੰ ਵੀ ਸੋਚਣਾ ਚਾਹੀਦਾ ਹੈ ਜੋ ਉਸਨੂੰ ਨਾਲ ਲਈ ਫਿਰਦੇ ਹਨ। ਉਹਨਾਂ ਕਿਹਾ ਕਿ ਸਕਿਊਰਟੀ ਦਾ ਪੂਰਾ ਪ੍ਰਬੰਧ ਸੀ। ਉਕਤ ਸਭ ਲੀਡਰਾਂ ਨੇ ਯੂਬਾ ਸਿਟੀ ਵਿਖੇ ਵਾਪਰੀ ਘਟਨਾ ਦੀ ਨਿਖੇਧੀ ਕੀਤੀ। ਉਹਨਾਂ ਦੀ ਫੇਰੀ ਦਾ ਗੈਰ ਜ਼ਿੰਮੇਵਾਰੀ ਨਾਲ ਪ੍ਰਬੰਧ ਕੀਤਾ ਗਿਆ।



ਯੂ ਐਸ ਅਕਾਲੀ ਦਲ ਆਗੂ ਗੁਰਨਾਮ ਸਿੰਘ ਪੰਮਾਂ ਮਨਜੀਤ ਸਿੰਘ ਜੀ ਕੇ ਦੀ ਸੈਨਹੋਜੇ ਗੁਰੂ ਘਰ ਫੇਰੀ ਮੁਲਤਵੀ ਕਰਨ ਤੇ ਬਾਕੀ ਅਕਾਲੀ ਆਗੂਆਂ ਨਾਲ।

ਦੂਜੇ ਪਾਸੇ ਖਾਲਿਸਤਾਨੀ ਪੱਖੀਆਂ ਵੱਲੋਂ ਸੈਨਹੋਜੇ ਗੁਰਦੁਆਰਾ ਅੱਗੇ ਮੁਜ਼ਾਹਰਾ ਕੀਤਾ ਗਿਆ ਤੇ ਉਹਨਾਂ ਦੇ ਆਗੂਆਂ ਨੇ ਕਿਹਾ ਕਿ ਜੋ ਵੀ ਖਾਲਿਸਤਾਨ ਵਿਰੋਧੀ ਤੇ ਪੰਥਕ ਦੋਖੀ ਅਮਰੀਕਾ ਵਿਚ ਆਵੇਗਾ, ਉਸਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।

# 16 ਸਤੰਬਰ ਨੂੰ ਹੋਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਕੀਤਾ ਗਿਆ ਵਿਸ਼ਲੇਸ਼ਣ

## ਹਰ ਪਾਸਿਓਂ ਮਿਲ ਰਿਹਾ ਹੈ ਭਰਪੂਰ ਸਹਿਯੋਗ- ਮੱਖਣ ਬੈਂਸ

ਯੂਨੀਅਨ ਸਿਟੀ (ਬਿਓਰੋ)- ਇੱਥੇ ਰਾਜਾ ਸਵੀਟਸ ਵਿਖੇ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਦੀ ਇਕ ਅਹਿਮ ਮੀਟਿੰਗ ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ 16 ਸਤੰਬਰ, ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਵਿਖੇ ਕਰਵਾਏ ਜਾਣ ਵਾਲੇ 14ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਮੁੱਲਾਂਕਣ ਤੇ ਵਿਸ਼ਲੇਣ ਕੀਤਾ ਗਿਆ। ਸਾਰਿਆਂ ਨੇ ਜਿੱਥੇ ਸਪਾਂਸਰਾਂ, ਸਹਿਯੋਗੀਆਂ, ਸਮਾਜਿਕ ’ਤੇ ਖੇਡਾਂ ਲਈ ਸਰਗਰਮ ਜਥੇਬੰਦੀਆਂ ਵਲੋਂ ਮਿਲ ਰਹੇ ਭਰਪੂਰ ਸਹਿਯੋਗ ਲਈ ਸੰਤੁਸ਼ਟੀ ਜ਼ਾਹਿਰ ਕਰਦਿਆਂ ਧੰਨਵਾਦ ਕੀਤਾ ਉੱਥੇ ਇਸ ਕਬੱਡੀ ਕੱਪ ਦੀਆਂ ਰੌਣਕਾਂ ਪਿਛਲੇ ਸਾਲਾਂ ਨਾਲੋਂ ਵੀ ਕਿਤੇ ਜ਼ਿਆਦਾ ਵਧਣ ਦੀਆਂ ਸੰਭਾਵਨਾਵਾਂ ਤੇ ਖੁਸ਼ੀ ਵੀ ਜ਼ਾਹਿਰ ਕੀਤੀ ਗਈ। ਮੀਟਿੰਗ ’ਚ ਬੋਲਦਿਆਂ ਸ. ਬੈਂਸ ਨੇ ਕਿਹਾ ਕਿ ਉਹ ਪੰਜਾਬੀਆਂ ਦੇ ਇਸ ਖੇਡ ਮੇਲੇ ਨੂੰ ਕਾਮਯਾਬ ਕਰਨ ਲਈ ਦਿੱਤੀ ਜਾ ਰਹੀ ਹਰ ਤਰ੍ਹਾਂ ਦੀ ਮਦਦ ਨੂੰ ਕਦੇ ਭੁਲਾ ਹੀ ਨਹੀਂ ਸਕਣਗੇ। ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਹਨਾਂ ਦੇ ਪਰਿਵਾਰ ਦਾ ਕਬੱਡੀ ਨਾਲ ਹੀ ਮੋਹ ਨਹੀਂ ਰਿਹਾ ਸਗੋਂ ਪੰਜਾਬ ਦੀ ਜਵਾਨੀ ਲਈ ਚਿੰਤਾ ਵੀ ਕੀਤੀ ਜਾਂਦੀ ਰਹੀ ਹੈ। ਉਹ ਪੰਜਾਬ ਦੀਆਂ ਇਨ੍ਹਾਂ ਵਿਰାਸਤੀ ਖੇਡਾਂ ਨੂੰ ਜਿਉਂਦਾ ਰੱਖਣ ਲਈ ਅਮਰੀਕਾ ਦੀ ਧਰਤੀ ’ਤੇ ਪਿਛਲੇ ਲੰਬੇ ਅਰਸੇ ਤੋਂ ਨਿਮਾਣਾ ਜਿਹਾ ਯਤਨ ਕਰ ਰਹੇ ਹਨ ਪਰ ਸਮੁੱਚੇ ਭਾਈਚਾਰੇ ਵਲੋਂ ਮਿਲਦਾ ਸਹਿਯੋਗ ਉਨ੍ਹਾਂ ਦੇ ਹੌਂਸਲੇ ਨੂੰ ਹੋਰ ਬੁਲੰਦ ਕਰਦਾ ਜਾ ਰਿਹਾ ਹੈ। ਮੀਟਿੰਗ ਵਿਚ ਸ. ਅਮੋਲਕ ਸਿੰਘ ਗਾਖਲ ਦੀਆਂ ਕਬੱਡੀ ਕੱਪ ਦੀਆਂ ਸੇਵਾਵਾਂ ਲਈ ਪ੍ਰਸ਼ੰਸ਼ਾ ਵੀ ਕੀਤੀ ਗਈ। ਜ਼ਿਕਰਯੋਗ ਹੈ ਕਿ ਕਬੱਡੀ ਦੇ ਅਤਿਆਧੁਨਿਕ ਨਿਯਮਾਂ ਤਹਿਤ ਕਰਵਾਏ ਜਾਣ ਵਾਲੇ ਇਸ ਖੇਡ ਮੇਲੇ ਵਿਚ ਵਿਸ਼ਵ ਭਰ ਦੇ ਕੌਮਾਂਤਰੀ ਕਬੱਡੀ ਖਿਡਾਰੀ ਸ਼ਿਰਕਤ ਕਰ ਰਹੇ ਹਨ ਤੇ ਕਬੱਡੀ ਨੂੰ ਮਾਣ ਸਨਮਾਨ ਦੇਣ ਵਾਲੇ ਸਾਬਕਾ ਖਿਡਾਰੀਆਂ ਨੂੰ ਸਨਮਾਨਿਤ ਕੀਤੇ ਜਾਣ ਦਾ ਯੁਨਾਈਟਡ ਸਪੋਰਟਸ ਕਲੱਬ ਆਪਣਾ ਬਣਦਾ ਫਰਜ਼ ਵੀ ਪੂਰਾ ਕਰ ਰਿਹਾ ਹੈ। ਓਪਨ ਕਬੱਡੀ ਦੇ ਨਾਲ ਨਾਲ ਅੰਡਰ-25 ਉਮਰ ਵਰਗ ਵਿਚ ਵੀ ਨਾਮੀ ਖਿਡਾਰੀਆਂ ਦੀ 'ਕੌਡੀ-ਕੌਡੀ' ਇਸ ਵਾਰ ਵੀ ਕਮਾਲ ਦੀ ਵੇਖਣ ਨੂੰ ਮਿਲੇਗੀ। ਖਿਡਾਰੀਆਂ ਤੇ ਦੂਰ ਦੁਰਾਡਿਓਂ ਆਉਣ ਵਾਲੇ ਮਹਿਮਾਨਾਂ ਦੇ ਰਹਿਣ ਸਹਿਣ ਦਾ ਉਚੇਚਾ ਪ੍ਰਬੰਧ ਹੀ ਨਹੀਂ ਕੀਤਾ ਜਾ ਰਿਹਾ ਸਗੋਂ ਖੇਡ ਮੇਲੇ ਵਿਚ ਆਉਣ ਵਾਲੇ ਦਰਸ਼ਕਾਂ ਨੂੰ ਮੁਫਤ ਪਾਰਕਿੰਗ, ਮੁਫਤ ਦਾਖਲਾ, ਲੰਗਰ, ਪਾਣੀ ਤੇ ਜੂਸ ਦੀਆਂ ਛਬੀਲਾਂ ਤੇ ਸੁਰੱਖਿਆ ਪੱਖੋਂ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ। ਖੇਡ ਮੇਲੇ ਦੇ ਤਕਨੀਕੀ ਪ੍ਰਬੰਧ ਦੇਖ ਰਹੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਇਸ ਵਾਰ ਵੀ ਦਰਸ਼ਕਾਂ ਨੂੰ ਇਕ ਅਜਿਹੀ ਕਬੱਡੀ ਦੀ ਝਲਕ ਦੇਖਣ ਨੂੰ ਮਿਲੇਗੀ ਜੋ ਉਨ੍ਹਾਂ ਨੂੰ ਧੁਰ ਅੰਦਰ ਤੱਕ ਸੁਆਦ ਲਿਆ ਦੇਵੇਗੀ। ਨਾਮੀ ਕਬੱਡੀ ਖਿਡਾਰੀ ਰਹੇ ਮੱਖਣ ਸਿੰਘ ਧਾਲੀਵਾਲ ਨੇ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ ਵਲੋਂ ਕਬੱਡੀ ਦੇ ਖੇਤਰ ਵਿਚ ਸਿਰਜਿਆ ਗਿਆ ਨਵਾਂ ਇਤਿਹਾਸ ਆਉਣ ਵਾਲੀਆਂ ਪੰਜਾਬੀ ਨਸਲਾਂ ਲਈ ਇਕ ਉਦਾਹਰਣ ਬਣੇਗੀ। ਸਾਰੀਆਂ ਕਲੱਬਾਂ ਵਲੋਂ ਨਾਮੀ ਖਿਡਾਰੀਆਂ ਨੂੰ ਹੀ ਸ਼ਾਮਿਲ ਨਹੀਂ ਕੀਤਾ ਗਿਆ ਸਗੋਂ ਅਜਿਹਾ ਸੰਤੁਲਨ ਵੀ ਕਾਇਮ ਰੱਖਿਆ ਗਿਆ ਹੈ ਕਿ ਸਾਰੇ ਦੇ ਸਾਰੇ ਮੁਕਾਬਲੇ ਹੀ ਦਰਸ਼ਕਾਂ ਨੂੰ ਫਾਈਨਲ ਮੈਚ ਵਰਗੇ ਲੱਗਣ। ਇਸ ਮੀਟਿੰਗ ’ਚ ਬਲਵੀਰ ਸਿੰਘ ਭਾਟੀਆ, ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਇੰਦਰਜੀਤ ਸਿੰਘ ਥਿੰਦ, ਐੱਸ.ਅਸ਼ੋਕ ਭੌਰਾ, ਗਿਆਨੀ ਰਵਿੰਦਰ ਸਿੰਘ ਆਦਿ ਹਾਜ਼ਰ ਸਨ। ਹੋਰ ਜਾਣਕਾਰੀ ਲਈ ਫੋਨ ਨੰਬਰ 510-415-3315 ’ਤੇ ਕਾਲ ਕੀਤੀ ਜਾ ਸਕਦੀ ਹੈ।


ਮੱਖਣ ਸਿੰਘ ਬੈਂਸ


ਇਕਬਾਲ ਸਿੰਘ ਗਾਖਲ


ਮੱਖਣ ਸਿੰਘ ਧਾਲੀਵਾਲ


ਤੀਰਥ ਸਿੰਘ ਗਾਖਲ

# 14ਵੇਂ ਵਿਸ਼ਵ ਕਬੱਡੀ ਕੱਪ ’ਚ ਭਾਗ ਲੈਣ ਵਾਲੀਆਂ ਕਬੱਡੀ ਕਲੱਬਾਂ

## 16 ਸਤੰਬਰ ਨੂੰ ਯੂਨੀਅਨ ਸਿਟੀ ਕੈਲੀਫੋਰਨੀਆਂ ’ਚ ਚੜ੍ਹੇਗਾ ਕਬੱਡੀ ਦਾ ਨਵਾਂ ਸੂਰਜ


ਬਲਜੀਤ ਸਿੰਘ ਸੰਧੂ
(ਬੇਏਰੀਆ ਸਪੋਰਟਸ ਕਲੱਬ)



ਪੰਮਾ ਦਿਓਲ ਤੇ ਸੇਵਾ ਸਿੰਘ ਰੰਧਾਵਾ
(ਕੈਨੇਡਾ ਕਬੱਡੀ ਕਲੱਬ)


ਸ਼ੱਬਾ ਥਿਆੜਾ
(ਰਾਇਲ ਕਿੰਗਜ਼ ਯੂ.ਐੱਸ.ਏ)


ਤਰਲੋਚਨ ਸਿੰਘ ਲੱਛਰ
(ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ)



ਤਾਰੀ ਤੇ ਵਿੱਕੀ ਸੰਮੀਪੁਰੀਆ (ਮਿੱਡ ਵੈਸਟ ਕਬੱਡੀ ਕਲੱਬ)

**ਐੱਸ ਅਸ਼ੋਕ ਭੌਰਾ**

ਪਿਛਲੇ ਕਰੀਬ ਡੇਢ ਦਹਾਕੇ ਤੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਵਿਸ਼ਵ ਪੱਧਰ ’ਤੇ ਮੁੜ ਉਤਸ਼ਾਹਿਤ ਕਰਨ ਅਤੇ ਨਵੀਆਂ ਲੀਹਾਂ ਪਾਉਣ ਲਈ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਸ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਲਗਾਤਾਰ ਕਬੱਡੀ ਦੇ ਮਹਾਂਕੁੰਭ ਕਰਵਾਉਂਦਾ ਆ ਰਿਹਾ ਹੈ। ਇਸ ਵਾਰ 14ਵਾਂ ਵਿਸ਼ਵ ਕਬੱਡੀ ਕੱਪ 16 ਸਤੰਬਰ ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਪਹਿਲਾਂ ਨਾਲੋਂ ਵੀ ਦੂਣੇ ਚੌਗੁਣੇ ਚਾਅ ਨਾਲ ਅਯੋਜਤ ਕਰਨ ਲਈ ਸਰਗਰਮੀਆਂ ਲਗਾਤਾਰ ਜਾਰੀ ਹਨ। ਕਲੱਬ ਦੇ ਮੁੱਖ ਸਰਪ੍ਰਸਤ ਅਮੋਲਕ ਸਿੰਘ ਗਾਖਲ ਅਨੁਸਾਰ ਕਲੱਬ ਵਲੋਂ ਆਪਣੀਆਂ ਵੱਖਰੀਆਂ ਟੀਮਾਂ ਤਿਆਰ ਕਰਕੇ ਵੀ ਵੱਡੀਆਂ ਪ੍ਰਾਪਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਪਰ ਇਨ੍ਹਾਂ ਵਿਸ਼ਵ ਕਬੱਡੀ ਕੱਪਾਂ ਵਿਚ ਕੌਮਾਂਤਰੀ ਪੰਜਾਬੀ ਕਬੱਡੀ ਖਿਡਾਰੀਆਂ ਨੂੰ ਇਕ ਮੰਚ ਦੇ ਕੇ ਲੱਖਾਂ ਦਰਸ਼ਕਾਂ ਦਾ ਕਬੱਡੀ ਨਾਲ ਜੁੜਿਆ ਹੋਇਆ ਚਾਅ ਵੀ ਪੂਰਾ ਕੀਤਾ ਜਾਂਦਾ ਰਿਹਾ ਹੈ। ਚੇਅਰਮੈਨ ਮੱਖਣ ਸਿੰਘ ਬੈਂਸ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ, ਵਿੱਤ ਸਕੱਤਰ ਜੁਗਰਾਜ ਸਹੋਤਾ ਅਤੇ ਨਰਿੰਦਰ ਸਹੋਤਾ ਅਨੁਸਾਰ ਇਸ ਸਾਰੇ ਕਲੱਬ ਦੀ ਛੇਆਂ ਮਹੀਨਿਆਂ ਦੀ ਨੱਠ ਭੱਜ ਅਤੇ ਲਗਨ ਦਾ ਸਿੱਟਾ ਹੈ ਕਿ ਇਹ ਮੇਲਾ ਵੀ ਨਵੀਆਂ ਪ੍ਰਾਪਤੀਆਂ ਅਤੇ ਨਵੇਂ ਅੰਕੜੇ ਕਬੱਡੀ ਇਤਿਹਾਸ ਦੀ ਝੋਲੀ ਪਾਏਗਾ। ਪਹਿਲੀ ਵਾਰ ਹੈ ਜਦੋਂ ਕਲੱਬ ਵਲੋਂ ਆਪਣੀ ਟੀਮ ਖਿਡਾਉਣ ਦੀ ਬਜਾਏ ਬਾਕੀ ਕਲੱਬਾਂ ਨੂੰ ਆਪਣੇ ਖਿਡਾਰੀਆਂ ਜਰੀਏ ਕਬੱਡੀ ਦੀਆਂ ਨਵੀਆਂ ਪੈੜਾਂ ਪਾਉਣ ਦਾ ਖੁੱਲ੍ਹਾ ਮੈਦਾਨ ਦਿੱਤਾ ਜਾ ਰਿਹਾ ਹੈ। ਇਸ ਵਾਰ ਇਸ ਖੇਡ ਮੇਲੇ ਦਾ ਮਹੱਤਵਪੂਰਨ ਹਿੱਸਾ ਬਣਨ ਵਾਲੀਆਂ ਕਲੱਬਾਂ ਬਾਰੇ ਸੰਖੇਪ ’ਚ ਚਰਚਾ ਕਰਦੇ ਹਾਂ:

ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ: ਇਸ ਗੱਲ ਨੂੰ ਕਬੱਡੀ ਇਤਿਹਾਸ ਦੁਹਰਾਉਂਦਾ ਰਹੇਗਾ ਕਿ ਕਿਸੇ ਵੇਲੇ ਲੱਛਰ ਭਰਾਵਾਂ, ਤਰਲੋਚਨ ਲੱਛਰ, ਕੁਲਵੰਤ ਸਿੰਘ ਲੱਛਰ ਅਤੇ ਜਸਵਿੰਦਰ ਸਿੰਘ ਲੱਛਰ ਦੀ ਕਬੱਡੀ ਦੇ ਖੇਤਰ ਵਿਚ ਤੂਤੀ ਬੋਲਦੀ ਸੀ ਤੇ ਇਕ ਤਰ੍ਹਾਂ ਨਾਲ ਲੱਛਰ ਭਰਾ ਕਬੱਡੀ ਦਾ ਟਰੇਡ ਮਾਰਕ ਵੀ ਸਨ। ਇਹ ਉਹੀ ਲੱਛਰ ਭਰਾ ਹਨ ਜਿਹਨਾਂ ਨੇ ਕਨੇਡਾ ’ਚ ਸ਼ੁਰੂ ਹੋਇਆ ਟੋਰਾਂਟੋ ਵਿਸ਼ਵ ਕੱਪ 1991, 92 ਅਤੇ 93 ਲਗਾਤਾਰ ਤਿੰਨ ਵਾਰ ਜਿੱਤ ਕੇ ਕਬੱਡੀ ਦੇ ਇਤਿਹਾਸ ਵਿਚ ਇਕ ਜ਼ਿਕਰਯੋਗ ਪੈੜ ਹੀ ਨਹੀਂ ਸੀ ਪਾਈ ਸੀ ਸਗੋਂ ਬਲਵਿੰਦਰ ਫਿੱਡੂ, ਮੰਗੀ ਸੁਰਖਪੁਰੀਆ, ਮੇਜਰ ਸਿੰਘ ਗਾਖਲ, ਨੇਕੀ ਸਿੱਧੂ, ਛੱਬਾ ਆਦਿ ਕਬੱਡੀ ਦੇ ਧਰੂ ਤਾਰੇ ਲੱਛਰ ਭਰਾਵਾਂ ਦੀ ਦੇਣ ਹਨ। ਡੀ.ਏ.ਵੀ ਕਾਲਜ ਜਲੰਧਰ ’ਚ ਕਬੱਡੀ ਦੀ ਅਕੈਡਮੀ ਚਲਾਉਣ ਵਾਲੇ ਇਹ ਲੱਛਰ ਭਰਾ ਕੁਝ ਵਰ੍ਹਿਆਂ ਪਿੱਛੋਂ ਫਿਰ ਤੋਂ ਕਬੱਡੀ ਦੇ ਖੇਤਰ ਵਿਚ ਪਹਿਲਾਂ ਨਾਲੋਂ ਵੀ ਵੱਧ ਉਤਸ਼ਾਹ ਨਾਲ ਪ੍ਰਵੇਸ਼ ਕਰ ਰਹੇ ਹਨ ਤੇ ਤਰਲੋਚਨ ਸਿੰਘ ਲੱਛਰ ਦਾ ਦਾਅਵਾ ਹੈ ਕਿ ਉਹ ਜੇਤੂ ਟੀਮ ਲੈ ਕੇ ਆ ਰਹੇ ਹਨ। ਇਸ ਵਾਰ 14ਵਾਂ ਵਿਸ਼ਵ ਕੱਪ ਜਿੱਤ ਕੇ ਲੈਜਾਣ ਦਾ ਵੀ ਦਾਅਵਾ ਕੀਤਾ ਹੈ।

ਬੇਏਰੀਆ ਸਪੋਰਟਸ ਕਲੱਬ: 2007 ਵਿਚ ਰੁੜਕਾ ਕਲਾਂ (ਜਲੰਧਰ) ਵਾਲੇ ਸੰਧੂ ਭਰਾਵਾਂ ਸੁਰਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ ਅਤੇ ਬਲਜੀਤ ਸਿੰਘ ਸੰਧੂ ਨੇ ਬੇਏਰੀਆ ਸਪੋਰਟਸ ਕਲੱਬ ਦਾ ਗਠਨ ਕੀਤਾ ਸੀ ਜਿਸ ਨੂੰ ਦਿਲਬਾਗ ਸਿੰਘ ਸੰਧੂ ਦੀ ਸਰਪ੍ਰਸਤੀ ਹੁਣ ਤੱਕ ਹਾਸਲ ਹੈ। ਇਸ ਕਲੱਬ ਨੇ ਹੁਣ ਤੱਕ 13 ਵਿਸ਼ਵ ਕਬੱਡੀ ਕੱਪ ਹੀ ਜਿੱਤ ਕੇ ਨਹੀਂ ਲਿਆਂਦੇ ਬਲਕਿ ਅੱਜ ਦੇ ਕਈ ਕਬੱਡੀ ਸੁਪਰ ਸਟਾਰ ਖਿਡਾਰੀ ਜਾਂ ਤਾਂ ਇਸ ਕਲੱਬ ਨੇ ਪੁੱਤਾਂ ਵਾਂਗ ਪਾਲੇ ਹਨ ਜਾਂ ਉਹਨਾਂ ਨੂੰ ਵਿਸ਼ਵ ਪੱਧਰ ’ਤੇ ਮੈਚ ਖੇਡਣ ਲਈ ਇਕ ਜੇਤੂ ਮੰਚ ਲੈ ਕੇ ਦਿੱਤਾ ਹੈ। ਇਸ ਵੇਲੇ ਸੰਦੀਪ ਸੰਧੂ ਇਸ ਕਲੱਬ ਦੀ ਟੀਮ ਦਾ ਕਪਤਾਨ ਹੈ ਅਤੇ ਗਾਖਲਾਂ ਦਾ ਭਾਣਜਾ ਤੀਰਥ ਸਿੰਘ ਗਾਖਲ ਬੇਏਰੀਆ ਸਪੋਰਟਸ ਕਲੱਬ ਨੂੰ ਵੀ ਗਾਹੇ ਬਗਾਹੇ ਕਬੱਡੀ ਦੀਆਂ ਤਕਨੀਕੀ ਲੀਹਾਂ ਦੇਂਦਾ ਰਿਹਾ ਹੈ। ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਬੇਏਰੀਆ ਸਪੋਰਟਸ ਕਲੱਬ ਦੀ ਟੀਮ ਯੁਨਾਈਟਡ ਸਪੋਰਟਸ ਕਲੱਬ ਦਾ ਵਿਸ਼ਵ ਕੱਪ ਜਿੱਤਣ ਦਾ ਮਾਣ ਹਾਸਲ ਕਰਦੀ ਆ ਰਹੀ ਹੈ। ਇਸ ਵਾਰ ਵੀ ਸੰਧੂ ਭਰਾਵਾਂ ਨੇ ਵਿਸ਼ਵ ਕੱਪ ਨੂੰ ਜਿੱਤਣ ਦਾ ਦਾਅਵਾ ਕੀਤਾ ਹੈ।

ਰਾਇਲ ਕਿੰਗ ਯੂ.ਐੱਸ.ਏ. ਯੂਬਾਸਿਟੀ: ਪੰਜਾਬ ਕਬੱਡੀ ਲੀਗ ’ਚ ਵੱਡੀ ਹਿਸੇਦਾਰੀ ਕਰਨ ਵਾਲੇ ਸਰਬਜੀਤ ਸਿੰਘ ਥਿਆੜਾ ਜਿਸ ਨੂੰ ਪੰਜਾਬੀ ਭਾਈਚਾਰੇ ਵਿਚ ਛੱਬਾ ਥਿਆੜਾ ਕਰਕੇ ਜਾਣਿਆ ਜਾਂਦਾ ਹੈ ਦੀ ਰਾਇਲ ਕਿੰਗ ਯੂ.ਐੱਸ.ਏ ਟੀਮ ਯੂਨਾਈਟਡ ਸਪੋਰਟਸ ਕਲੱਬ ਦੇ ਵਿਸ਼ਵ ਕੱਪ ਵਿਚ ਪੂਰੇ ਧੜੱਲੇ ਨਾਲ ਭਾਗ ਲੈਣ ਜਾ ਰਹੀ ਹੈ। ਇਕ ਸਫਲ ਫਾਰਮਰ ਮੰਨੇ ਜਾਂਦੇ ਸਰਬਜੀਤ ਥਿਆੜਾ ਦੀ ਮਾਂ ਖੇਡ ਕਬੱਡੀ ਨਾਲ ਗੂੜ੍ਹੀ ਸਾਂਝ ਹੈ ਅਤੇ ਉਹ ਪਿਛਲੇ ਕਈ ਵਰ੍ਹਿਆਂ ਤੋਂ ਯੂਬਾ ਸਿਟੀ ਵਿਚ ਕਬੱਡੀ ਦਾ ਵੱਡਾ ਕੱਪ ਵੀ ਕਰਵਾਉਂਦੇ ਆ ਰਹੇ ਹਨ। ਪੰਜਾਬ ਵਿਚ ਨੌਰਥ ਇੰਡੀਆ ਫੈਡਰੇਸ਼ਨ ਵਲੋਂ ਕਰਵਾਏ ਜਾਂਦੇ ਟੂਰਨਾਮੈਂਟਾਂ ਵਿਚ ਸਭ ਤੋਂ ਵੱਧ ਮੈਚ ਜਿੱਤ ਕੇ ਰਾਇਲ ਕਿੰਗਜ਼ ਯੂ.ਐੱਸ.ਏ ਸਾਲ 2018 ਦੀ ਨੰਬਰ ਟੀਮ ਬਣ ਚੁੱਕੀ ਹੈ। ਸੁਰਜੀਤ ਸਿੰਘ ਟੁੱਟ, ਕਮਲਜੀਤ ਹੇਅਰ ਅਤੇ ਛੱਬਾ ਥਿਆੜਾ ਦੀ ਟੀਮ ਪੰਜਾਬ ਵਿਚ ਹੋਈ ਕਬੱਡੀ ਲੀਗ ’ਚ ਦੋ ਵਾਰ ਮਹੱਤਵਪੂਰਨ ਰੋਲ ਯੋਗਦਾਨ ਪਾ ਚੁੱਕੀ ਹੈ। ਛੱਬਾ ਥਿਆੜਾ ਮੂਲ ਰੂਪ ਵਿਚ ਖੇਡਾਂ ਨੂੰ ਸਮਰਪਿਤ ਹੈ ਤੇ 14ਵੇਂ ਵਿਸ਼ਵ ਕੱਪ ਨੂੰ ਜਿੱਤਣ ਦਾ ਦਾਅਵਾ ਰਾਇਲ ਟੀਮ ਕਿੰਗ ਯੂ.ਐੱਸ.ਏ ਦੀ ਟੀਮ ਵੀ ਕਰ ਰਹੀ ਹੈ।

ਮਿੱਡ ਵੈਸਟ ਕਬੱਡੀ ਕਲੱਬ: ਕਬੱਡੀ ਨਾਲ ਹੇਜ ਰੱਖਣ ਵਾਲੇ ਤਾਰੀ ਅਤੇ ਵਿੱਕੀ ਸੰਮੀਪੁਰੀਆ ਕੈਲੇਫੋਰਨੀਆਂ ਲੰਬਾ ਸਮਾਂ ਵਸ ਕੇ ਸ਼ਿਕਾਗੋ ਚਲੇ ਗਏ ਹਨ ਪਰ ਕੈਲੇਫੋਰਨੀਆਂ ’ਚ ਰਹਿੰਦਿਆਂ ਉਨ੍ਹਾਂ ਕਬੱਡੀ ਨੂੰ ਵੱਖ ਵੱਖ ਤਰੀਕਿਆਂ ਨਾਲ ਹਮੇਸ਼ਾ ਪ੍ਰੋਮੋਟ ਕਰਨ ਦਾ ਯਤਨ ਕੀਤਾ ਹੈ। ਉਹ ਲਗਾਤਾਰ ਕਬੱਡੀ ਟੀਮਾਂ ਬਣਾਉਂਣ ਹੀ ਨਹੀ ਆਏ ਸਗੋਂ ਚੰਗੇ ਖਿਡਾਰੀਆਂ ਨੂੰ ਇਕ ਬਿਹਤਰੀਨ ਮਹੌਲ ਪੈਦਾ ਕਰਕੇ ਦੇਣ ਦੇ ਯਤਨਾਂ ’ਚ ਵੀ ਲੱਗੇ ਰਹੇ ਹਨ ਤੇ ਕਬੱਡੀ ’ਚ ਖਿਡਾਰੀਆਂ ਦਾ ਜਿਹੜਾ ਲੱਖਾਂ ਰੁਪਏ ਮੁੱਲ ਪਿਆ ਹੈ ਇਸ ਮਾਣ ’ਚ ਤਾਰੀ ਤੇ ਵਿੱਕੀ ਦਾ ਵੀ ਵੱਡਾ ਯੋਗਦਾਨ ਹੈ। ਫਖ਼ਰ ਵਾਲੀ ਗੱਲ ਇਹ ਹੈ ਕਿ ਮਿਡ ਵੈਸਟ ਤੋਂ ਕੈਲੇਫੋਰਨੀਆਂ 16 ਸਤੰਬਰ ਦੇ ਵਿਸ਼ਵ ਕਬੱਡ ਕੱਪ ’ਚ ਤਾਰੀ ਅਤੇ ਵਿੱਕੀ ਦੀ ਟੀਮ ਜਿੱਤ ਪ੍ਰਾਪਤ ਲਈ ਉੱਤਰੇਗੀ ਤੇ ਦੋਹਾਂ ਨੇ ਵਾਅਦਾ ਕੀਤਾ ਹੈ ਕਿ ਉਹ ਦਰਸ਼ਕਾਂ ਨੂੰ ਬਿਹਤਰੀਨ ਕਬੱਡੀ ਦੇ ਰੰਗ ਦਿਖਾਉਣ ਲਈ ਵਚਨਬੱਧ ਹੋਣਗੇ।

ਕੈਨੇਡਾ ਕਬੱਡੀ ਕਲੱਬ: ਸੇਵਾ ਸਿੰਘ ਰੰਧਾਵਾ ਅਤੇ ਪੰਮਾ ਦਿਓਲ ਨੂੰ ਕਬੱਡੀ ਦੇ ਸ਼ੁਦਾਈ ਤੇ ਪਹਿਰੇਦਾਰ ਮੰਨਿਆ ਜਾਂਦਾ ਰਿਹਾ ਹੈ। ਇਹ ਦੋਵੇਂ 1991 ਤੋਂ ਕੈਨੇਡਾ ’ਚ ਹੋਣ ਵਾਲੇ ਕਬੱਡੀ ਕੱਪਾਂ ਨਾਲ ਜੁੜੇ ਰਹੇ ਹਨ। ਦੋਹਾਂ ਨੇ ਬਿਹਤਰੀਨ ਖਿਡਾਰੀਆਂ ਨੂੰ ਆਪਣੇ ਯਤਨਾਂ ਨਾਲ ਇੰਡੀਆ ਤੋਂ ਲਿਆ ਕੇ ਵੱਡੇ ਖੇਡ ਮੇਲਿਆਂ ਦਾ ਹਿੱਸਾ ਹੀ ਨਹੀਂ ਬਣਾਇਆ ਸਗੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਨਵਾਂ ਅਧਿਆਇ ਵੀ ਜੋੜਿਆ ਹੈ। ਜ਼ਿਕਰਯੋਗ ਹੈ ਕਿ ਸੇਵਾ ਸਿੰਘ ਰੰਧਾਵਾ ਗਾਖਲ ਭਰਾਵਾਂ ਦੇ ਨਜ਼ਦੀਕੀ ਰਿਸ਼ਤੇਦਾਰ ਹਨ ਅਤੇ ਉਹ ਉਂਝ ਵੀ ਯੂਨਾਈਟਡ ਸਪੋਰਟਸ ਕਲੱਬ ਦੇ ਸਾਰੇ ਖੇਡ ਮੇਲਿਆਂ ਨਾਲ ਨੇੜੇ ਤੋਂ ਜੁੜੇ ਰਹੇ ਹਨ। ਕਬੱਡੀ ਦੀਆਂ ਪੁਰਾਣੀਆਂ ਬਰੀਕੀਆਂ ਅਤੇ ਨਵੀਆਂ ਤਕਨੀਕਾਂ ਰੰਧਾਵਾ ਅਤੇ ਪੰਮਾ ਦਿਓਲ ਨੇ ਆਪਣੀ ਟੀਮ ਨੂੰ ਸਿਖਾਈਆਂ ਹੀਂ ਸਗੋਂ ਬਹੁਤ ਸਾਰੇ ਖੇਡ ਮੇਲਿਆਂ ਵਿਚ ਜਿੱਤ ਦੇ ਝੰਡੇ ਬੁਲੰਦ ਕੀਤੇ ਹਨ। ਕੈਨੇਡਾ ਦੀ ਟੀਮ ਇਸ ਚੌਧਵੇਂ ਵਿਸ਼ਵ ਕਬੱਡੀ ਕੱਪ ਵਿਚ ਵਿਸ਼ੇਸ਼ ਆਕਰਸ਼ਣ ਬਣੀ ਰਹੇਗੀ ਤੇ ਰੰਧਾਵਾ ਤੇ ਦਿਓਲ ਜਿੱਤ ਦੀ ਆਸ ਨਾਲ ਕੈਨੇਡਾ ਤੋਂ ਇਸ ਵਾਰ ਦਾਅਵੇਦਾਰ ਬਣਨਗੇ।

ਸਾਰੀਆਂ ਹੀ ਕਲੱਬਾਂ ਨੇ 14ਵੇਂ ਵਿਸ਼ਵ ਕਬੱਡੀ ਕੱਪ ਦੇ ਹਰ ਪਲ ਨੂੰ ਮਾਨਣ ਵਾਸਤੇ 16 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

ਦੇਸ਼ ਦੁਆਬਾ

# ਨਸ਼ਿਆਂ ਵਿਰੁੱਧ ਸਿਆਸੀ ਇੱਕਜੁਟਤਾ

ਕਾਫੀ ਸਮੇਂ ਤੋਂ ਪੰਜਾਬ ਵਿਚ ਨਸ਼ਿਆਂ ਦਾ ਮਸਲਾ ਇਕ ਗੰਭੀਰ ਮਸਲਾ ਬਣਿਆ ਹੋਇਆ ਹੈ। ਹਰ ਰੋਜ਼ ਕਿਤਿਉਂ ਨਾ ਕਿਤਿਉਂ ਕਿਸੇ ਨਾ ਕਿਸੇ ਨੌਜਵਾਨ ਦੇ ਮਰਨ ਦੀਆਂ ਖਬਰਾਂ ਆ ਰਹੀਆਂ ਹਨ। ਇਸ ਸਮੱਸਿਆ ਦੇ ਕਾਰਨ ਪੰਜਾਬ ਵਿਚ ਰਾਜਨੀਤੀ ਵੀ ਹੁੰਦੀ ਆ ਰਹੀ ਹੈ। ਸਾਰੀਆਂ ਸਰਕਾਰਾਂ ਇਸ ਸਮੱਸਿਆ ਨਾਲ ਨਜਿੱਠਣ ਲਈ ਪੂਰਾ ਵਾਹ ਲਗਾ ਰਹੀਆਂ ਹਨ ਪਰ ਇਸਦੇ ਬਾਵਜੂਦ ਇਹ ਸਮੱਸਿਆ ਹੱਲ ਨਹੀਂ ਹੋ ਰਹੀ। ਹੁਣ ਪੰਜਾਬ ਸਰਕਾਰ ਨੇ ਇਕ ਨਵੀਂ ਪਹਿਲਾ ਕਰਦਿਆਂ ਗੁਆਂਢੀ ਰਾਜਾਂ ਦੇ ਨਾਲ ਮਿਲ ਕੇ ਇਸ ਸਮੱਸਿਆ ਦਾ ਹੱਲ ਕੱਢਣ ਦੀ ਤਿਆਰੀ ਕੀਤੀ ਹੈ। ਵੱਖ-ਵੱਖ ਸੂਬਿਆਂ ਨੂੰ ਇਕ ਮੰਚ ਤੇ ਇਕੱਠਾ ਕੀਤਾ ਗਿਆ ਹੈ। ਸਿਆਸਤ ਤੋਂ ਉਪਰ ਉੱਠ ਕੇ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਰਾਜਸਥਾਨ ਨੇ ਨਸ਼ਿਆਂ ਦੇ ਖਿਲਾਫ ਸਾਂਝੀ ਮੁਹਿੰਮ ਆਰੰਭ ਕਰ ਦਿੱਤੀ ਹੈ। ਨਸ਼ਿਆਂ ਦੇ ਸਮਗਲਰਾਂ ਵਿਰੁੱਧ ਕਾਰਵਾਈ ਤੇਜ਼ ਕਰਦਿਆਂ ਸੂਚਨਾਵਾਂ ਦਾ ਆਦਾਨ ਪ੍ਰਦਾਨ ਕਰਨ ਤੋਂ ਇਲਾਵਾ ਇਕ ਸੂਬੇ ਦੀ ਸੂਹ ਤੇ ਦੂਜੇ ਸੂਬੇ ਵਿਚ ਕਾਰਵਾਈ ਕਰਨ ਲਈ ਸਹਿਮਤੀ ਬਣ ਗਈ ਹੈ। ਇਸ ਸਬੰਧੀ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਹਾਲ ਹੀ ਵਿਚ ਇਕ ਬੈਠਕ ਵੀ ਹੋਈ ਹੈ। ਇਸਦੇ ਨਤੀਜੇ ਕਿੰਨੇ ਕੁ ਸਕਾਰਾਤਮਕ ਨਿਕਲਣਗੇ, ਇਹ ਤਾਂ ਫਿਲਹਾਲ ਨਹੀਂ ਕਿਹਾ ਜਾ ਸਕਦਾ ਪਰ ਪੰਜਾਬ ਲਈ ਇਹ ਇਕ ਚੰਗੀ ਪਹਿਲ ਹੈ। ਪੰਜਾਬ ਵਿਚ ਨਸ਼ਾ ਜ਼ਿਆਦਾਤਰ ਗੁਆਂਢੀ ਸੂਬਿਆਂ ਅਤੇ ਸਰਹੱਦ ਪਾਰ ਤੋਂ ਆਉਂਦਾ ਹੈ। ਨਸ਼ਿਆਂ ਦੇ ਸਮਗਲਰ ਦੂਜੇ ਸੂਬਿਆਂ ਤੋਂ ਨਸ਼ਾ ਲਿਆ ਕੇ ਪੰਜਾਬ ਵਿਚ ਵੇਚਦੇ ਹਨ। ਇਹ ਸਮੱਸਿਆ ਸਿਰਫ ਪੰਜਾਬ ਵਿਚ ਨਹੀਂ ਬਲਕਿ ਬਾਕੀ ਸੂਬਿਆਂ ਵਿਚ ਵੀ ਹੈ ਪਰ ਪੰਜਾਬ ਵਿਚ ਇਹ ਸਮੱਸਿਆ ਭਿਆਨਕ ਰੂਪ ਲੈ ਚੁੱਕੀ ਹੈ। ਪਿੰਡਾਂ, ਸ਼ਹਿਰਾਂ ਵਿਚ ਨਸ਼ਿਆਂ ਦੇ ਸਮਗਲਰਾਂ ਦਾ ਜਾਲ ਵਿਛਿਆ ਪਿਆ ਹੈ, ਜੋ ਪਕੜੇ ਜਾਣ ਦੇ ਡਰ ਤੋਂ ਦੂਜੇ ਸੂਬਿਆਂ ਵਿਚ ਪਹੁੰਚ ਜਾਂਦੇ ਹਨ ਅਤੇ ਲੁਕ ਜਾਂਦੇ ਹਨ। ਨਵੀਂ ਪਹਿਲ ਇਸ ਦਿਸ਼ਾ ਵਿਚ ਚੁੱਕਿਆ ਗਿਆ ਸਹੀ ਕਦਮ ਹੈ ਕਿਉਂਕਿ ਹੁਣ ਸਾਰੀਆਂ ਰਾਜ ਸਰਕਾਰਾਂ ਇੱਕਜੁਟ ਹੋ ਕੇ ਨਸ਼ਿਆਂ ਦੇ ਸਮਗਲਰਾਂ ਨੂੰ ਪਕੜਨਗੀਆਂ ਤਾਂ ਸਮਗਲਰਾਂ ਨੂੰ ਲੁਕਣ ਲਈ ਥਾਂ ਨਹੀਂ ਮਿਲੇਗੀ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਹਰ ਸੂਬੇ ਵਿਚ ਡੀ. ਜੀ. ਪੀ. ਜਾਂ ਏ. ਡੀ. ਜੀ. ਪੀ. ਪੱਧਰ ਦੇ ਅਫਸਰ ਨੂੰ ਨੋਡਲ ਅਫਸਰ ਬਣਾਇਆ ਜਾਵੇਗਾ। ਹਰ ਛੇ ਮਹੀਨੇ ਬਾਅਦ ਮੁੱਖ ਮੰਤਰੀ ਇਸ ਮੁਹਿੰਮ ਦੀ ਖੁਦ ਸਮੀਖਿਆ ਕਰਨਗੇ, ਜਦੋਂ ਕਿ ਅਫਸਰ ਹਰ ਤਿੰਨ ਮਹੀਨੇ ਵਿਚ ਮੀਟਿੰਗ ਕਰਕੇ ਮੁਹਿੰਮ ਬਾਰੇ ਚਰਚਾ ਕਰਨਗੇ। ਇਸ ਲਈ ਪੰਚਕੂਲਾ ਵਿਚ ਸਾਂਝਾ ਸਕੱਤਰੇਤ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਹਾਈਟੈਕ ਨਾਕੇਬੰਦੀ ਕੀਤੀ ਜਾਵੇਗੀ ਤਾਂ ਜੋ ਸਮਗਲਰਾਂ ਨੂੰ ਪਕੜਨਾ ਆਸਾਨ ਰਹੇ। ਪੁਲਿਸ ਨੂੰ ਹੁਣ ਦੂਜੇ ਸੂਬਿਆਂ ਤੋਂ ਅਪਰਾਧੀ ਪਕੜਨ ਲਈ ਕਈ ਕਿਸਮ ਦੀ ਕਾਰਵਾਈ ਕਰਨੀ ਪੈਂਦੀ ਸੀ ਪਰ ਹੁਣ ਅਜਿਹਾ ਨਹੀਂ ਹੋਵੇਗਾ, ਬਲਕਿ ਤੁਰੰਤ ਸੂਚਨਾ ਦਾ ਆਦਾਨ-ਪ੍ਰਦਾਨ ਹੋ ਸਕੇਗਾ। ਹੁਣ ਸਿੱਧੀ ਹੀ ਇਕ ਸੂਬੇ ਦੀ ਪੁਲਿਸ ਦੂਜੇ ਸੂਬੇ ਵਿਚ ਜਾ ਕੇ ਕਾਰਵਾਈ ਕਰ ਸਕੇਗੀ।ਇਸ ਨਾਲ ਸ਼ਾਇਦ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਕੁਝ ਘਟ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-78

## ਗੁਰਬਾਣੀ ਚਾਨਣ 'ਚ ਕਾਮ ਅਤੇ ਕਾਮਵਾਸ਼ਨਾ



ਅਵਤਾਰ ਸਿੰਘ ਮਿਸ਼ਨਰੀ
510-432-5827

ਸ਼ਬਦ ਗੁਰੂ ਗ੍ਰੰਥ ਸਾਹਿਬ ਵਿਖੇ ਪੰਜ ਵਿਕਾਰਾਂ ਚੋਂ ਕਾਮ ਉਸ ਬਿਰਤੀ ਨੂੰ ਆਖਦੇ ਹਨ ਜੋ ਹਰੇਕ ਪ੍ਰਾਣੀ ਚ ਮਜੂਦ ਹੈ। ਇਸ ਸ਼ਕਤੀ ਸ਼ਾਲੀ ਬਿਰਤੀ ਦਬਾਣਾ ਬਹੁਤ ਕਠਿਨ ਹੈ। ਇਹ ਸ੍ਰਿਸ਼ਟੀ ਦੀ ਉਤਪਤੀ ਦਾ ਮੂਲ ਅੰਗ ਹੈ। ਭਾਰਤੀ ਚਿੰਤਕਾਂ ਨੇ ਕਾਮ ਨੂੰ ਦਾਰਸ਼ਨਿਕ ਅਧਾਰ ਪ੍ਰਦਾਨ ਕਰਦਿਆਂ ਇਸ ਨੂੰ ਚਾਰ ਪੁਰਸ਼ਾਰਥਾਂ (ਧਰਮ,ਅਰਥ, ਕਾਮ ਅਤੇ ਮੋਖ) ਚ ਗਿਣਿਆਂ ਹੈ। ਕਾਮ ਦੇ ਮੁੱਖ ਤੌਰ ਤੇ ਦੋ ਰੂਪ ਮੰਨੇ ਗਏ ਹਨ-ਵਾਸ਼ਨਾਂ ਤੇ ਪ੍ਰੇਮ। ਕਾਮ ਦੇ ਵਾਸ਼ਨਾ ਰੂਪ ਚ ਦੁੱਖ ਅਤੇ ਪ੍ਰੇਮ ਸਦਾ ਸੁਖ ਅਤੇ ਅਨੰਦ ਬਖਸ਼ਦਾ ਹੈ। ਪ੍ਰੇਮ ਤੋਂ ਸ਼ਕਤੀ ਪੈਦਾ ਹੁੰਦੀ ਅਤੇ ਵਾਸ਼ਨਾਵਾਂ ਨਾਲ ਵਿਕਾਰਾਂ ਦਾ ਵਿਕਾਸ ਹੁੰਦਾ ਹੈ। ਕਾਮ ਦੇ ਪ੍ਰੇਮ ਰੂਪ ਦੀ ਮਹਾਨਤਾ ਨੂੰ ਸਾਹਮਣੇ ਰੱਖ ਧਰਮ ਸਾਧਕਾਂ ਨੇ ਪ੍ਰੇਮਾਂ ਭਗਤੀ ਦੀ ਪਿਰਤ ਪਾਈ ਜੋ ਬੜੀ ਕਠਿਨ ਸਾਧਨਾਂ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਪਹਿਲੇ ਸੱਚੇ ਪ੍ਰੇਮ ਲਈ ਸੀਸ ਭੇਟ ਕਰਨਾ ਪੈਂਦਾ ਹੈ-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥(੧੪੧੨) ਗੁਰਮਤਿ ਨੇ ਕਾਮ ਦੇ ਵਾਸ਼ਨਾ ਵਾਲੇ ਰੂਪ ਦੀ ਨਿਖੇਧੀ ਕੀਤੀ ਹੈ-ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥ਨਾਮ ਬਿਨਾ ਕੈਸੇ ਗੁਨ ਚਾਰੁ॥ (੧੧੮੭) ਕਾਮ ਵਾਸ਼ਨਾ ਦੀ ਗਲਤ ਵਰਤੋਂ ਨਾਲ ਸਰੀਰ ਰੋਗੀ ਹੋ ਇਵੇਂ ਗਲਦੈ ਜਿਵੇਂ ਸੁਹਾਗਾ ਸੋਨੇ ਨੂੰ ਢਾਲਦਾ ਹੈ-ਕਾਮੁ ਕ੍ਰੋਧੁ ਕਾਈਆਂ ਕਉ ਗਾਲੈ॥ ਜਿਉ ਕੰਚਨ ਸੁਹਾਗਾ ਢਾਲੈ॥(੯੩੨) ਗੁਰੂ ਅਰਜਨ ਸਾਹਿਬ ਨੇ ਇਸ ਬਾਰੇ ਕਿਹਾ ਹੈ ਕਿ ਨਰਕਾਂ ਚ ਨਿਵਾਸ ਦਿਵਾਉਣ ਵਾਲੇ ਕਾਮ ਦਾ ਡਰ ਸਾਧ ਚੰਗੀ ਸੰਗਤ ਚ ਜਾਣ ਅਤੇ ਰੱਬੀ ਨਿਯਮਾਂ ਦੀ ਪਾਲਣਾ ਕਰਨ ਨਾਲ ਕੱਟਿਆ ਜਾ ਸਕਦਾ ਹੈ-ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥ ਚਿਤ ਹਰਣੰ ਤ੍ਰੈਲੋਕ ਗਮ੍ਯੰ ਜਪ ਤਪ ਸੀਲ ਬਿਦਾਰਣਹ॥ ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥॥ ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥(੧੩੫੮)

ਕਾਮ ਦੀ ਪ੍ਰਬਲਤਾ ਕਰਕੇ ਔਰਤ ਪਰ-ਪੁਰਸ਼ ਤੇ ਇਸਤਰੀ ਪਰ-ਮਰਦ ਵੱਲ ਝਾਕਦੀ ਹੈ। ਇਸ ਨਾਲ ਸਮਾਜਿਕ ਮਾਨਤਾਵਾਂ ਦਾ ਨੁਕਸਾਨ ਹੁੰਦਾ ਹੈ। ਕਾਮੀ ਪੁਰਸ਼ ਜਾਂ ਇਸਤਰੀ ਅਜਿਹਾ ਦੁਹਕਰਮ ਕਰਨ ਵੇਲੇ ਜੇ ਸੋਚਦੇ ਹੋਣ ਕਿ ਸਾਨੂੰ ਕੋਈ ਵੇਖ ਨਹੀਂ ਰਿਹਾ ਪਰ ਰੱਬੀ ਅੱਖ ਤੋਂ ਕਿਵੇਂ ਬਚ ਸਕਦਾ ਹਨ-ਦੇਇ ਕਿਵਾੜ ਅਨਿਕ ਪਰਦੈ ਮਹਿ ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥(੬੧੬) ਗੁਰੂ ਤੇਗ ਬਹਦਰ ਜੀ ਫੁਰਮਾਂਦੇ ਹਨ ਕਿ-ਪਾਪੀ ਹੀਐ ਮੈ ਕਾਮੁ ਬਸਾਇ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥ ਰਹਾਉ॥ ਜੋਗੀ ਜੰਗਮ ਅਰੁ ਸਨਿਆਸ ਸਭ ਹੀ ਪਰਿ ਡਾਰੀ ਇਹ ਫਾਸ॥੧॥ ਜਿਹਿ ਜਿਹ ਹਰਿ ਕੋ ਨਾਮੁ ਸ਼ਮ੍ਹਾਰਿ॥ ਤੇ ਭਵ ਸਾਗਰ ਉਤਰੈ ਪਾਰਿ॥੩॥(੧੧੮੬) ਭਾਵ ਵਿਕਾਰੀ ਇਸਤਰੀ ਪੁਰਖ ਦੇ ਹਿਰਦੇ ਚ ਕਾਮ ਵਸਦਾ ਤੇ ਉਸ ਤੋਂ ਚੰਚਲ ਮਨ ਪਕੜਿਆ ਨਹੀ ਜਾ ਸਕਦਾ। ਭਾਵੇਂ ਕੋਈ ਜੋਗੀ ਜੰਗਮ ਤੇ ਸਨਿਆਸੀ ਆਦਿਕ ਘਰ ਬਾਰ ਛੱਡ ਕੇ ਜੰਗਲੀਂ ਇਕਾਂਤ ਚ ਚਲੇ ਜਾਣ, ਸਭ ਪਰ ਹੀ ਕਾਮ ਵਾਂਸ਼ਨਾ ਦੀ ਫਾਹੀ ਪਈ ਹੁੰਦੀ ਹੈ। ਭਾਵੇਂ ਕੋਈ ਦੇਸ਼ ਛੱਡ ਪ੍ਰਦੇਸ ਚਲਿਆ ਜਾਵੇ ਕਾਂਮ ਆਦਿਕ ਵਿਕਾਰ ਉਸ ਦੇ ਨਾਲ ਹੀ ਜਾਂਦੇ ਹਨ-ਦੇਸੁ ਛੋਡਿ ਪਰਸੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥੪॥ ..ਬਨਿਤਾ ਛੋਡਿ ਬਦ ਨਦਰਿ ਪਰ ਨਾਰੀ॥ ਵੇਸਿ ਨ ਪਾਈਐ ਮਹਾ ਦੁਖਿਆਰੀ॥੫॥(੧੩੪੮)

ਕੁਦਰਤਿ ਨੇ ਦੁਨੀਆਂ ਦੇ ਹਰੇਕ ਜੀਵ ਚ ਕਾਮ ਖਿਚ ਰੱਖੀ ਹੈ। ਇਸੇ ਲਈ ਇਸਤਰੀ-ਪੁਰਖ ਦਾ ਇਕ ਦੂਜੇ ਪ੍ਰਤੀ ਤੀਬਰ ਲਗਾਵ ਹੁੰਦਾ ਹੈ-ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥(੮੭੯) ਕਾਮ ਆਦਿ ਪੰਜ ਜਜਬੇ ਸਰੀਰ ਰਥ ਦੇ ਘੋੜੇ ਹਨ ਜਿੰਨ੍ਹਾਂ ਨੂੰ ਮਾਰਨ ਦੀ ਨਹੀਂ ਸਗੋਂ ਕਾਬੂ ਰੱਖਣ ਲਈ ਸ਼ਬਦ ਗੁਰੂ ਗਿਆਨ ਦੀ ਲੁਗਾਮ ਚਾਹੀਦੀ ਹੈ। ਗੁਰਮਤਿ ਵਿੱਚ ਕਾਮ ਨੂੰ ਕਾਬੂ ਚ ਰੱਖ, ਸਹੀ ਵਰਤੋਂ ਕਰਦੇ ਸੰਸਾਰ ਦੇ ਵਾਧੇ ਲਈ ਗ੍ਰਿਹਸਤ ਨੂੰ ਪ੍ਰਧਾਨਤਾ ਦਿੱਤੀ ਹੈ। ਭਲਿਓ ਜਰਾ ਸੋਚੋ ਜੇ ਰਥ ਦੇ ਘੋੜੇ ਹੀ ਮਾਰ ਦਿੱਤੇ ਜਾਣ ਤਾਂ ਰੱਥ ਕਿਵੇਂ ਚੱਲੇਗਾ? ਜਿੰਨ੍ਹਾਂ ਸਰੀਰਕ ਕਰਿਆਵਾਂ ਦੀ ਸਰੀਰ ਨੂੰ ਲੋੜ ਹੈ ਉਹ ਹੀ ਕੁਦਰਤਿ ਨੇ ਇਸ ਚ ਪਾਈਆਂ ਹਨ। ਕਿਸੇ ਵੀ ਕਿਰਿਆ ਦੇ ਵੇਗ ਨੂੰ ਰੋਕਣ ਨਾਲ ਸਰੀਰ ਬੀਮਾਰ ਜਾਂ ਅਪਸੈਂਟ ਹੋ ਜਾਂਦਾ ਹੈ।

ਕਾਮ ਵੇਗ ਹਠ ਨਾਲ ਰੋਕਿਆ ਨਹੀ ਜਾ ਸਕਦਾ ਸਗੋਂ ਸੰਜਮ ਆਦਿਕ ਸ਼ੁਭ ਗੁਣ ਧਾਰਨ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਲਈ ਚੰਗੀ ਸੰਗਤ, ਗੁਰ ਗਿਆਨ ਦੀ ਵਿਚਾਰ, ਚੰਗੀਆਂ ਪੁਸਤਕਾਂ ਦਾ ਪੜ੍ਹਨਾਂ, ਮਨ ਚ ਚੰਗੇ ਵਿਚਾਰ ਪੈਦਾ ਕਰਨੇ, ਕੰਮਕਾਰ ਚ ਬਿਜੀ ਰਹਿਣਾ, ਸਾਦੀ ਖੁਰਾਕ ਖਾਣਾ ਤੇ ਸਾਦੀ ਪੁਸ਼ਾਕ ਪਹਿਨਣਾ ਲਾਹੇਵੰਦ ਹੈ। ਆਪਣੀ ਇਸਤਰੀ ਜਾਂ ਆਪਣੇ ਮਰਦ ਤੋਂ ਸਿਵਾ ਮਾਵਾਂ, ਭੈਣਾ, ਧੀਆਂ ਅਤੇ ਪਿਉ, ਭਰਾ ਤੇ ਪੁੱਤਰ ਸਮਝਣਾ-ਦੇਖ ਪਰਾਈਆਂ ਚੰਗੀਆਂ ਮਾਵਾਂ, ਭੈਣਾਂ ਧੀਆਂ ਜਾਣੈ। ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀਅ ਭੈਣ ਵਖਾਣੈ। (ਭਾ.ਗੁ) ਕਾਮ ਉਕਸਊ, ਸਹਿਤ ਪੜ੍ਹਨਾਂ, ਗੀਤ ਸੁਣਨੇ, ਤਸਵੀਰਾਂ ਤੇ ਫਿਲਮਾਂ ਦੇਖਣਾ ਆਦਿਕ ਕਾਮ ਦੀ ਬਲਦੀ ਅੱਗ ਤੇ ਤੇਲ ਪਾ ਕਾਮਵਾਸ਼ਨਾ ਨੂੰ ਭੜਕਾਉਣਾ ਹੈ। ਸੋ ਕਾਮ ਇੱਕ ਕੁਦਰਤੀ ਕਿਰਿਆ ਹੈ ਜਿਸ ਨੂੰ ਹਠ ਨਾਲ ਰੋਕਣਾ ਗੈਰ ਕੁਦਰਤੀ ਅਤੇ ਗ੍ਰਿਹਸਤ ਚ ਸੰਜਮ ਨਾਲ ਵਰਤਣਾ ਹੀ ਯੋਗ ਹੈ।

## ਯੂਬਾ ਸਿਟੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਦਾ ਵਿਰੋਧ



**ਯੂਬਾ ਸਿਟੀ (ਇੰਦਰਜੀਤ ਸਿੰਘ ਰੰਧਾਵਾ)-** ਬੀਤੇ ਸਨਿਚਰਵਾਰ ਯੂਬਾ ਸਿਟੀ ਦੇ ਗੁਰੂ ਘਰ ਟਰਬੀਆਣਾ ਰੋਡ ਵਿਚ ਮਨਜੀਤ ਸਿੰਘ ਜੀ. ਕੇ. ਨੂੰ ਕੁਝ ਗਰਮ ਖਿਆਲੀ ਅਤੇ ਖਾਲਿਸਤਾਨ ਪੱਖੀ ਵੀਰਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ ਦੋਹਾਂ ਧਿਰਾਂ ਵੱਲੋਂ

(ਬਾਕੀ ਸਫਾ 9 ਤੇ)

## ਯੂਬਾ ਸਿਟੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨਾਲ ਧੱਕਾ ਮੁੱਕੀ





**ਯੂਬਾ ਸਿਟੀ (ਹੁਸਨ ਲੜੋਆ ਬੰਗਾ)-** ਨਿਊਯਾਰਕ ਤੋਂ ਬਾਅਦ ਯੂਬਾ ਸਿਟੀ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਨੂੰ ਖਾਲਿਸਤਾਨੀ ਪੱਖੀ ਤੇ ਕੁਝ ਗਰਮ ਖ਼ਿਆਲੀ ਸਿੱਖਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ, ਜਿਸ ਕਰਕੇ ਮਨਜੀਤ ਸਿੰਘ ਜੀ. ਕੇ. ਨਾ ਧੱਕਾ-ਮੁੱਕਾ ਹੋਈ।

ਜਦੋਂ ਯੂਬਾ ਸਿਟੀ ਗੁਰਦੁਆਰਾ ਵਿਚ ਮਨਜੀਤ ਸਿੰਘ ਆਏ ਤਾਂ ਉਹਨਾਂ ਲਈ ਕੋਈ ਵੀ ਪ੍ਰਬੰਧਕਾਂ ਵੱਲੋਂ ਸਕਿਊਰਟੀ ਜਾਂ ਪੁਲਿਸ ਦਾ ਪ੍ਰਬੰਧ ਨਹੀਂ ਕੀਤਾ ਗਿਆ ਸੀ, ਜਿਸ ਕਰਕੇ ਇਹ ਘਟਨਾ ਵਾਪਰੀ। ਇਸ ਧੱਕਾ ਮੁੱਕੀ ਦੌਰਾਨ ਮਨਜੀਤ ਸਿੰਘ ਜੀ. ਕੇ. ਦੀ ਪੱਗ ਲਹਿ ਗਈ ਤੇ ਜ਼ਮੀਨ 'ਤੇ ਸੁੱਟ ਦਿੱਤਾ ਗਿਆ, ਜਿਸਨੂੰ ਫਿਰ ਕੁਝ ਅਕਾਲੀ ਦਲ ਵਰਕਰਾਂ ਵੱਲੋਂ ਜਲਦੀ ਨਾਲ ਖੜ੍ਹਾ ਕੀਤਾ ਅਤੇ ਵੱਡੀ ਵੈਨ ਵਿਚ ਬਿਠਾ ਦਿੱਤਾ ਗਿਆ।


ਘਟਨਾ ਉਦੋਂ ਵਾਪਰੀ ਜਦੋਂ ਰੈਫਰੈਂਡਮ 2020 ਦੇ ਇਕ ਵਰਕਰ ਸੁਖਵਿੰਦਰ ਸਿੰਘ ਵੱਲੋਂ ਮਨਜੀਤ ਸਿੰਘ ਜੀ. ਕੇ. ਨੂੰ ਫਾਰਾ ਦੇਣ ਲਈ ਅੱਗੇ ਵਧਿਆ ਤਾਂ ਜੋ ਉਸ ਉਪਰ ਇੱਥੇ ਯੂ. ਐਸ. ਏ. ਵਿਚ ਕੇਸ ਚਲਾਇਆ ਜਾ ਸਕੇ ਪਰ ਉਸਨੇ ਇਹ ਲੈਣ ਤੋਂ ਨਾਂਹ ਕਰ ਦਿੱਤੀ। ਸੁਖਵਿੰਦਰ ਸਿੰਘ ਥਾਣਾ ਦੇ ਕਹਿਣ ਮੁਤਾਬਕ ਕਿਸੇ ਅਕਾਲੀ ਦਲ ਦੇ ਵਰਕਰ ਨੇ ਉਹਨਾਂ ਨੂੰ ਧੱਕਾ ਮਾਰ ਦਿੱਤਾ ਪਰ ਧੱਕਾ ਕਿਸੇ ਹੋਰ ਨੂੰ ਵੱਜ ਗਿਆ, ਜਿਸ ਕਾਰਨ ਇਹ ਧੱਕਾ ਮੁੱਕੀ ਸ਼ੁਰੂ ਹੋ ਗਈ। ਇਹ ਸਭ ਗੁਰਦੁਆਰਾ ਸਾਹਿਬ ਤੋਂ ਬਾਹਰ ਹੋਇਆ। ਇਸ ਤੋਂ ਇਲਾਵਾ ਕੁਝ ਮਨਜੀਤ ਸਿੰਘ ਜੀ. ਕੇ. ਹਮਾਇਤੀਆਂ ਨੂੰ ਵੀ ਗਾਲ਼ਾਂ ਕੱਢੀਆਂ ਗਈਆਂ।

ਇਸ ਮੌਕੇ ਕੈਲੇਫੋਰਨੀਆ ਤੇ ਅਮਰੀਕਾ ਅਕਾਲੀ ਦਲ ਬਾਦਲ ਦੇ ਅਹੁਦੇਦਾਰ ਵੀ ਹਾਜ਼ਰ ਸਨ, ਜਿਹਨਾਂ 'ਚ ਖਾਸ ਕਰਕੇ ਕੁਲਵੰਤ ਸਿੰਘ ਖੈਰਾ, ਬਲਜੀਤ ਸਿੰਘ ਮਾਨ, ਅਰਵਿੰਦਰ ਸਿੰਘ ਲਾਖਨ, ਰਵਿੰਦਰ ਸਿੰਘ ਬੋਇਲ, ਦਿਲਬਾਗ ਸਿੰਘ ਬੈਂਸ, ਕਰਮਦੀਪ ਬੈਂਸ ਤੋਂ ਇਲਾਵਾ ਸਥਾਨਕ ਲੀਡਰਸ਼ਿਪ ਵੀ ਹਾਜ਼ਰ ਸੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕੁਲਦੀਪ ਨਯੀਅਰ ਅਜੋਕੇ ਸਮੇਂ ਦੇ ਨਿਡਰ ਪੱਤਰਕਾਰ ਸਨ-ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ

**ਫਗਵਾੜਾ (ਰੱਤੂ)–** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਨੇ ਪ੍ਰਸਿੱਧ ਕਾਲਮ ਨਵੀਸ ਤੇ ਪੱਤਰਕਾਰ ਕੁਲਦੀਪ ਨਯੀਅਰ ਦੀ ਮੌਤ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਕੁਲਦੀਪ ਨਯੀਅਰ ਦੀ ਪੱਤਰਕਾਰੀ ਨੂੰ ਵੱਡੀ ਦੇਣ ਹੈ ਅਤੇ ਉਹਨਾ ਸਮਾਜਿਕ, ਰਾਜਨੀਟਿਕ ਵਿਸ਼ਿਆਂ ਨੂੰ ਨਿਡਰ ਅਤੇ ਨਿਰਸੰਕੋਚ ਹੋ ਕੇ ਲਿਖਿਆ ਅਤੇ ਸਮਾਜ ਨੂੰ ਸੇਧ ਦਿੱਤੀ। ਕੁਲਦੀਪ ਨਯੀਅਰ ਕਈ ਕਿਤਾਬਾਂ ਲਿਖ ਚੁੱਕੇ ਹਨ। ਕੁਲਦੀਪ ਭਾਰਤ ਸਰਕਾਰ ਦੇ ਪ੍ਰੈਸ ਸੂਚਨਾ ਅਧਿਕਾਰੀ ਦੇ ਅਹੁਦੇ 'ਤੇ ਕਈ ਸਾਲਾਂ ਤੱਕ ਕਾਰਜ ਕਰਨ ਤੋਂ ਬਾਅਦ ਉਹ ਯੂ. ਐਨ.ਆਈ, ਪੀ.ਆਈ.ਬੀ., 'ਦ ਸਟੇਟਸਮੈਨ, 'ਇੰਡੀਅਨ ਐਕਸਪ੍ਰੈਸ ਦੇ ਨਾਲ ਲੰਮੇ ਸਮਾਂ ਤੱਕ ਜੁੜੇ ਰਹੇ ਸਨ। ਉਹ ਪੰਝੀ ਸਾਲਾਂ ਤੱਕ 'ਦ ਟਾਈਮਸ ਲੰਦਨ ਦੇ ਪੱਤਰ ਪ੍ਰੇਰਕ ਵੀ ਰਹੇ ਹੈ। ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੇ ਸਰਪ੍ਰਸਤ ਪਿਆਰਾ





ਸੰਨ 2010 ਵਿਚ ਕੁਲਦੀਪ ਨਈਅਰ ਨਾਲ ਡਾ. ਅਮਰੀਕ ਸਿੰਘ ਅਤੇ ਪ੍ਰੇਮ ਕੁਮਾਰ ਚੁੰਬਰ ਸੈਕਰਾਮੈਂਟੋ ਵਿਖੇ ਇੰਟਰਵਿਊ ਕਰਦੇ ਹੋਏ।

ਸਿੰਘ ਭੋਗਲ, ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਚਰਨਜੀਤ ਸਿੰਘ ਗੁੰਮਟਾਲਾ, ਜਸਵੰਤ ਸਿੰਘ ਅਜੀਤ, ਉਜਾਗਰ ਸਿੰਘ, ਡਾ: ਸਰਬਜੀਤ ਸਿੰਘ ਛੀਨਾ, ਡਾ: ਸਵਰਾਜ ਸਿੰਘ, ਸ਼ਿੰਗਾਰਾ ਸਿੰਘ ਭੁਲਰ, ਸ਼ਿਆਮ ਸੁੰਦਰ ਦੀਪਤੀ ਮੀਤ ਪ੍ਰਧਾਨ, ਗੁਰਚਰਨ ਸਿੰਘ ਨੂਰਪੁਰ ਜਨਰਲ ਸਕੱਤਰ, ਗਿਆਨ ਸਿੰਘ ਡੀ. ਪੀ. ਆਰ. ਓ. ਮੀਤ ਪ੍ਰਧਾਨ, ਸੁਲੱਖਣ ਸਰਹੱਦੀ ਮੀਤ ਪ੍ਰਧਾਨ, ਜੀ. ਐਸ. ਗੁਰਦਿੱਤ ਸਕੱਤਰ, ਦੀਦਾਰ ਸ਼ੇਤਰਾ ਵਿੱਤ ਸਕੱਤਰ, ਪ੍ਰੋ. ਜਸਵੰਤ ਸਿੰਘ ਗੰਡਮ ਨੇ ਕਾਲਮ ਨਵੀਸ ਕੁਲਦੀਪ ਨਯੀਅਰ ਦੀ ਪੱਤਰਕਾਰੀ ਨੂੰ ਦੇਣ ਦੀ ਸ਼ਲਾਘਾ ਕਰਦਿਆਂ ਉਹਨਾ ਦੀ ਪੱਤਰਕਾਰਤਾ ਵਿਚ ਆਜੀਵਨ ਉਪਲਬਧੀਆਂ ਨੂੰ ਯਾਦ ਕੀਤਾ।

# ਲੋਕਸਭਾ ਦੀ ਸਾਬਕਾ ਸਪੀਕਰ ਸ੍ਰੀਮਤੀ ਮੀਰਾ ਕੁਮਾਰ ਦੀ ਪਰਮਾਨੈਂਟ ਇਨਵਾਈਟੀ ਵਜੋਂ ਨਿਯੁਕਤੀ ਦਾ ਸਵਾਗਤ

**ਫਗਵਾੜਾ (ਰੱਤੂ)–** ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਰਾਹੁਲ ਗਾਂਧੀ ਵਲੋਂ ਲੋਕਸਭਾ ਦੀ ਸਾਬਕਾ ਸਪੀਕਰ ਸ੍ਰੀਮਤੀ ਮੀਰਾ ਕੁਮਾਰ ਨੂੰ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਦੇ ਪਰਮਾਨੈਂਟ ਇਨਵਾਈਟੀ ਨਿਯੁਕਤ ਕੀਤੇ ਜਾਣ ਦਾ ਸਵਾਗਤ ਕਰਦੇ ਹੋਏ ਫਗਵਾੜਾ ਦੇ ਸੀਨੀਅਰ ਕਾਂਗਰਸੀ ਆਗੂ ਮੋਹਨ ਲਾਲ ਸੂਦ (ਸੇਵਾ ਮੁਕਤ ਨਿਗਰਾਨ ਇੰਜੀਨੀਅਰ ਪੀ.ਡਬਲਯੂ.ਡੀ.) ਨੇ ਗੁਰੂ ਨਾਨਕ ਬਿਰਧ, ਅਪਾਹਜ ਅਨਾਥ ਆਸ਼ਰਮ ਸਪਰੋੜ ਵਿਖੇ ਆਸ੍ਰਿਤਾਂ ਨੂੰ ਲੱਡੂ ਵੰਡ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਮੋਹਨ ਲਾਲ ਸੂਦ ਜੋ ਕਿ ਬਾਬੂ ਜਗਜੀਵਨ ਰਾਮ ਸੇਵਾ ਸਮਾਜ ਸੰਮਤੀ ਪੰਜਾਬ ਦੇ ਪ੍ਰਧਾਨ ਵੀ ਹਨ ਉਹਨਾਂ ਕਿਹਾ ਕਿ ਸ੍ਰੀਮਤੀ ਮੀਰਾ ਕੁਮਾਰ ਬਹੁਤ ਹੀ ਸੂਝਵਾਨ ਕਾਂਗਰਸੀ ਆਗੂ ਹਨ



ਜਿਹਨਾਂ ਨੂੰ ਇਹ ਗੁਣ ਆਪਣੇ ਪਿਤਾ ਅਤੇ ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਸਵ. ਬਾਬੂ ਜਗਜੀਵਨ ਰਾਮ ਤੋਂ ਵਿਰਾਸਤ ਵਿਚ ਮਿਲੇ ਹਨ। ਉਹਨਾਂ ਨੂੰ ਪਾਰਟੀ ਦੀ ਵਰਕਿੰਗ ਕਮੇਟੀ ਦੇ ਪਰਮਾਨੈਂਟ ਇਨਵਾਇਟੀ ਵਜੋਂ ਮਾਣ ਦੇਣ ਲਈ ਉਹ ਰਾਸ਼ਟਰੀ ਪ੍ਰਧਾਨ ਸ੍ਰੀ ਰਾਹੁਲ ਗਾਂਧੀ ਅਤੇ ਸ੍ਰੀਮਤੀ ਸੋਨੀਆ ਗਾਂਧੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਸ ਮੌਕੇ ਉਹਨਾਂ ਦੇ ਨਾਲ ਡਾ. ਗੁਰਮੁਖ ਸਿੰਘ, ਕੁਲਦੀਪ ਝੱਲੀ, ਸੁਰਿੰਦਰ ਝੱਲੀ, ਭੁਪਿੰਦਰ ਝੱਲੀ, ਡਾ. ਸੁਮੇਸ਼ ਕੁਮਾਰ ਰਾਮ ਸਾਂਪਲਾ ਤੋਂ ਇਲਾਵਾ ਬਿਰਧ ਆਸ਼ਰਮ ਸਥਿਤ ਗੁਰਦੁਆਰਾ ਸਾਹਿਬ ਦੇ ਮੈਨੇਜਰ ਮੁਖਤਿਆਰ ਸਿੰਘ, ਸਕੱਤਰ ਚਰਨਜੀਤ ਸਿੰਘ ਸ਼ੇਰਗਿਲ ਆਦਿ ਵੀ ਹਾਜਰ ਸਨ।

# ਲੋਕ ਸਭਾ ਇੰਚਾਰਜ ਗੋਰਾਇਆਂ ਨੇ ਪ੍ਰਤਾਪ ਸਿੰਘ ਵਾਲਾ 'ਚ ਕੀਤੀ ਬਸਪਾ ਵਰਕਰਾਂ ਨਾਲ ਮੀਟਿੰਗ

## ਪੰਜਾਬ ਦੇ ਵਰਕਰਾਂ 'ਚ ਦਿੱਖਣ ਲੱਗਾ ਨਵਾਂ ਜੋਸ਼ : ਐਮ ਪੀ ਸਿੰਘ ਗੋਰਾਇਆਂ



**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਲੋਕ ਸਭਾ ਲੁਧਿਆਣਾ ਦੇ ਇੰਚਾਰਜ ਐਮ ਪੀ ਸਿੰਘ ਗੋਰਾਇਆਂ ਨੇ ਲੋਕ ਸਭਾ ਚੋਣਾਂ ਦੇ ਮੱਦੇਨਜਰ ਹਲਕਾ ਗਿੱਲ 'ਚ ਪੈਂਦੇ ਪ੍ਰਤਾਪ ਸਿੰਘ ਵਾਲਾ ਵਿਖੇ ਵਰਕਰਾਂ ਨਾਲ ਭਰਵੀਂ ਮੀਟਿੰਗ ਕੀਤੀ ਜਿਸ ਵਿੱਚ ਸੂਬਾ ਸਕੱਤਰ ਦੇਸ਼ ਰਾਜ ਚੌਹਾਨ ਵੀ ਵਿਸ਼ੇਸ ਤੌਰ ਤੇ ਪਹੁੰਚੇ। ਵਰਕਰਾਂ ਵੱਲੋਂ ਦੋਵਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਅਤੇ ਸਿਰੋਪਾਓ ਪਾ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਗੋਰਾਇਆਂ ਨੇ ਕਿਹਾ ਕਿ ਕਈ ਸਾਲਾਂ ਬਾਅਦ ਬਸਪਾ ਵਰਕਰਾਂ ਵਿੱਚ ਪਹਿਲਾਂ ਵਾਲਾ ਜੋਸ਼ ਤੇ ਉਤਸ਼ਾਹ ਦਿਖਣ ਲੱਗ ਪਿਆ ਹੈ ਜਿਸ ਦਾ ਕਾਰਨ ਮੋਦੀ ਸਰਕਾਰ ਦਾ ਹਰ ਫਰੰਟ ਤੇ ਫੇਲ ਹੋ ਕੇ ਲੋਕਾਂ 'ਚ ਵਿਸ਼ਵਾਸ ਗੁਆਉਣਾ ਹੈ। ਇਸਦੇ ਉਲਟ ਪੂਰੇ ਦੇਸ਼ ਵਿੱਚ ਬਸਪਾ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਪ੍ਰਤੀ ਦੇਸ਼ ਵਾਸੀਆਂ ਵਿੱਚ ਫੇਰ ਵਿਸ਼ਵਾਸ ਪੈਦਾ ਹੋ ਗਿਆ ਹੈ।

ਪੰਜਾਬ ਦੀ ਗੱਲ ਕਰੀਏ ਤਾਂ ਏਥੋਂ ਦੇ ਵਰਕਰਾਂ 'ਚ ਨਵਾਂ ਜੋਸ਼ ਦਿੱਖਣ ਲੱਗਾ ਜਿਸਦੀ ਗਵਾਹੀ ਅੱਜ ਦਾ ਇੱਕਠ ਭਰਦਾ ਹੈ। ਉਹਨਾਂ ਹਾਜਰ ਵਰਕਰਾਂ ਨੂੰ ਬੂਥ ਪੱਧਰ ਤੱਕ ਮਜਬੂਤ ਬੂਥ ਕਮੇਟੀਆਂ ਬਣਾਉਣ ਦੀ ਗੱਲ ਕਰਦਿਆਂ ਕਿਹਾ ਕਿ ਇਸ ਫਾਰਮੂਲੇ ਤੇ ਪਹਿਰਾ ਦੇਣ ਨਾਲ ਅਸੀ ਲੋਕ ਸਭਾ ਲੁਧਿਆਣਾ ਦੀ ਸੀਟ ਆਸਾਨੀ ਨਾਲ ਜਿੱਤ ਸਕਦੇ ਹਾਂ। ਇਸ ਮੌਕੇ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ ਤੇ ਗੁਰਮੇਲ ਸਿੰਘ, ਜਿਲਾ ਲੁਧਿਆਣਾ ਦੇ ਪ੍ਰਧਾਨ ਜੀਤਰਾਮ ਬਸਰਾ, ਦੇਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆਂ, ਪ੍ਰਗਣ ਬਿਲਗਾ, ਹਲਕਾ ਪ੍ਰਧਾਨ ਬੂਟਾ ਸਿੰਘ ਸੰਗੋਵਾਲ, ਹਰਬੰਸ ਸਿੰਘ ਬਾੜੇਵਾਲ, ਵਿੱਕੀ ਬਹਾਦਰਕੇ, ਨਾਜਰ ਸਿੰਘ, ਅਜੈਬ ਸਿੰਘ, ਦਲਬੀਰ ਸਿੰਘ ਬਿੱਟੂ, ਰਵਿੰਦਰ ਸਰੋਏ, ਜਸਵੰਤ ਸਿੰਘ ਅਤੇ ਹੋਰ ਹਾਜਰ ਸਨ।

# ਜੱਥੇਦਾਰ ਚੀਮਾ ਨੇ ਫਿਰਕਾਪ੍ਰਸਤੀ ਫੈਲਾਉਣ ਦੀਆਂ ਕੋਝੀਆਂ ਹਰਕਤਾਂ ਕਰਨ ਵਾਲੇ ਅਖੌਤੀ ਹਿੰਦੂ ਆਗੂ ਖਿਲਾਫ ਪੁਲਿਸ ਨੂੰ ਦਿੱਤੀ ਸਿਕਾਇਤ

**ਲੁਧਿਆਣਾ–** ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਅਤੇ ਜਨਰਲ ਸਕੱਤਰ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਖਿਲਾਫ ਕੁਝ ਦਿਨ ਪਹਿਲਾਂ ਅੱਪਤੀਜਨਕ ਭਾਸ਼ਾ ਦੀ ਵਰਤੋਂ ਕਰਕੇ ਟਿੱਪਣੀਆਂ ਕਰਨ ਵਾਲੇ ਹਿੰਦੂ ਆਗੂ ਰੋਹਿਤ ਸਾਹਨੀ ਦੇ ਖਿਲਾਫ ਸ੍ਰੋਮਣੀ ਅਕਾਲੀ ਦਲ ਦੇ ਜਿਲਾ ਪ੍ਰਧਾਨ ਜੱਥੇਦਾਰ ਜਸਵੰਤ ਸਿੰਘ ਚੀਮਾ ਨੇ ਪੁਲਿਸ ਕਮਿਸ਼ਨਰ ਨੂੰ ਸਿਕਾਇਤ ਦਿੱਤੀ ਹੈ। ਪੁਲਿਸ ਕਮਿਸ਼ਨਰ ਦੇ ਦਫਤਰ ਦੇ ਬਾਹਰ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਜੱਥੇਦਾਰ ਚੀਮਾ ਨੇ ਦੱਸਿਆ ਕਿ ਆਪੇ ਬਣੇ ਹਿੰਦੂ ਆਗੂ ਰੋਹਿਤ ਸਾਹਨੀ ਨੇ ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਅਤੇ ਪਾਰਟੀ ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਖਿਲਾਫ ਅਭੱਦਰ ਭਾਸ਼ਾ ਦਾ ਪ੍ਰਯੋਗ ਕਰ ਦੋ ਫਿਰਕਿਆਂ ਵਿੱਚ ਤਨਾਅ ਪੈਦਾ ਕਰਨ ਵਾਲੀਆਂ ਟਿੱਪਣੀਆਂ ਕੀਤੀਆਂ ਸਨ। ਵੀਡੀਓ ਵਿੱਚ ਉਸਨੇ ਏਹ ਵੀ ਕਿਹਾ ਸੀ ਕਿ ਜੇਕਰ ਕਿਸੇ ਨੇ ਉਸ ਨਾਲ ਵਾਰਤਾਲਾਪ ਕਰਨੀ ਹੈ ਤਾਂ ਉਸਦੇ ਨੰਬਰ ਦੇ ਸਪੰਰਕ ਕਰ ਸਕਦਾ ਹੈ। ਉਸਦੀਆਂ ਟਿੱਪਣੀਆਂ ਨਾ ਬਰਦਾਸ਼ਤ ਕਰਨ ਯੋਗ ਹਨ ਫੇਰ ਵੀ ਇਸ ਨਾਲ ਸ਼ਾਂਤਮਈ ਮੇਜੀ ਗੱਲਬਾਤ ਕਰਨ ਲਈ ਮੈਂ ਇਸਨੂੰ ਫੋਨ ਕੀਤਾ ਜਿਸ ਦਾ ਇਸਨੇ ਅਜੇ ਤੱਕ ਜਵਾਬ ਨਹੀ ਦਿੱਤਾ। ਜੇਕਰ ਏਹ ਆਪਣੇ ਤੌਰ ਤੇ ਏਨਾ ਹੀ ਸੱਚਾ ਤੇ ਸਿਆਣਾ ਹੈ ਤਾਂ ਫੇਰ ਮੇਰੇ ਨਾਲ ਇਸ ਮੁੱਦੇ ਤੇ ਗੱਲਬਾਤ ਕਰਨ ਲਈ ਬੈਠਦਾ। ਜੱਥੇਦਾਰ ਚੀਮਾ ਨੇ ਕਿਹਾ ਕਿ ਉਸ ਵੱਲੋਂ ਕੋਈ ਵੀ ਜਵਾਬ ਨਾ ਆਉਣ ਤੇ ਅਸੀ ਇਸਨੂੰ ਕਾਨੂੰਨੀ ਤਰੀਕੇ ਨਾਲ ਸਬਕ ਸਿਖਾਉਣ ਦਾ ਮੰਨ ਬਣਾਇਆ ਹੈ ਜਿਸ ਤਹਿਤ ਇਸਦੇ ਖਿਲਾਫ ਪੁਲਿਸ ਕਮਿਸ਼ਨਰ ਨੂੰ ਸਿਕਾਇਤ ਦੇ ਦਿੱਤੀ ਹੈ। ਜੱਥੇਦਾਰ ਚੀਮਾ ਨੇ ਕਿਹਾ ਕਿ ਇਸਦੀ ਬਕਵਾਸ ਹੋਰ ਬਰਦਾਸ਼ਤ ਨਹੀ ਕੀਤੀ ਜਾਵੇਗੀ। ਅਸੀ ਪੁਲਿਸ ਕਮਿਸ਼ਨਰ ਤੋਂ ਮੰਗ ਕਰਦੇ ਹਾਂ ਕਿ ਇਸਦੇ ਖਿਲਾਫ ਦੋ ਭਾਈਚਾਰਿਆਂ ਵਿੱਚ ਫਿਰਕੂ ਮਾਹੌਲ ਬਣਾਉਣ, ਸਤਿਕਾਰਯੋਗ ਸਖਸ਼ੀਅਤਾਂ ਦੀ ਮਾਨਹਾਨੀ ਕਰਨ ਦਾ ਪਰਚਾ ਦਰਜ ਕੀਤਾ ਜਾਵੇ। ਜੱਥੇਦਾਰ ਚੀਮਾ ਨੇ ਕਿਹਾ ਕਿ ਇਸ ਆਪੇ ਬਣੇ ਆਗੂ ਨੇ ਆਪਣਾ ਇੱਕ ਯੂ ਟਿਊਬ ਚੈਨਲ ਵੀ ਬਣਾਇਆ ਹੋਇਆ ਹੈ ਜਿਥੇ ਏਹ ਅਕਸਰ ਹੀ ਜਹਿਰ ਉਗਲਦਾ ਰਹਿੰਦਾ ਹੈ। ਜੱਥੇਦਾਰ ਚੀਮਾ ਨੇ ਕਿਹਾ ਕਿ ਇਸ ਅਖੌਤੀ ਆਗੂ ਦੀ ਹਿੰਦੂ ਵੀਰਾਂ ਵਿੱਚ ਵੀ ਕੋਈ ਕਦਰ ਨਹੀ ਅਤੇ ਨਾ ਹੀ ਇਸਦੀ ਕੋਈ ਪੁੱਛਪ੍ਰਤੀਤ ਹੈ ਜਿਸਦਾ ਪ੍ਰਮਾਣ ਇਸਦੇ ਆਪਣੇ ਚੈਨਲ ਤੋਂ ਮਿਲਦਾ ਹੈ ਜਿਸ ਉੱਤੇ ਪਾਈਆਂ ਵੀਡੀਓ ਨੂੰ ਏਹ ਹਜਾਰਾਂ ਨੰਬਰਾਂ ਤੱਕ ਭੇਜਦਾ ਜਰੂਰ ਹੈ ਪਰ ਉਹਨਾਂ ਨੂੰ ਦੇਖਦਾ ਕੋਈ ਨਹੀ। ਇਸ ਚੈਨਲ ਨਾਲ ਕਈ ਸਾਲਾਂ ਬਾਅਦ ਵੀ ਮਹਿਜ 54 ਬੰਦੇ ਭੁੱਲ ਭੁਲੇਖੇ ਜੁੜੇ ਹਨ ਅਤੇ ਏਹ ਉਹਨਾਂ ਮਹਾਨ ਸਖਸ਼ੀਅਤਾਂ ਨੂੰ ਬੋਲ ਕਬੋਲ ਕਰ ਰਿਹਾ ਹੈ ਜਿਹਨਾਂ ਦੇ ਦੇਸ਼ ਅਤੇ ਵਿਦੇਸ਼ਾਂ ਵਿੱਚ ਕਰੋੜਾਂ ਚਾਹੁਣ ਵਾਲੇ ਹਨ। ਜੱਥੇਦਾਰ ਚੀਮਾ ਨੇ ਕਿਹਾ ਡੀ ਸੀ ਪੀ ਸ੍ਰੀ ਕਪੂਰ ਨੇ ਸਾਨੂੰ ਕਾਰਵਾਈ ਅਮਲ ਵਿੱਚ ਲਿਆਉਣ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਜੱਥੇਦਾਰ ਕੁਲਵੰਤ ਸਿੰਘ ਸਲੇਮਟਾਬਰੀ, ਮਨਜੀਤ ਸਿੰਘ ਸਿਆਲਕੋਟੀ, ਗੁਰਸੇਵਕ ਸਿੰਘ ਆਨੰਦਪੁਰੀ, ਦਰਸ਼ਨ ਸਿੰਘ ਖਵਾਜਕੇ, ਸਵਰਨ ਸਿੰਘ ਖਾਲਸਾ, ਹਰਭਜਨ ਸਿੰਘ ਕਾਰਾਬਾਰਾ, ਜੱਥੇਦਾਰ ਹਰਜਿੰਦਰ ਸਿੰਘ, ਜੱਥੇਦਾਰ ਮੋਹਣ ਸਿੰਘ, ਹਰਦੇਵ ਸਿੰਘ, ਸੁਰਜੀਤ ਸਿੰਘ ਧਮੋਟ, ਬਾਬਾ ਦਰਸ਼ਨ ਸਿੰਘ, ਨਾਜਰ ਸਿੰਘ ਰਾਈਆਂ, ਬਲਵਿੰਦਰ ਸਿੰਘ ਕਟਾਣੀ, ਦਿਲਬਾਗ ਸਿੰਘ ਪ੍ਰਤਾਪਗੜ, ਪ੍ਰਿਤਪਾਲ ਸਿੰਘ ਰੌੜ, ਬਲਦੇਵ ਸਿੰਘ ਸੇਠੀ, ਜੱਥੇਦਾਰ ਇੰਦਰਜੀਤ ਸਿੰਘ, ਲਾਡੀ ਰਾਠੌਰ ਅਤੇ ਜਸਵੀਰ ਸਿੰਘ ਚੀਮਾ ਆਦਿ ਹਾਜਰ ਸਨ।



# ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 531ਵਾਂ ਵਿਆਹ ਪੁਰਬ-ਐਸ.ਡੀ.ਐਮ ਬਟਾਲਾ

**ਬਟਾਲਾ (ਨਰਿੰਦਰ ਬਰਨਾਲ)–** ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 531ਵਾਂ ਵਿਆਹ ਪੁਰਬ 16 ਸਤੰਬਰ ਨੂੰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਵਿਆਹ ਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਐਸ.ਡੀ.ਐਮ. ਬਟਾਲਾ ਸ੍ਰੀ ਰੋਹਿਤ ਗੁਪਤਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਐਸ.ਡੀ.ਐਮ ਬਟਾਲਾ ਸ੍ਰੀ ਰੋਹਿਤ ਗੁਪਤਾ ਨੇ ਕਿਹਾ ਕਿ ਗੁਰੂ ਸਾਹਿਬ ਦਾ ਵਿਆਹ ਪੁਰਬ ਦੁਨੀਆਂ ਭਰ ਵਿੱਚ ਰਹਿੰਦੀ ਨਾਨਕ-ਨਾਮ ਲੇਵਾ ਸੰਗਤ ਵਲੋਂ ਪੂਰੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਅਤੇ ਵੱਡੀ ਗਿਣਤੀ ਵਿੱਚ ਸੰਗਤ ਦਰਸ਼ਨਾਂ ਲਈ ਬਟਾਲਾ ਸ਼ਹਿਰ ਪਹੁੰਚਦੀ ਹੈ। ਉਹਨਾਂ ਕਿਹਾ ਕਿ ਸੰਗਤ ਦੀ ਆਓ-ਭਗਤ ਅਤੇ ਸਹੂਲਤ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਹਨਾਂ ਨਗਰ ਕੌਂਸਲ ਨੂੰ ਹਦਾਇਤ ਕੀਤੀ ਕਿ ਵਿਆਹ ਪੁਰਬ ਦੇ ਮੱਦੇਨਜ਼ਰ ਪੂਰੇ ਸ਼ਹਿਰ ਵਿੱਚ ਸਫ਼ਾਈ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਅਤੇ ਟੁੱਟੀਆਂ ਸੜਕਾਂ ਦੀ



ਮੁਰੰਮਤ ਕੀਤੀ ਜਾਵੇ। ਉਹਨਾਂ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਸੀਵਰੇਜ ਦੀ ਨਿਕਾਸੀ ਨੂੰ ਸਹੀ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਸੀਵਰੇਜ ਦਾ ਢੱਕਣ ਖੁੱਲਾ ਨਾ ਹੋਵੇ। ਪਾਵਰਕਾਮ ਅਤੇ ਟੈਲੀਫੋਨ ਵਿਭਾਗ ਨੂੰ ਉਹਨਾਂ ਨਗਰ ਕੀਰਤਨ ਦੇ ਮਾਰਗ ਅਤੇ ਸ਼ਹਿਰ ਦੀਆਂ ਹੋਰ ਸੜਕਾਂ ਕਿਨਾਰੇ ਬਿਜਲੀਆਂ ਦੀਆਂ ਤਾਰਾਂ ਉੱਚੀਆਂ ਕਰਨ ਅਤੇ ਜੋੜਾਂ ਨੂੰ ਢੱਕਣ ਦੇ ਨਿਰਦੇਸ਼ ਦਿੱਤੇ।

ਉਹਨਾਂ ਕਿਹਾ ਕਿ ਬਰਾਤ ਰੂਪੀ ਨਗਰ ਕੀਰਤਨ ਦੇ ਸਵਾਗਤ ਲਈ ਸਵਾਗਤੀ ਗੇਟ ਅਤੇ ਝੰਡੇ ਲਗਾਏ ਜਾਣਗੇ। ਉਹਨਾਂ ਕਿਹਾ ਕਿ ਸੰਗਤਾਂ ਲਈ ਪਾਣੀ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਜਨ ਸਿਹਤ ਵਿਭਾਗ ਨੂੰ ਸ਼ਹਿਰ ਦੇ ਵੱਖ-ਵੱਖ ਭਾਗਾਂ ਵਿੱਚ ਆਰਜੀ ਟਾਇਲਟ ਬਣਾਉਣ ਲਈ ਵੀ ਨਿਰਦੇਸ਼ ਦਿੱਤੇ। ਉਹਨਾਂ ਕਿਹਾ ਕਿ ਪੁਲਿਸ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਜਾਣਗੇ ਅਤੇ ਨਾਲ ਹੀ ਸਿਹਤ ਵਿਭਾਗ ਵਲੋਂ 10 ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲਾ ਪ੍ਰਸ਼ਾਸਨ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀਆਂ ਤਿਆਰੀਆਂ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ।

ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਅਤੇ ਸ. ਗੁਰਨਾਮ ਸਿੰਘ ਜੱਸਲ ਨੇ ਦੱਸਿਆ ਕਿ ਇਸ ਸਾਲ 16 ਸਤੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 531ਵਾਂ ਵਿਆਹ ਪੁਰਬ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ 15 ਸਤੰਬਰ ਨੂੰ ਸੁਲਤਾਨਪੁਰ ਲੋਧੀ ਤੋਂ ਨਗਰ ਕੀਰਤਨ ਰੂਪੀ ਬਰਾਤ ਚੱਲੇਗੀ ਜੋ ਸ਼ਾਮ ਨੂੰ ਬਟਾਲਾ ਸ਼ਹਿਰ ਪਹੁੰਚੇਗੀ। ਉਹਨਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਵਿਖੇ ਰਾਤ ਦੇ ਵਿਸ਼ਰਾਮ ਤੋਂ ਬਾਅਦ 16 ਸਤੰਬਰ ਨੂੰ ਸਵੇਰੇ 7 ਵਜੇ ਨਗਰ ਕੀਰਤਨ ਅਰੰਭ ਹੋਵੇਗਾ ਜੋ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲੰਘਦਾ ਦੇਰ ਸ਼ਾਮ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਸਮਾਪਤ ਹੋਵੇਗਾ।

ਇਸ ਮੀਟਿੰਗ ਵਿੱਚ ਮੈਨੇਜਰ ਗੁਰਦੁਆਰ ਕੰਧ ਸਾਹਿਬ ਸ. ਗੁਰਤਿੰਦਰਪਾਲ ਸਿੰਘ ਭਾਟੀਆ, ਮੈਨੇਜਰ ਗੁਰਦੁਆਰਾ ਡੇਹਰਾ ਸਾਹਿਬ ਸ. ਕੁਲਵੰਤ ਸਿੰਘ ਜੱਫਰਵਾਲ, ਐਡਵੋਕੇਟ ਰਜਿੰਦਰ ਸਿੰਘ ਪਦਮ, ਐਕਸੀਅਨ ਰਮੇਸ਼ ਸਰੰਗਲ, ਐਸ.ਐਮ.ਓ. ਡਾ. ਸੰਜੀਵ ਭੱਲਾ, ਈ.ਓ. ਨਗਰ ਕੌਂਸਲ ਭੁਪਿੰਦਰ ਸਿੰਘ, ਐਕਸੀਅਨ ਨਿਤਨ ਕਾਲੀਆ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਭਾਜਪਾ ਨੂੰ ਹਰਾਉਣ ਲਈ ਬਸਪਾ ਕਿਸੇ ਵੀ ਪਾਰਟੀ ਨਾਲ ਸਮਝੌਤਾ ਕਰ ਸਕਦੀ ਹੈ : ਰਛਪਾਲ ਸਿੰਘ ਰਾਜੂ

**ਲੁਧਿਆਣਾ–** ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਬਸਪਾ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਅੱਜ ਸਰਕਟ ਹਾਊਸ ਵਿਖੇ ਲੋਕ ਸਭਾ ਲੁਧਿਆਣਾ ਦੇ ਇੰਚਾਰਜ ਐਮ ਸਿੰਘ ਗੁਰਾਇਆ ਦੀ ਹਾਜਰੀ ਵਿੱਚ ਅਹੁਦੇਦ–ਾਰਾਂ ਨਾਲ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਲੁਧਿਆਣਾ ਲੋਕ ਸਭਾ ਦੀਆਂ 9 ਅਤੇ ਸ੍ਰੀ ਫਤਿਹਗੜ ਸਾਹਿਬ ਦੀਆਂ ਜਿਲੇ 'ਚ ਪੈਂਦੀਆਂ 5 ਵਿਧਾਨ ਸਭਾਵਾਂ ਦੇ ਅਹੁਦੇਦਾਰ ਹਾਜਰ ਹੋਏ। ਸ੍ਰੀ ਰਾਜੂ ਨੇ ਇਹਨਾਂ ਤੋਂ ਹੁਣ ਤੱਕ ਤਿਆਰ ਕੀਤੇ ਜੱਥੇਬੰਦਕ ਢਾਂਚੇ ਦੀ ਜਾਣਕਾਰੀ ਲਈ ਅਤੇ ਕੁਝ ਹੀ ਮਹੀਨਿਆਂ ਵਿੱਚ ਬੂਥ ਪੱਧਰ ਤੱਕ ਦਾ ਮਜਬੂਤ ਢਾਂਚਾ ਬਣਾਉਣ ਦੇ ਆਦੇਸ਼ ਦਿੱਤੇ। ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਰਾਜੂ ਨੇ ਗਠਜੋੜ ਦੇ ਬਦਲ ਖੁੱਲੇ ਦੱਸੇ। ਉਹਨਾਂ ਕਿਹਾ ਕਿ ਦੇਸ਼ ਨੂੰ ਬਚ–ਾਉਣ ਲਈ ਹਿੰਦੂ ਰਾਸ਼ਟਰ ਦਾ ਏਜੰਡਾ ਲੈ ਕੇ ਚੱਲੀ ਭਾਜਪਾ ਨੂੰ ਹਰਾਉਣਾ ਬਹੁਤ ਜਰੂਰੀ ਹੈ। ਭਾਜਪਾ ਨੇ ਦੇਸ਼ ਨੂੰ ਫਿਰਕੂ ਅੱਗ ਵੱਲ ਧੱਕ ਦਿੱਤਾ ਹੈ ਜਿਸਨੂੰ ਦੇਖਦਿਆਂ ਬਸਪਾ ਮੁੱਖੀ ਨੇ ਭਾਜਪਾ ਨੂੰ ਹਰਾ ਕੇ ਸੱਤਾ ਤੋਂ ਦੂਰ ਕਰਨ ਦਾ ਦ੍ਰਿੜ ਇਰਾਦਾ ਕਰ ਲਿਆ ਹੈ। ਭਾਜਪਾ ਨੂੰ ਸੱਤਾ ਤੋਂ ਦੂਰ ਕਰਨ ਲਈ ਪਾਰਟੀ ਵਰਕਰਾਂ ਨੂੰ ਮਜਬੂਤ ਜੱਥੇਬੰਦਕ ਢਾਂਚਾ ਬਣਾਉਣ ਦੇ ਉਹਨਾਂ ਵੱਲੋਂ ਜੋ ਨਿ–ਰਦੇਸ਼ ਦਿੱਤੇ ਗਏ ਹਨ ਉਸੇ ਤਹਿਤ ਪੰਜਾਬ ਭਰ 'ਚ ਰੋਜਾਨਾਂ



ਮੀਟਿੰਗਾਂ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਮੋਦੀ ਨੂੰ ਗੱਦੀ ਤੋਂ ਉਤਾਰ ਕੇ ਦੇਸ਼ ਨੂੰ ਚੰਗਾ ਸ਼ਾਸਨ ਪ੍ਰੰਬਧ ਕੇਵਲ ਭੈਣ ਕੁਮਾਰੀ ਮਾਇਆਵਤੀ ਹੀ ਦੇ ਸਕਦੀ ਹੈ। ਉਹਨਾਂ ਕਿਹਾ ਕਿ ਭੈਣ ਕੁਮ–ਾਰੀ ਮਾਇਆਵਤੀ ਨੇ ਭਾਜਪਾ ਨੂੰ ਹਰਾਉਣ ਲਈ ਹਰ ਇੱਕ ਪਾਰਟੀ ਨਾਲ ਸਨਮਾਨਜਨਕ ਸੀਟਾਂ ਦੀ ਵੰਡ ਦੀ ਸ਼ਰਤ ਤੇ ਗਠਜੋੜ ਕਰਨ ਦੇ ਬਦਲ ਖੋਲ ਦਿੱਤੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਵੀ ਸਨਮਾਨ ਜਨਕ ਸੀਟਾਂ ਤੇ ਬਸਪਾ ਨਾਲ ਸਮਝੌਤੇ ਲਈ ਕੋਈ ਵੀ ਪਾਰਟੀ ਅੱਗੇ ਆ ਸਕਦੀ ਹੈ। ਉਹਨਾਂ ਕਿਹਾ ਜਿਹੜੀ ਪਾਰਟੀ ਭਾਜਪਾ ਨਾਲੋਂ ਨਾਤਾ ਨਹੀ ਤੋੜੇਗੀ ਉਸ ਨਾਲ ਸਮਝੋਤਾ ਨਹੀ ਕੀਤਾ ਜਾਵੇਗਾ। ਇਸ ਮੌਕੇ ਐਮ ਪੀ ਸਿੰਘ ਗੋਰਾਇਆ ਤੋਂ ਇਲਾਵਾ ਜੋਨ ਕੋਆਡੀਨੇਟਰ ਲੁਧਿਆਣਾ ਰਾਮ ਸਿੰਘ ਗੋਗੀ, ਗੁਰਮੇਲ ਸਿੰਘ, ਭੁਪਿੰਦਰ ਸਿੰਘ, ਡਾ: ਜਸਪ੍ਰੀਤ ਸਿੰਘ ਫਤਿਹਗੜ ਸਾਹਿਬ, ਸੂਬਾ ਸਕੱਤਰ ਦੇਸ਼ ਰਾਜ ਚੌਹਾਨ, ਜਿਲਾ ਪ੍ਰਧਾਨ ਜੀਤ ਰਾਮ ਬਸਰਾ ਤੇ ਨਿਰਮਲ ਸਿੰਘ ਸਾਇਆ, ਜਨਰਲ ਸਕੱਤਰ ਪ੍ਰਗਣ ਬਿਲਗਾ, ਮੀਤ ਪ੍ਰਧਾਨ ਸੰਜੀਵ ਵਿਸ਼ਵਕਰਮਾ, ਜਸਪਾਲ ਭੌਰਾ, ਸਾਬਕਾ ਸੂਬਾ ਸਕੱਤਰ ਬਲਵਿੰਦਰ ਬਿੱਟਾ, ਅਮਰੀਕ ਸਿੰਘ ਘੁਲਾਲ, ਚਰਨ ਸਿੰਘ ਲੁਹਾਰਾ, ਰਾਜਿੰਦਰ ਨਿੱਕਾ, ਜਸਵੀਰ ਪੌਲ, ਹਰਬੰਸ ਸਿੰਘ ਬਾੜੇਵਾਲ, ਰਾਜਿੰਦਰ ਸਿੰਘ ਸੰਧੂ, ਕੈਪਟਨ ਰਾਮਪਾਲ ਸਿੰਘ, ਕੈਪਟਨ ਗੁਰਦੀਪ ਸਿੰਘ, ਸੁਖਦੇਵ ਸਿੰਘ, ਬੂਟਾ ਸਿੰਘ ਸੰਗੋਵਾਲ, ਸੋਹਣ ਲਾਲ ਸਿੱਧੂ, ਬਲਾਕ ਸੰਮਤੀ ਮੈਂਬਰ ਲਾਭ ਸਿੰਘ ਭਾਮੀਆਂ, ਰਵੀ ਕਾਂਤ ਜੱਖੂ, ਵਿੱਕੀ ਬਹਾਦਰਕੇ, ਸੁਰੇਸ਼ ਸੋਨੂੰ, ਹਰਦੇਵ ਸਿੰਘ ਧਾਲੀਆ, ਦਲਬੀਰ ਸਿੰਘ ਮੰਡਿਆਲਾ, ਬਲਦੇਵ ਸਿੰਘ ਮੰਡ, ਮਿਨੀ ਖੰਨਾ, ਇੰਦਰੇਸ਼ ਕੁਮਾਰ, ਰਾਮਲੋਕ ਕੁਲੀਏਵਾਲ, ਬਿੱਟੂ ਸ਼ੇਰ–ਪੁਰੀਆ, ਗੁਰਦੀਪ ਸਿੰਘ ਭਾਮੀਆਂ ਅਤੇ ਹੋਰ ਹਾਜਰ ਸਨ।

# ਜਮਹੂਰੀ ਅਧਿਕਾਰ ਸਭਾ ਵੱਲੋਂ ਸੰਘਰਸ਼ ਕਰਦੇ ਭੱਠਾ ਮਜ਼ਦੂਰਾਂ ਉਤੇ ਕੀਤੇ ਅੰਨ੍ਹੇਵਾਹ ਪੁਲਿਸ ਤਸ਼ੱਦਦ ਦੀ ਨਿਖੇਧੀ

**ਬਠਿੰਡਾ–** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਬਠਿੰਡਾ ਨੇ ਭਗਤਾ ਭਾਈ ਕਾ ਵਿਖੇ ਭੱਠਾ ਮਾਲਕ ਤੋਂ ਆਪਣੀ ਤਨਖਾਹ ਲੈਣ ਲਈ ਧਰਨਾ ਦੇ ਰਹੇ ਭੱਠਾ ਮਜ਼ਦੂਰਾਂ ਉੱਤੇ ਕੀਤੇ ਵਹਿਸ਼ੀਆਨਾ ਪੁਲਸ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਸਭਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਐਮ ਡੀ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਤਿੰਨ ਦਿਨਾਂ ਤੋਂ ਪੁਰਅਮਨ ਢੰਗ ਨਾਲ ਭੱਠਾ ਮਜ਼ਦੂਰ ਧਰਨਾ ਦੇ ਰਹੇ ਸਨ ਕਿ ਉਨ੍ਹਾਂ ਵੱਲੋਂ ਕੀਤੀ ਜਾਂਦੀ ਉਜਰਤ ਬਦਲੇ ਉਨ੍ਹਾਂ ਨੂੰ ਸਹੀ ਤੇ ਵਾਜਬ ਰੇਟ ਤੇ ਦਿਹਾੜੀ ਦਿੱਤੀ ਜਾਵੇ।ਉਨ੍ਹਾਂ ਦੀ ਇਸ ਵਾਜਬ ਮੰਗ ਤੇ ਗੌਰ ਕਰਨ ਦੀ ਬਜਾਏ ਭੱਠਾ ਮਾਲਕ ਨੇ ਪੁਲਸ ਰਾਹੀਂ ਉਨ੍ਹਾਂ ਨੂੰ ਦਬਾਉਣ ਦਾ ਰਾਹ ਅਖਤਿਆਰ ਕੀਤਾ। ਭੱਠਾ ਮਾਲਕ ਦੀ ਪਿੱਠ ਤੇ ਖੜ੍ਹੀ ਪੁਲੀਸ ਨੇ ਮਜ਼ਦੂਰਾਂ ਦੇ ਇਸ ਸੰਘਰਸ਼ ਨੂੰ ਢਾਹ ਲਾਉਣ ਅਤੇ ਖਦੇੜਨ ਲਈ ਤਾਕਤ ਦੀ ਵਰਤੋਂ ਕਰਦਿਆਂ ਅੰਨ੍ਹੇਵਾਹ ਵਹਿਸ਼ੀਆਨਾ ਲਾਠੀਚਾਰਜ ਕੀਤਾ। ਨੌਜਵਾਨ ਮਜ਼ਦੂਰਾਂ ਨੂੰ ਪੁਲੀਸ ਹਿਰਾਸਤ ਵਿੱਚ ਲਏ ਜਾਣ ਦਾ ਵਿਰੋਧ ਕਰ ਰਹੀ 55 ਸਾਲਾ ਇੱਕ ਦਲਿਤ ਤੇ ਬਜ਼ੁਰਗ ਔਰਤ ਨੂੰ ਵੀ ਨਹੀਂ ਬਖਸ਼ਿਆ ਗਿਆ। ਉਸ ਨੂੰ ਗੁੱਤੋਂ ਫੜ ਕੇ ਜ਼ਮੀਨ ਤੇ ਸੁੱਟਣ ਪਿੱਛੋਂ ਪੈਰਾਂ ਤੇ ਠੁੱਡਿਆਂ ਨਾਲ ਉਸ ਨੂੰ ਮਧੋਲਿਆ ਗਿਆ।ਪੁਲਿਸ ਦੇ ਇਸ ਵਹਿਸ਼ੀਆਨਾ ਤਸ਼ੱਦਦ ਨੂੰ ਉਥੇ ਖੜ੍ਹੇ ਲੋਕਾਂ ਨੇ ਦੇਖਿਆ ਅਤੇ ਵੀਡੀਓ ਬਣਾ ਕੇ ਵਾਇਰਲ ਕੀਤੀ ਹੈ। ਸਭਾ ਦੇ ਆਗੂਆਂ ਨੇ ਕਿਹਾ ਹੈ ਕਿ ਆਪਣੀਆਂ ਜਾਇਜ਼ ਮੰਗਾਂ ਲਈ ਪੁਰਅਮਨ ਸੰਘਰਸ਼ ਕਰਨਾ ਲੋਕਾਂ ਦਾ ਜਮਹੂਰੀ ਹੱਕ ਹੈ ਅਤੇ ਇਸ ਜਮਹੂਰੀ ਹੱਕ ਦੀ ਪੁਲਸ ਨੂੰ ਉਲੰਘਣਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ।ਸਭਾ ਇਹ ਵੀ ਮਹਿਸੂਸ ਕਰਦੀ ਹੈ ਕਿ ਪੁਲਸ ਕਨੂੰਨ ਤੇ ਲੋਕਾਂ ਦੀ ਰਾਖੀ ਕਰਨ ਲਈ ਬਣੀ ਹੈ ਪਰ ਇਹ ਅਜਕਲ ਆਪਣੀ ਮਨ ਮਰਜੀ ਦੇ ਫੈਸਲੇ ਲੈਕੇ ਖੁਦ ਹੀ ਕਨੂੰਨ ਭੰਗ ਕਰਰਹੀ ਹੈ।ਸਭਾ ਨੇ ਮੰਗ ਕੀਤੀ ਹੈ ਕਿ ਇਸ ਘਟਨਾ ਦੇ ਜ਼ਿੰਮੇਵਾਰ ਦਿਆਲਪੁਰਾ ਥਾਣੇ ਦੇ ਐਸਐਚਓ ਸਮੇਤ ਪੁਲਿਸ ਕਰਮਚਾਰੀਆਂ ਤੇ ਫੌਜਦਾਰੀ ਕੇਸ ਦਰਜ ਕਰਨ ਪਿੱਛੋਂ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਜਬਰ ਦੇ ਇਸ ਮਾਮਲੇ ਦੀ ਅਦਾਲਤੀ ਜਾਂਚ ਕਰਵਾਈ ਜਾਵੇ ਤਾਂ ਕਿ ਦੋਸ਼ੀਆਂ ਨੂੰ ਬਣਦੀ ਸਜ਼ਾ ਦਿੱਤੀ ਜਾ ਸਕੇ।ਸਭਾ ਨੇ ਇਹ ਵੀ ਮੰਗ ਕੀਤੀ ਹੈ ਕਿ ਇਸ ਭੱਠੇ ਨੂੰ ਫ਼ੌਰੀ ਸੀਲ ਕਰਕੇ ਇਸ ਦੀ ਵੀ ਪੜਤਾਲ ਕੀਤੀ ਜਾਵੇ।ਦਲਿਤ ਬਜ਼ੁਰਗ ਔਰਤ ਦੀ ਜਨਤਕ ਤੌਰ ਤੇ ਮਰਦਾਨਾ ਪੁਲਸ ਵਲੋਂ ਕੀਤੀ ਬੇਇਜ਼ਤੀ ਅਤੇ ਕੁੱਟਮਾਰ ਬਦਲੇ ਵੀ ਔਰਤਾਂ ਤੇ ਅੱਤਿਆਚਾਰ ਸਬੰਧੀ ਕਾਨੂੰਨ ਅਤੇ ਐਸ ਸੀ ਐਸ ਟੀ ਐਕਟ ਤਹਿਤ ਇੱਕ ਵਖਰਾ ਮੁਕੱਦਮਾ ਦਰਜ ਕੀਤਾ ਜਾਵੇ।ਸਭਾ ਨੇ ਪ੍ਰਸ਼ਾਸ਼ਨ ਵਲੋਂ ਮੈਜਿਸਟਰੇਟੀ ਜਾਂਚ ਨੂੰ ਸਿਰਫ ਅੱਖਾਂ ਪੂੰਝਣ ਦੀ ਕਾਰਵਾਈ ਦਸਿਆ ਹੈ।ਸਭਾ ਵਲੋਂ ਬਣਾਈ ਤੱਥ ਖੋਜ ਕਮੇਟੀ ਬਾਅਦ ਵਿੱਚ ਵਿਸਥਾਰਿਤ ਰੀਪੋਟ ਵੀ ਜਾਰੀ ਕਰੇਗੀ।

*ਜਾਰੀ ਕਰਤਾ– ਡਾਕਟਰ ਅਜੀਤਪਾਲ ਸਿੰਘ (ਐਮਡੀ)*
*ਪ੍ਰੈਸ ਸੱਕਤਰ*
*ਜਮਹੂਰੀ ਅਧਿਕਾਰ ਸਭਾ ਜਿਲ੍ਹਾ ਇਕਾਈ ਬਠਿੰਡਾ*

# ਬੀਬੀ ਜੀਤੋ ਕੌਰ ਅਕਾਲ ਚਲਾਣਾ ਕਰ ਗਏ



ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਜੀਤੋ ਕੌਰ ਸੁਪਤਨੀ ਸਵਰਗਵਾਸੀ ਸੂਬੇਦਾਰ ਸ਼੍ਰੀ ਜੋਗਿੰਦਰ ਸਿੰਘ ਜੀ(ਪਿੰਡ ਹੇੜੀਆ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦਾ ਅੰਤਿਮ ਸੰਸਕਾਰ ਰਸਮ: ਸ਼ਨੀਵਾਰ, 1 ਸਤੰਬਰ 10am to 12pm at: North Sacramento Funeral Home 725 El Camino Av. Sacramento, CA-95815 ਅਤੇ ਅੰਤਿਮ ਅਰਦਾਸ ਸੰਸਕਾਰ ਤੋਂ ਬਾਅਦ 6221 16th St Rio linda, CA 95673 ਵਿਖੇ ਹੋਵੇਗੀ। ਅਦਾਰਾ 'ਦੇਸ਼ ਦੁਆਬਾ' ਵੱਲੋਂ ਉਹਨਾਂ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਪਰਿਵਾਰ ਵੱਲੋਂ ਸਮੂਹ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬੀਬੀ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ। ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ- ਸ਼੍ਰੀ ਰਾਜ ਲੱਧੜ ਜੀ 916-271-1572, ਸ਼੍ਰੀ ਕੁਲਵਿੰਦਰ ਸਿੰਘ ਜੀ 916-318-1836, ਸ਼੍ਰੀ ਬਿਕਰਮਜੀਤ ਸਿੰਘ ਜੀ 916-477-8525. ਸ਼੍ਰੀ ਇੰਦਰਜੀਤ ਸਿੰਘ ਜੀ 916-821-5956




# ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਾਕਾ ਨਕੋਦਰ ਗੋਲੀ ਕਾਂਡ ਬਾਰੇ ਰਿਪੋਰਟ ਦਾ ਮੁੱਦਾ ਵਿਧਾਨ ਸਭਾ 'ਚ ਰੱਖਣ ਤੇ ਪ੍ਰਵਾਸੀ ਸਿੱਖਾਂ ਨੇ ਕੀਤਾ ਧੰਨਵਾਦ

**ਕੈਲੀਫੋਰਨੀਆ( ਹੁਸਨ ਲੜੋਆ ਬੰਗਾ)–** ਪੰਜਾਬ ਵਿਧਾਨ ਸਭਾ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਤੇ ਹੋਈ ਬਹਿਸ ਦੌਰਾਨ ਅੱਜ ਤੋਂ 32 ਸਾਲ ਪਹਿਲਾਂ ਫਰਵਰੀ 1986 ਨੂੰ ਨਕੋਦਰ ਸ਼ਹਿਰ ਵਿਚ ਹੋਏ ਬੇਅਦਬੀ ਅਤੇ ਗੋਲੀਕਾਂਡ ਬਾਰੇ ਆਮ ਪਾਰਟੀ ਦੇ ਵਿਧਾਇਕਾਂ ਨਾਮਵਾਰ ਵਕੀਲ ਹਰਵਿੰਦਰ ਸਿੰਘ ਫੂਲਕਾ ਅਤੇ ਨਾਮਵਰ ਪੱਤਰਕਾਰ ਕੰਵਰਪਾਲ ਸਿੰਘ ਸੰਧੂ ਨੇ ਉਠਾਇਆ । ਇਹਮੁੱਦਾ ਵਿਧਾਨ ਸਭਾਚ ਰੱਖਣ ਤੇਪ੍ਰਵਾਸੀ ਸਿੱਖਾਂ ਤੇ ਸਿੱਖ ਸੰਸਥਾਵਾਂ ਨੇ ਸਾਰੇ ਸਹਿਯੋਗੀ ਅਗੂਆਂ ਦਾ ਧੰਨਵਾਦ ਕੀਤਾ।

ਵਰਨਣਯੋਗ ਹੈ ਕਿ ਇਨ੍ਹਾਂ ਆਗੂਆਂ ਨੇ ਵਿਧਾਨ ਸਭਾ ਸਪੀਕਰ, ਮੁੱਖ ਮੰਤਰੀ ਪੰਜਾਬ ਅਤੇ ਵਿਧਾਇਕਾਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਨਕੋਦਰ ਵਿੱਚ ਗੁਰੂ ਨਾਨਕਪੁਰਾ ਦੇ ਗੁਰਦਵਾਰਾ ਸ਼੍ਰੀ ਗੁਰੂ ਅਰਜਨ ਦੇਵ ਸਾਹਿਬ'ਚ 2 ਫਰਵਰੀ ਨੂੰ ਸ਼ਰਾਰਤੀ ਅਨਸਰਾਂ ਨੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ 5 ਸਰੂਪ ਅਗਨ ਭੇਂਟ ਕਰ ਦਿੱਤੇ ਸਨ।

4 ਫਰਵਰੀ 1986 ਨੂੰ ਇਨ੍ਹਾਂ ਸਰੂਪਾਂ ਦੀ ਸੰਭਾਲ ਕਰਨ ਲਈ ਜਾ ਰਹੀ ਸੰਗਤ ਤੇ ਪੁਲਿਸ ਨੇ ਬਿਨਾ ਕਿਸੇ ਭੜਕਾਹਟ ਦੇ ਗੋਲੀਬਾਰੀ ਕਰ ਦਿੱਤੀ ਸੀ, ਜਿਸ ਵਿੱਚ 3 ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਝਿਲਮਣ ਸਿੰਘ



ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਫੌਜੀ ਮੌਕੇ ਤੇ ਸ਼ਹੀਦ ਹੋ ਗਏ ਸਨ ਪਰ ਇਸ ਸਾਕੇ ਦੇ ਚੌਥੇ ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪਰ ਨੂੰ ਪੁਲਿਸ ਹਿਰਾਸਤ ਵਿੱਚ ਕਤਲ ਕੀਤਾ ਗਿਆ, ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੇ ਮੁੱਖ ਮੰਤਰੀ ਪੰਜਾਬ ਨੂੰ ਦੋ ਬਾਰ ਪੱਤਰ ਲਿਖ ਕਿ ਮੰਗ ਕੀਤੀ ਸੀ ਕਿ ਇਸ ਮਾਮਲੇ ਨੂੰ ਵਿਧਾਨ ਸਭਾ ਦੇ ਬੇਅਦਬੀਆਂ ਬਾਰੇ ਸ਼ੈਸ਼ਨ ਵਿੱਚ ਉਠਾਇਆ ਜਾਵੇ ਤੇ ਉਸ ਵੇਲੇ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਜੋ ਕਿ ਪੰਜਾਬ ਸਰਕਾਰ ਕੋਲ 29 ਮਾਰਚ 1987 ਤੋਂ ਹੈ ਨੂੰ ਵੀ ਵਿਧਾਨ ਸਭਾ ਵਿੱਚ ਰੱਖਿਆ ਜਾਵੇ । ਆਪ ਦੇ ਵਿਧਾਇਕਾਂ ਨੇ ਸਦਨ ਨੂੰ ਇਹ ਵੀ ਦੱਸਿਆ ਕਿ ਬਰਨਾਲਾ ਦੀ ਅਕਾਲੀ ਸਰਕਾਰ ਵੇਲੇ ਵਾਪਰੇ ਨਕੋਦਰ ਸਾਕੇ ਲਈ ਤਤਕਾਲੀ ਐੱਸ ਐੱਸ ਪੀ ਇਜ਼ਹਾਰ ਆਲਮ ਅਤੇ ਏ ਡੀ ਸੀ ਦਰਬਾਰਾ ਸਿੰਘ ਗੁਰੂ ਜੋ ਕਿ ਅੱਜ ਅਕਾਲੀ ਦਲ ਬਾਦਲ ਦੇ ਸੀਨੀਅਰ ਲੀਡਰ ਹਨ ਸਿੱਧੇ ਤੋਰ ਤੇ ਜਿੰਮੇਵਾਰ ਸਨ ਉਨ੍ਹਾਂ ਨੇ ਪੁਰਜ਼ੋਰ ਮੰਗ ਕੀਤੀ ਹੈ ਕਿ ਸਾਕਾ ਨਕੋਦਰ ਬੇਅਦਬੀ ਅਤੇ ਗੋਲੀ ਕਾਂਡ ਬਾਰੇ ਜਸਟਿਸ (ਸੇਵਾ ਮੁਕਤ) ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਬਿਨਾ ਦੇਰੀ ਪੰਜਾਬ ਵਿਧਾਨ ਸਭਾ'ਚ ਰਾਖੀ ਜਾਵੇ ਅਤੇ ਦੋਸ਼ੀਆਂ ਨੂੰ ਸਜਾਵਾਂ ਦੇ ਕਿ ਪੀੜਿਤ ਪਰਿਵਾਰਾਂ ਨੂੰ ਇਨਸਾਫ ਦਿੱਤਾ ਜਾਵੇ ।

# ਵਿਦੇਸ਼ਾਂ 'ਚੋਂ ਮੋੜੇ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਵਧਣ ਲੱਗੀ

**ਜਲੰਧਰ–** ਪੰਜਾਬ ਦੇ ਨੌਜਵਾਨ ਹਰ-ਹਾਲ 'ਚ ਵਿਦੇਸ਼ ਦੌੜ ਜਾਣਾ ਚਾਹੁੰਦੇ ਹਨ। ਇਥੋਂ ਦੇ ਪਾਸਪੋਰਟ ਦਫ਼ਤਰ ਵੱਲੋਂ ਸਾਲ 2017 ਦੌਰਾਨ 4 ਲੱਖ 48 ਹਜ਼ਾਰ 430 ਪਾਸਪੋਰਟ ਜਾਰੀ ਕੀਤੇ ਗਏ ਹਨ ਜਦਕਿ ਸਾਲ 2012 ਦੌਰਾਨ ਇਹ ਗਿਣਤੀ 1 ਲੱਖ 32 ਹਜ਼ਾਰ 476 ਸੀ। ਚਾਲੂ ਸਾਲ 2018 'ਚ ਹੁਣ ਤੱਕ 3 ਲੱਖ ਤੋਂ ਵੱਧ ਪਾਸਪੋਰਟ ਜਾਰੀ ਹੋ ਚੁੱਕੇ ਹਨ। ਵਿਦੇਸ਼ਾਂ ਤੋਂ ਡਿਪੋਰਟ ਹੋ ਕੇ ਆਉਣ ਵਾਲੇ ਕੇਸਾਂ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਰੋਜ਼ਾਨਾ ਪਾਸਪੋਰਟ ਦਫਤਰ ਵਿੱਚ 28 ਤੋਂ 30 ਕੇਸ ਆ ਰਹੇ ਹਨ। ਡਿਪੋਰਟ ਹੋਣ ਵਾਲਿਆਂ ਦੇ ਕੇਸਾਂ ਦੀ ਵੱਧ ਰਹੀ ਗਿਣਤੀ ਨੂੰ ਦੇਖਦਿਆਂ 10 ਦਿਨਾਂ ਬਾਅਦ ਤਰੀਕ ਦਿੱਤੀ ਜਾ ਰਹੀ ਹੈ। ਵਿਦੇਸ਼ ਮੰਤਰਾਲੇ ਵੱਲੋਂ 'ਵਿਦੇਸ਼ ਆਇਆ ਪ੍ਰਦੇਸ਼ ਕੇ ਦੁਆਰ' ਦੇ ਨਾਂ ਨਾਲ ਤੀਜੀ ਮੀਡੀਆ ਨਾਲ ਮੀਟਿੰਗ ਕੀਤੀ ਗਈ। ਪਹਿਲੀਆਂ ਦੋ ਮੀਟਿੰਗਾਂ ਹੈਦਰਾਬਾਦ ਤੇ ਗੁਹਾਟੀ ਵਿੱਚ ਹੋਈਆਂ ਸਨ। ਸਮਾਗਮ ਵਿੱਚ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ ਰਵੀਸ਼ ਕੁਮਾਰ, ਦੀਪਕ ਮਿੱਤਲ ਅਤੇ ਜਲੰਧਰ ਦੇ ਪਾਸਪੋਰਟ ਅਫਸਰ ਹਰਮਨਬੀਰ ਸਿੰਘ ਗਿੱਲ ਹਾਜ਼ਰ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਹਰਮਨਬੀਰ ਸਿੰਘ ਨੇ ਦੱਸਿਆ ਕਿ ਇਥੋਂ ਦੇ ਦਫਤਰ ਵਿੱਚੋਂ ਪਾਸਪੋਰਟ ਬਣਾਉਣ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਲ 2017 ਦੌਰਾਨ ਬਣਾਏ ਗਏ 4 ਲੱਖ 48 ਹਜ਼ਾਰ ਤੋਂ ਵੱਧ ਪਾਸਪੋਰਟਾਂ ਦੀ ਫੀਸ 74 ਕਰੋੜ 70 ਲੱਖ 2 ਹਜ਼ਾਰ 495 ਰੁਪਏ ਵਸੂਲ ਕੀਤੀ ਗਈ ਜਦਕਿ ਸਾਲ 2012 ਵਿੱਚ ਫੀਸ ਦੇ ਰੂਪ ਵਿੱਚ 15 ਕਰੋੜ 81 ਲੱਖ 85 ਹਜ਼ਾਰ 600 ਵਸੂਲ ਕੀਤੇ ਸਨ। ਉਨ੍ਹਾਂ ਇਸ ਗੱਲ ਦਾ ਵੀ ਖੁਲਾਸਾ ਕੀਤਾ ਕਿ ਡਿਪੋਰਟ ਹੋਣ ਵਾਲੇ ਕੇਸਾਂ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਸਾਲ 2017 ਦੌਰਾਨ ਉਨ੍ਹਾਂ ਨੂੰ ਮੁੜ ਪਾਸਪੋਰਟ ਜਾਰੀ ਕਰਨ ਅਤੇ ਲਾਏ ਗਏ ਜੁਰਮਾਨਿਆਂ ਦੇ ਰੂਪ ਵਿੱਚ 3 ਕਰੋੜ 40 ਲੱਖ ਤੋਂ ਵੱਧ ਦੀ ਰਕਮ ਵਸੂਲੀ ਗਈ ਹੈ ਜਦਕਿ ਸਾਲ 2012 ਵਿੱਚ 1 ਕਰੋੜ 68 ਲੱਖ ਰੁਪਏ ਵਸੂਲੇ ਸਨ। ਪਾਸਪੋਰਟ ਬਣਾਉਣ ਵਿੱਚ ਤੇਜ਼ੀ ਇਸ ਕਰਕੇ ਆਈ ਹੈ ਕਿਉਂਕਿ ਇਸ ਦੀ ਨੀਤੀ ਨੂੰ ਸਰਲ ਕੀਤਾ ਗਿਆ ਹੈ। ਪਹਿਲਾਂ ਜਿਥੇ ਪੁਲੀਸ ਰਿਪੋਰਟ 45 ਦਿਨਾਂ ਬਾਅਦ ਆਉਂਦੀ ਸੀ, ਹੁਣ 15 ਦਿਨਾਂ 'ਚ ਆ ਰਹੀ ਹੈ। ਆਨਲਾਈਨ ਹੋਣ ਕਾਰਨ ਵਿਚੋਲਿਆਂ ਦੀ ਭੂਮਿਕਾ ਵੀ ਖਤਮ ਹੋ ਗਈ ਹੈ। ਸੰਯੁਕਤ ਸਕੱਤਰ ਰਵੀਸ਼ ਕੁਮਾਰ ਨੇ ਦੱਸਿਆ ਕਿ ਪੂਰੀ ਦੁਨੀਆਂ ਵਿੱਚ 10 ਕਰੋੜ ਦੇ ਕਰੀਬ ਲੋਕ ਪੰਜਾਬੀ ਬੋਲਦੇ ਹਨ।

# ਕਾਂਗਰਸ ਦੇ ਹਲਕਾ ਬੰਗਾ ਦੇ ਇੰਚਾਰਜ ਤੇ ਜ਼ਿਲ੍ਹਾ ਪ੍ਰਧਾਨ ਸਤਵੀਰ ਸਿੰਘ ਪੱਲੀਝਿੱਕੀ ਦਾ ਸਰੀ 'ਚ ਹੋਇਆ ਭਰਵਾਂ ਸਵਾਗਤ

**ਵੈਨਕੂਵਰ (ਹਰਨੇਕ ਸਿੰਘ ਵਿਰਦੀ)–** ਉਘੇ ਖੇਡ ਤੇ ਸੱਭਿਆਚਾਰਕ ਪ੍ਰਮੋਟਰ ਤੇ ਸ੍ਰੀ ਗੁਰੂ ਰਵਿਦਾਸ ਸਪੋਰਟਸ ਤੇ ਵੈਲਫੇਅਰ ਕਲੱਬ ਦੇ ਚੇਅਰਮੈਨ ਸ: ਬਲਵੀਰ ਸਿੰਘ ਬੈਂਸ ਹੁਰਾਂ ਦੇ ਗ੍ਰਹਿ ਵਿਖੇ ਅੱਜ ਹਲਕਾ ਬੰਗਾ ਦੇ ਇੰਚਾਰਜ਼ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਾਂਗਰਸ ਪ੍ਰਧਾਨ ਸ: ਸਤਵੀਰ ਸਿੰਘ ਪੱਲੀਝਿੱਕੀ ਦੇ ਸਵਾਗਤ ਲਈ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸਰੀ ਦੇ ਮੈਂਬਰ ਪਾਰਲੀਮੈਂਟ ਸ: ਸੁੱਖ ਧਾਲੀਵਾਲ, ਬੀਸੀ ਦੇ ਮੰਤਰੀ ਹੈਰੀ ਬੈਂਸ ਤੇ ਅਮਰਜੀਤ ਜੌਹਲ ਉਚੇਚੇ ਤੌਰ ਤੇ ਪੁੱਜੇ। ਇਸ ਮੋਕੇ ਸਤਵੀਰ ਸਿੰਘ ਪੱਲੀਝਿੱਕੀ ਨੇ ਜਿੱਥੇ ਕਾਂਗਰਸ ਸਰਕਾਰ ਵਲੋਂ ਕਰਵਾਏ ਜਾ ਰਹੇ ਕੰਮਾਂ ਦੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਉਥੇ ਕੈਨੇਡਾ 'ਚ ਪੰਜਾਬੀਆਂ



ਵਲੋਂ ਮਾਰੀਆਂ ਮੱਲ੍ਹਾਂ ਦਾ ਵੀ ਵਿਸ਼ੇਸ਼ ਜਿਕਰ ਕੀਤਾ। ਇਸ ਮੌਕੇ ਪ੍ਰਮੋਟਰ ਬਲਵੀਰ ਸਿੰਘ ਬੈਂਸ ਨੇ ਜਿੱਥੇ ਸਭਨਾਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ, ਉਥੇ ਉਨ੍ਹਾਂ ਵਿਸ਼ੇਸ਼ ਚਿੰਨ੍ਹ ਦੇ ਕੇ ਸ: ਸਤਵੀਰ ਪੱਲੀਝਿੱਕੀ ਦਾ ਸਨਮਾਨ ਵੀ ਕੀਤਾ। ਉਨ੍ਹਾਂ ਇਸ ਮੌਕੇ ਕਿਹਾ ਕਿ ਸ: ਸਤਵੀਰ ਸਿੰਘ ਪੱਲੀਝਿੱਕੀ ਬਹੁਤ ਹੀ ਮਿਹਨਤੀ ਤੇ ਇਮਾਨਦਾਰ ਨੇਤਾ ਹਨ, ਜੋ ਇਲਾਕੇ ਦੀ ਬਿਹਤਰੀ ਲਈ ਦਿਨ ਰਾਤ ਕੰਮ ਕਰ ਰਹੇ ਹਨ। ਇਸ ਮੌਕੇ ਬਿਲਡਰ ਸੋਢੀ ਦਦਰਾਲ, ਕੁਲਤਾਰਜੀਤ ਥਿਆੜਾ, ਤਰਸੇਮ ਬੰਗਾ, ਗੁਰਚਰਨ ਪਾਬਲਾ, ਪ੍ਰਮੋਟਰ ਬਲਵੀਰ ਸਿੰਘ ਬੈਂਸ, ਗੋਗੀ ਗਿੱਲ, ਉਂਕਾਰ ਗਰਚਾ, ਪਰਦੀਪ, ਗੁਰਨੇਕ ਸਰਪੰਚ, ਗਾਇਕ ਕਸ਼ਮੀਰ ਫੁਰਤੀਲਾ, ਰਸਪਾਲ ਸਿੰਘ ਭਾਰਦਵਾਜ ਤੇ ਹੋਰ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ।

# ਕਵਾਲ ਰਾਹਤ ਫਤਿਹ ਅਲੀ ਖਾਂ ਦਾ ਸੂਫੀ ਰੰਗ ਸੈਕਰਾਮੈਂਟੋ 'ਚ 7 ਸਤੰਬਰ ਨੂੰ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਪੰਜਾਬੀ ਤੇ ਉਰਦੂ ਜ਼ੁਬਾਨ ਦੇ ਸੁਰੀਲੇ ਤੇ ਸੂਫੀ ਗਾਇਕ ਰਾਹਤ ਫਤਿਹ ਅਲੀ ਖਾਂ ਦੀ ਮਹਿਫਲ 7 ਸਤੰਬਰ ਨੂੰ ਸ਼ਾਮ 8 ਵਜੇ ਸੈਕਰਾਮੈਂਟੋ ਦੇ ਕਮਿਊਨਿਟੀ ਸੈਂਟਰ ਥੀਏਟਰ ਵਿਚ ਕਰਵਾਈ ਜਾ ਰਹੀ ਹੈ। ਇਸ ਸ਼ੋਅ ਦੀਆਂ ਟਿਕਟਾਂ ਪਹਿਲਾਂ ਹੀ ਭਾਰੀ ਗਿਣਤੀ ਵਿਚ ਉਹਨਾਂ ਦੇ ਚਾਹੁਣ ਵਾਲੇ ਖਰੀਦ ਚੁੱਕੇ ਹਨ। ਲਹਿੰਦੇ ਅਤੇ ਚੜ੍ਹਦੇ ਪੰਜਾਬਾਂ ਦੇ ਲੋਕ ਇਸ ਸੂਫੀ ਗਾਇਕ ਤੇ ਕਵਾਲ ਨੂੰ ਸੁਣਨ ਲਈ ਉਤਾਵਲੇ ਹਨ ਤੇ ਬਹੁਤ ਅਰਸੇ ਬਾਅਦ ਇਸ ਸੂਝ ਦੇ ਦਰਸ਼ਕਾਂ ਨੂੰ ਕੋਈ ਗਾਇਕ ਸੁਣਨ ਨੂੰ ਮਿਲੇਗਾ। ਸ਼ੋਅ ਦੇ ਪ੍ਰਬੰਧਕ ਸੰਜੀਵ ਮਸੀਹ, ਜਤਿੰਦਰ ਮਾਨ, ਜਤਿੰਦਰ ਜੋਗੀ ਅਤੇ ਰਾਜ ਨੇ ਦੱਸਿਆ ਕਿ ਇਸ ਸ਼ੋਅ ਪ੍ਰਤੀ ਪੰਜਾਬੀਆਂ ਦਾ ਕਾਫੀ ਉਲਾਰ ਹੈ ਤੇ ਸਾਰੇ ਯੋਗ ਪ੍ਰਬੰਧ ਕਰ ਲਏ ਗਏ ਹਨ।

## ਪੰਜਾਬ ਦੀ ਵੰਗਾਰ!

ਲੜਿਆ ਪੋਰਸ ਸੀ ਵਿਚ ਮੈਦਾਨ ਆ ਕੇ
ਜੇਤੂ ਦੁਨੀਆਂ ਦੇ ਤਾਈਂ ਲਲਕਾਰਿਆ ਸੀ
'ਤੈਂਕੀ ਦਰਦ ਨਾ ਆਇਆ' ਫੁਰਮਾਇ ਕੇ ਜੀ
ਬਾਬੇ ਬਾਬਰ ਦੇ ਤਾਈਂ ਫਿਟਕਾਰਿਆ ਸੀ
ਤਾਣ ਛਾਤੀਆਂ ਭਿੜਿਆ ਸੀ ਖਾਲਸਾ ਸੀ
ਨਾਦਰ ਸ਼ਾਹਾਂ ਨੂੰ ਏਥੋਂ ਨਿਕਾਰਿਆ ਸੀ
ਮੁਦਕੀ ਅਤੇ ਸਭਰਾਵਾਂ ਪਏ ਦੱਸਦੇ ਨੇ
ਸ਼ਾਮ ਸਿੰਘ ਜਿਹਾ ਸ਼ੇਰ ਭਬਕਾਰਿਆ ਸੀ
ਅਮਲਾਂ ਵਾਸਤੇ ਸ਼ਬਦ ਹੁਣ ਲੱਭਦੇ ਨਾ
ਅਣਖਾਂ ਭਰੀ ਵਿਰਾਸਤ ਦੇ ਮੈਨ੍ਹਿਆਂ 'ਚੋਂ
ਅੱਕ ਥੱਕ ਪੰਜਾਬ ਇਉਂ ਸੋਚਦਾ ਏ
ਕਦੋਂ ਉੱਠੂ ਕੋਈ ਸੂਰਮਾ ਐਨਿਆਂ 'ਚੋਂ!



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

# ਯੂਬਾ ਸਿਟੀ ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ. ਕੇ. ਦਾ ਵਿਰੋਧ

(ਸਫਾ 6 ਦੀ ਬਾਕੀ)

ਆਪਸ ਵਿਚ ਖਿੱਚ ਧੂਹ ਕੀਤੀ ਗਈ। ਗੱਲ ਬਹਿਸ ਤੋਂ ਸ਼ੁਰੂ ਹੋਈ ਅਤੇ ਅੰਤ ਵਿਚ ਪੁਲਿਸ ਸੱਦਣੀ ਪਈ। ਗੁਰੂ ਘਰ ਦੀ ਕਮੇਟੀ ਨੇ ਨਿਊਯਾਰਕ ਅਤੇ ਹੋਰ ਸ਼ਹਿਰਾਂ ਵਿਚ ਹੁੰਦਾ ਵਿਰੋਧ ਦੇਖਕੇ ਦੋ-ਤਿੰਨ ਦਿਨ ਪਹਿਲਾਂ ਆਪਣੀ ਮੀਟਿੰਗ ਕਰਕੇ ਜੀ. ਕੇ. ਸਾਹਿਬ ਦੀ ਫੇਰੀ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਲਿਖਤੀ ਰੂਪ ਵਿਚ ਦੱਸ ਦਿੱਤਾ ਸੀ ਕਿ ਤੁਸੀਂ ਮਨਜੀਤ ਸਿੰਘ ਜੀ. ਕੇ. ਨੂੰ ਗੁਰੂ ਘਰ ਲੈ ਕੇ ਆਉਣ ਦਾ ਆਪਣਾ ਪ੍ਰੋਗਰਾਮ ਰੱਦ ਕਰ ਦਿਓ ਪਰ ਇਸ ਦੇ ਬਾਵਜੂਦ ਲੈ ਕੇ ਆਉਣ ਵਾਲਿਆਂ ਵੱਲੋਂ ਕੋਈ ਵੀ ਫੈਸਲਾ ਨਾ ਲੈਣਾ ਅਤੇ ਸਕਿਊਰਟੀ ਦਾ ਪ੍ਰਬੰਧ ਨਾ ਕਰਨਾ ਇਸ ਸਾਰੀ ਘਟਨਾ ਦਾ ਕਾਰਨ ਬਣਿਆ। ਜਿੱਕੇ ਹੋਰ ਕਈ ਵੀਰਾਂ ਦੀਆਂ ਪੱਗਾਂ ਲਹਿ ਗਈਆਂ, ਉਥੇ ਮਨਜੀਤ ਸਿੰਘ ਜੀ. ਕੇ. ਦੀ ਵੀ ਪੱਗ ਲਹਿ ਗਈ ਅਤੇ ਉਹ ਜ਼ਮੀਨ ਤੇ ਡਿੱਗ ਪਏ ਪਰ ਕੁਝ ਅਕਾਲੀ ਵਰਕਰਾਂ ਨੇ ਉਹਨਾਂ ਨੂੰ ਚੁੱਕ ਕੇ ਵੈਨ ਵਿਚ ਬਿਠਾ ਦਿੱਤਾ।

ਇਹ ਸਾਰੀ ਘਟਨਾ ਵਾਪਰਨ ਤੋਂ ਬਾਅਦ ਭਾਰੀ ਗਿਣਤੀ ਵਿਚ ਪੁਲਿਸ ਆ ਗਈ। ਪਰ ਪੁਲਿਸ ਦੇ ਆਉਣ ਤੋਂ ਪਹਿਲਾਂ ਗਰਮ ਖਿਆਲੀ ਜਾ ਚੁੱਕੇ ਸਨ ਪਰ ਉਹਨਾਂ ਨੇ ਚਾਰ ਜਣਿਆਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਇਕ ਅਕਾਲੀ ਦਲ ਦਾ ਵਰਕਰ ਵੀ ਹੱਥਕੜੀ ਲਗਾ ਕੇ ਪੁਲਿਸ ਕਾਰ ਵਿਚ ਬਿਠਾ ਲਿਆ। ਇਹ ਸਾਰਾ ਕੁਝ ਗੁਰੂ ਘਰ ਦੇ ਬਾਹਰਲੇ ਪਾਸੇ ਹੋਇਆ। ਹਰ ਪਾਸੇ ਇਸ ਘਟਨਾ ਦੀ ਪੁਰਜ਼ੋਰ ਨਿਖੇਧੀ ਕੀਤੀ ਜਾ ਰਹੀ ਹੈ। ਇਸ ਮੌਕੇ ਅਕਾਲੀ ਦਲ ਅਮਰੀਕਾ ਦੇ ਅਹੁਦੇਦਾਰ ਵੀ ਹਾਜ਼ਰ ਸਨ, ਜਿਹਨਾਂ ਵਿਚ ਖਾਸ ਕਰਕੇ ਕੁਲਵੰਤ ਸਿੰਘ ਖਹਿਰਾ, ਬਲਜੀਤ ਸਿੰਘ,ਅਰਵਿੰਦਰ ਸਿੰਘ ਲਾਖਨ, ਰਵਿੰਦਰ ਸਿੰਘ ਬੋਇਲ, ਦਿਲਬਾਗ ਸਿੰਘ ਬੈਂਸ, ਕਰਮ ਸਿੰਘ ਬੈਂਸ ਅਤੇ ਹੋਰ ਵੀ ਲੀਡਰ ਹਾਜ਼ਰ ਸਨ। ਬਾਅਦ ਵਿਚ ਮਨਜੀਤ ਸਿੰਘ ਜੀ. ਕੇ. ਅਤੇ ਉਹਨਾਂ ਦੇ ਸਾਥੀਆਂ ਨੇ ਗੁਰੂ ਘਰ ਮੱਥਾ ਟੇਕਿਆ ਅਤੇ ਸ. ਦਿਲਬਾਗ ਸਿੰਘ ਬੈਂਸ ਵੱਲੋਂ ਉਹਨਾਂ ਨੂੰ ਸਿਰੋਪਾਓ ਦਿੱਤਾ ਗਿਆ।


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਪੂਨਾ ਪੈਕਟ

# ਰਾਜਨੀਤੀ ਭਾਵਨਾਵਾਂ ਤੋਂ ਵੱਧ ਸੰਭਾਵਨਾਵਾਂ ਦਾ ਖੇਡ



ਕੇ. ਸੀ. ਸੁਲੇਖ
0172-4623503

24 ਸਤੰਬਰ ਦਾ ਦਿਨ ਦਲਿਤ ਇਤਿਹਾਸ ਵਿਚ ਇਕ ਨਾ ਭੁੱਲਣ ਵਾਲਾ ਇਤਿਹਾਸਕ ਦਿਨ ਹੈ, ਜਿਸ ਦਿਨ 1932 ਵਿਚ ਡਾ. ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਅਛੂਤ ਅਧਿਕਾਰਾਂ ਬਾਰੇ ਪੂਨਾ ਪੈਕਟ ਨਾਮਕ ਸਮਝੌਤਾ ਹੋਣ ਨਾਲ ਅਛੂਤ ਕਹੇ ਜਾਣ ਵਾਲੇ ਲੋਕਾਂ ਦੇ ਸਿਆਸੀ ਅਤੇ ਸਮਾਜਿਕ ਜੀਵਨ ਵਿਚ ਇਕ ਨਵੇਂ ਮੋੜ ਆਉਣ ਦਾ ਨੀਂਹ ਪੱਥਰ ਰੱਖਿਆ ਗਿਆ ਜੋ ਲੋਕ ਉਦੋਂ ਤੱਕ ਜਾਨਵਰਾਂ ਤੋਂ ਵੀ ਭੈੜੀ ਨਰਕ ਸਮਾਨ ਜ਼ਿੰਦਗੀ ਨੂੰ ਆਪਣੇ ਪਿਛਲੇ ਜਨਮਾਂ 'ਚ ਕੀਤੇ ਮਾੜੇ ਪਾਪ ਕਰਮ ਸਮਝ ਕੇ ਜਿਊਣ ਦੇ ਆਦੀ ਹੋ ਚੁੱਕੇ ਸਨ। ਦੂਜਿਆਂ ਵਾਂਗ ਜੀਵਨ ਦੇ ਆਨੰਦ ਲੈਣ ਦੀ ਕਲਪਨਾ ਕਰਨਾ ਹੀ ਉਹਨਾਂ ਦੀ ਕਲਪਨਾ ਤੋਂ ਬਾਹਰ ਸੀ। ਲੇਕਿਨ ਇਸ ਸਮਝੌਤੇ ਦੇ ਹੋਂਦ ਵਿਚ ਆਉਣ ਨਾਲ ਉਹ ਸਭ ਦਰਵਾਜ਼ੇ ਖੁੱਲ੍ਹ ਗਏ, ਜਿਹਨਾਂ ਨੇ ਉਹਨਾਂ ਨੂੰ ਆਜ਼ਾਦੀ ਨਾਲ ਬਾਹਰ ਅੰਦਰ ਜਾਣੋਂ ਬੰਦ ਕਰ ਰੱਖਿਆ ਸੀ। ਜੀਵਨ ਨੂੰ ਖੁਸ਼ਹਾਲ ਬਣਾਉਣ ਦੇ ਰਸਤੇ ਵੀ ਨਜ਼ਰ ਆਉਣ ਲੱਗ ਪਏ। ਇਸ ਪੈਕਟ ਦੇ ਕਾਰਨ ਆਏ ਪਲਟੇ ਦੀ ਮਹੱਤਤਾ ਨੂੰ ਕੁਝ ਖਾਮੀਆਂ ਅਤੇ ਕਮੀਆਂ ਦੇ ਬਾਵਜੂਦ ਛੁਟਿਆਇਆ ਨਹੀਂ ਜਾ ਸਕਦਾ। ਇਸੇ ਸਮਝੌਤੇ ਦੀਆਂ ਸ਼ਰਤਾਂ ਦੀ ਰੌਸ਼ਨੀ ਵਿਚ 1935 ਵਿਚ ਗੌਰਮਿੰਟ ਆਫ਼ ਇੰਡੀਆ ਐਕਟ ਬਣਿਆ ਜਿਸ ਦੇ ਅਧੀਨ ਅਛੂਤਾਂ ਨੂੰ ਸਰਕਾਰੀ ਤੌਰ 'ਤੇ ਡ੍ਰੀਪ੍ਰੈਸਡ ਕਲਾਸਿਜ਼ ਤੋਂ ਸ਼ਡਿਊਲਡ ਕਾਸਟਸ (ਅਨੁਸੂਚਿਤ ਜਾਤੀਆਂ) ਦਾ ਨਾਂ ਮਿਲਿਆ। ਸਾਰੇ ਦੇਸ਼ ਦੀਆਂ ਸਟੇਟ ਵਿਧਾਨ ਸਭਾਵਾਂ ਵਿਚ ਰਾਖਵੀਆਂ ਸੀਟਾਂ 'ਤੇ ਦਲਿਤ ਨੁਮਾਇੰਦੇ ਚੁਣੇ ਗਏ। ਰਾਖਵਾਂਕਰਨ ਦੇ ਆਧਾਰ 'ਤੇ 1937 ਅਤੇ 1946 ਵਿਚ ਇਹਨਾਂ ਸਭਾਵਾਂ ਦੀਆਂ ਚੋਣਾਂ ਹੋਈਆਂ, ਸਰਕਾਰੀ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿਚ ਸ਼ਮੂਲੀਅਤ ਦੇ ਅਧਿਕਾਰ ਮਿਲੇ। 1950 ਤੋਂ ਲਾਗੂ ਸੰਵਿਧਾਨ ਵਿਚ ਦਲਿਤ ਸ਼੍ਰੇਣੀਆਂ ਲਈ ਜੋ ਰਿਜ਼ਰਵੇਸ਼ਨ ਆਦਿ ਦੇ ਅਧਿਕਾਰ ਦਿੱਤੇ ਗਏ, ਉਹਨਾਂ ਦੀ ਜੜ੍ਹ ਵੀ ਪੂਨਾ ਪੈਕਟ ਸੀ। ਲੇਕਿਨ ਇਹਨਾਂ ਵਿਸ਼ੇਸ਼ ਅਧਿਕਾਰਾਂ ਅਤੇ ਸਹੂਲਤਾਂ ਦਾ ਮਿੱਠੇ ਗੀਤਾਂ ਵਾਂਗ ਆਨੰਦ ਮਾਨਣ ਵਾਲਿਆਂ ਨੇ ਕਦੇ ਇਹ ਵੀ ਸੋਚਣ ਦੀ ਖੇਚਲ ਕੀਤੀ ਹੈ ਕਿ ਅਜਿਹੀ ਹੈਰਾਨੀਜਨਕ ਤਬਦੀਲੀ ਕਿਵੇਂ ਸੰਭਵ ਹੋ ਸਕੀ? ਇਸ ਦੇ ਪਿੱਛੇ ਕਿਸ ਸ਼ਕਤੀ ਦਾ ਹੱਥ ਸੀ ਜਾਂ ਇਹ ਸਭ ਕੁਝ ਆਪਣੇ ਆਪ ਹੋ ਗਿਆ? ਉਸ ਸ਼ਕਤੀ ਦੇ ਰੂਪ ਵਿਚ ਜਿਸ ਵੀ ਮਹਾਂਪੁਰਸ਼ ਨੂੰ ਉਮਰ ਭਰ ਇਹਨਾਂ ਰਾਖਸ਼ਸੀ ਤਾਕਤਾਂ ਨਾਲ ਜੂਝਣਾ ਪਿਆ। ਉਸ ਨੂੰ ਕਿੰਨੀਆਂ ਖ਼ੌਫਨਾਕ ਮੁਸੀਬਤਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ। ਕਿੰਨੀਆਂ ਕੁਰਬਾਨੀਆਂ ਦਿੱਤੀਆਂ ਹੋਣਗੀਆਂ, ਸਿਰਫ਼ ਇਸ ਲਈ ਕਿ ਉਸ ਦੇ ਸਹਿ ਪੀੜਤਾਂ ਦੀਆਂ ਗੁਲਾਮੀ ਦੀਆਂ ਬੇੜੀਆਂ ਸਦਾ ਲਈ ਕੱਟੀਆਂ ਜਾਣ। ਸ਼ਾਇਦ ਇਸੇ ਪੀੜਾ ਦਾ ਅਹਿਸਾਸ ਕਰਾਉਣ ਲਈ ਸਾਹਿਰ ਲੁਧਿਆਣਵੀ ਨੇ ਇਹ ਸ਼ਿਅਰ ਬੋਲਿਆ ਹੋਵੇਗਾ:

ਜੋ ਤਾਰ ਸੇ ਨਿਕਲੀ ਹੈ ਵੁਹ ਧੁਨ ਸਭ ਨੇ ਸੁਨੀ ਹੈ
ਜੋ ਸਾਜ਼ ਪੈ ਗੁਜ਼ਰੀ ਹੈ ਵੁਹ ਕਿਸ ਕੋ ਪਤਾ ਹੈ।

ਭਾਵ: ਜਿਹੜੀਆਂ ਮਿੱਠੀਆਂ ਸੁਰਾਂ ਤਾਰ ਵਿਚੋਂ ਨਿਕਲੀਆਂ ਹਨ, ਉਹਨਾਂ ਦਾ ਆਨੰਦ ਤਾਂ ਸਭ ਸਰੋਤਿਆਂ ਨੇ ਲਿਆ ਹੈ ਪਰ ਜਿਹੜੀ ਚੋਟ ਸੁਰ ਕੱਢਦੇ ਸਮੇਂ ਉਸ ਸਾਜ਼ (ਸਰੋਜ, ਸਿਤਾਰ, ਵੀਣਾ, ਵਾਇਲਨ, ਸਾਰੰਗੀ) ਨੂੰ ਸਹਿਣੀ ਪਈ। ਕੀ ਕਿਸੇ ਨੇ ਉਸ ਦਰਦ ਨੂੰ ਵੀ ਮਹਿਸੂਸ ਕੀਤਾ ਹੈ? ਸ਼ਾਇਰ ਦੀ ਉਸ ਪੀੜਾ ਦਾ ਅਹਿਸਾਸ ਕਰਦਿਆਂ ਅੱਖਾਂ ਸਾਹਮਣੇ ਬਾਬਾ ਸਾਹਿਬ ਅੰਬੇਡਕਰ ਦੀਆਂ ਤਸਵੀਰਾਂ ਆਪਣੇ ਆਪ ਆ ਜਾਂਦੀ ਹੈ।

ਭਾਰਤ ਲਈ ਨਵਾਂ ਸੰਵਿਧਾਨ ਬਣਾਉਣ ਅਤੇ ਉਸ ਦੁਆਰਾ 'ਅਛੂਤਾਂ' ਨੂੰ ਉਹਨਾਂ ਦੇ ਬਣਦੇ ਹੱਕ ਨਿਸ਼ਚਿਤ ਕਰਨ ਦੇ ਏਜੰਡੇ ਨੂੰ ਲੈ ਕੇ ਅੰਗਰੇਜ਼ ਹਕੂਮਤ ਨੇ ਲੰਡਨ ਵਿਚ ਗੋਲਮੇਜ਼ ਕਾਨਫਰੰਸਾਂ (1930-31) ਬੁਲਾਈਆਂ ਜਿਹਨਾਂ ਵਿਚ ਹੋਰ ਪਾਰਟੀਆਂ ਦੇ ਨਾਲ ਨਾਲ ਅਛੂਤ ਵਰਗਾਂ ਦਾ ਪੱਖ ਰੱਖਣ ਲਈ ਡਾ. ਅੰਬੇਡਕਰ ਅਤੇ ਹਿੰਦੂਆਂ ਵੱਲੋਂ ਆਪਣੀ ਸਦੀਵੀ ਬਾਦਸ਼ਾਹਤ ਬਰਕਰਾਰ ਰੱਖਣ ਦੀ ਵਕਾਲਤ ਲਈ ਲਈ ਮਹਾਤਮਾ ਗਾਂਧੀ ਸ਼ਾਮਲ ਹੋਏ। ਇਕ ਪਾਸੇ ਬ੍ਰਾਹਮਣਵਾਦੀ ਮੱਕੜ-ਜਾਲ ਤੋਂ ਆਜ਼ਾਦ ਹੋਣ ਲਈ ਕਰੋੜਾਂ ਲੋਕਾਂ ਦੇ ਦਿਲਾਂ ਦੀਆਂ ਧੜਕਣਾਂ ਬੇਕਰਾਰ ਸਨ, ਦੂਜੇ ਪਾਸੇ ਉਸ ਤੋਂ ਵੀ ਵੱਧ ਤਾਕਤ ਨਾਲ ਉਹਨਾਂ ਨੂੰ ਕੁਚਲਣ ਲਈ ਹਿੰਦੂ ਫੌਜਾਂ ਬਾਹਰ ਨਿਕਲ ਆਈਆਂ। ਰੈਫ਼ਰੀ ਦੇ ਤੌਰ 'ਤੇ ਫੈਸਲਾ ਅੰਗਰੇਜ਼ ਹਕੂਮਤ ਦੇ ਪ੍ਰਧਾਨ ਮੰਤਰੀ ਰੈਮਜ਼ੇ ਮੈਕਡਾਨਡ ਦੇ ਹੱਥ ਵਿਚ ਸੀ, ਜਿਸ ਦਾ ਅਖਤਿਆਰ ਵੀ ਉਸ ਸੰਮੇਲਨ ਵੱਲੋਂ ਸਰਬ ਸੰਮਤੀ ਨਾਲ ਥਾਪੀ ਗਈ ਮਾਇਨਾਰਟੀ ਕਮੇਟੀ ਨੇ ਪਹਿਲਾਂ ਹੀ ਦੇ ਦਿੱਤਾ ਸੀ ਅਤੇ ਅਖਤਿਆਰ ਦੇਣ ਵਾਲਿਆਂ ਵਿਚ ਮਹਾਤਮਾ ਗਾਂਧੀ ਵੀ ਸ਼ਾਮਲ ਸਨ ਅਤੇ ਆਖਰੀ ਫੈਸਲਾ ਆਉਣ ਤੇ ਆਪਣੀ ਜ਼ੁਬਾਨ ਤੋਂ ਪਿੱਛੇ ਹਟਣ ਵਾਲੇ ਵੀ ਮਹਾਤਮਾ ਗਾਂਧੀ ਸਨ। ਕਾਨਫਰੰਸ ਦੇ ਸੈਸ਼ਨ ਦੇ ਦੌਰਾਨ ਹੀ ਪ੍ਰਧਾਨ ਮੰਤਰੀ ਵੱਲੋਂ ਲਾਰਡ ਲੋਥੀਅਨ ਦੀ ਪ੍ਰਧਾਨਗੀ ਹੇਠ ਫ੍ਰੈਂਚਾਈਜ਼ ਕਮੇਟੀ (ਵੋਟ ਅਧਿਕਾਰ ਕਮੇਟੀ) ਦਾ ਗਠਨ ਕੀਤਾ ਜਿਸ ਦਾ ਮੁੱਖ ਕਾਰਜ ਸਾਰੇ ਦੇਸ਼ ਦਾ ਦੌਰਾ ਕਰਕੇ ਸੁਨਿਸ਼ਚਿਤ ਕਰਨਾ ਸੀ ਕਿ ਕੋਈ ਵੀ ਤਬਕਾ ਵੋਟ ਦੇ ਅਧਿਕਾਰ ਤੋਂ ਵਾਂਝਾ ਨਾ ਰਹਿ ਜਾਵੇ। ਇਸ ਸਾਰੀ ਪ੍ਰਕਿਰਿਆ ਦਾ ਮੁੱਖ ਉਦੇਸ਼ 'ਅਛੂਤਾਂ' ਦੀ ਕੁੱਲ ਆਬਾਦੀ ਦਾ ਪਤਾ ਕਰਕੇ ਉਹਨਾਂ ਨੂੰ ਵੱਖਰੀ ਨੁਮਾਇੰਦਗੀ ਦੇ ਹੱਕ ਦੇਣ ਲਈ ਆਧਾਰ ਤਿਆਰ ਕਰਨਾ ਸੀ ਜੋ ਬਹੁਤਾ ਕਰਕੇ ਪ੍ਰਾਂਤਿਕ ਸਰਕਾਰਾਂ ਦੀ ਜ਼ਿੰਮੇਵਾਰੀ ਸੀ ਪਰ ਇਸ ਕੰਮ ਵਿਚ ਕਿਸੇ ਸਰਕਾਰ ਨੇ ਵੀ ਸੱਚੇ ਦਿਲੋਂ ਸਹਿਯੋਗ ਨਹੀਂ ਦਿੱਤਾ ਕਿਉਂਕਿ ਉਸ ਸਮੇਂ ਵੀ ਸਰਕਾਰਾਂ ਉੱਤੇ ਹਿੰਦੂ ਲੋਕਾਂ ਦਾ ਹੀ ਗਲਬਾ/ਕਬਜਾ ਸੀ। ਹਰ ਇਕ ਨੇ 'ਅਛੂਤਾਂ' ਦੀ ਸਹੀ ਆਬਾਦੀ ਦੱਸਣ ਤੋਂ ਆਨਾਕਾਨੀ ਕੀਤੀ ਬਲਕਿ ਕਈਆਂ ਨੇ ਤਾਂ ਸਾਫ ਨਾਂਹ ਕਰ ਦਿੱਤੀ ਕਿ ਉਹਨਾਂ ਦੇ ਇਲਾਕੇ ਵਿਚ ਅਛੂਤ ਨਾਂ ਦੇ ਕੋਈ ਲੋਕ ਨਹੀਂ ਹਨ, ਜਿਹਨਾਂ ਨਾਲ ਛੂਤ-ਛਾਤ ਕੀਤੀ ਜਾਂਦੀ ਹੋਵੇ। ਬਾਬਾ ਸਾਹਿਬ ਦੇ ਹੀ ਕਥਨ ਅਨੁਸਾਰ ਇਸ ਤੋਂ ਵੱਡਾ ਝੂਠ ਹੋਰ ਕਿਹੜਾ ਹੋ ਸਕਦਾ ਹੈ ਜਦਕਿ ਜਨਗਣਨਾ ਕਮਿਸ਼ਨਰ ਅਨੁਸਾਰ ਉਹਨਾਂ ਦੀ ਆਬਾਦੀ ਸੱਤ ਤੋਂ ਅੱਠ ਕਰੋੜ ਪਹਿਲਾਂ ਹੀ ਰਿਕਾਰਡ ਕੀਤੀ ਜਾ ਚੁੱਕੀ ਹੈ।' ਜਿਹਨਾਂ ਹਿੰਦੂ ਲੋਕਾਂ ਨੇ ਅਛੂਤਾਂ ਜਾਂ ਉਹਨਾਂ ਦੀ ਆਬਾਦੀ ਬਾਰੇ ਕਦੀ ਪਰਵਾਹ ਹੀ ਨਹੀਂ ਕੀਤੀ ਸੀ, ਗੋਲਮੇਜ਼ ਕਾਨਫਰੰਸ ਤੋਂ ਬਾਅਦ ਉਹਨਾਂ ਦੇ ਹੋਂਦ ਦੀ ਮਹੱਤਤਾ ਸਮਝ ਆਉਣ ਲੱਗ ਪਈ, ਜਿਸ ਦੇ ਆਧਾਰ 'ਤੇ ਉਹਨਾਂ ਨੂੰ ਵਿਧਾਨ ਸਭਾਵਾਂ ਵਿਚ ਵੱਖਰੀ ਨੁਮਾਇੰਦਗੀ ਦੇ ਹੱਕ ਮਿਲਣ ਵਾਲੇ ਸਨ। ਸੁਭਾਵਿਕ ਸੀ ਕੜਵਾਹਟ ਅਤੇ ਵਿਰੋਧਤਾ ਹੋਰ ਵੱਧ ਗਈ।

ਲੰਡਨ ਤੋਂ ਵਾਪਰੀ ਦੇ ਦੌਰਾਨ ਮਹਾਤਮਾ ਗਾਂਧੀ ਨੇ ਰੋਮ ਵਿਚ ਐਲਾਨ ਕਰ ਦਿੱਤਾ ਕਿ ਜੇ 'ਅਛੂਤਾਂ' ਨੂੰ ਵੱਖਰੀ ਨੁਮਾਇੰਦਗੀ ਦੇ ਅਧਿਕਾਰ ਦਿੱਤੇ ਗਏ ਤਾਂ ਉਹ ਭੁੱਖ ਹੜਤਾਲ ਕਰਕੇ ਆਪਣੀ ਜਾਨ ਦੇ ਦੇਣਗੇ ਅਤੇ ਨਾਲ ਹੀ ਨਾਲ ਸਿਵਲ ਨਾਫੁਰਮਾਨੀ - ਨਾ ਮਿਲਵਰਤਨ ਦੀ ਵੀ ਧਮਕੀ ਦੇ ਦਿੱਤੀ, ਜਿਸ ਲਈ ਉਹਨਾਂ ਨੂੰ ਇੰਡੀਆ ਪਹੁੰਚਦਿਆਂ ਹੀ ਗ੍ਰਿਫ਼ਤਾਰ ਕਰਕੇ ਪੂਨਾ ਦੀ ਯਰਵਦਾ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਇਸੇ ਦੌਰਾਨ ਪ੍ਰਧਾਨ ਮੰਤਰੀ ਨੇ 'ਅਛੂਤਾਂ' ਦੇ ਪੱਖ ਨੂੰ ਸਹੀ ਮੰਨਦੇ ਹੋਏ ਫੈਸਲਾ 'ਕਮਿਊਨਲ ਐਵਾਰਡ' ਉਹਨਾਂ ਦੇ ਹੱਕ ਵਿਚ ਦੇ ਦਿੱਤਾ, ਜਿਸ ਨੂੰ ਮਹਾਤਮਾ ਗਾਂਧੀ ਨੇ ਨਾਮਨਜ਼ੂਰ ਕਰਕੇ ਆਪਣੇ ਐਲਾਨ ਅਨੁਸਾਰ 20 ਸਤੰਬਰ ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਅਤੇ ਗਾਂਧੀ ਦਰਮਿਆਨ ਹੋਏ ਪੱਤਰ ਵਿਹਾਰ ਵਿਚ ਜਦ ਗਾਂਧੀ ਨੇ ਅਛੂਤਾਂ ਅਤੇ ਹਿੰਦੂਆਂ ਦੇ ਅਨਿਖੜਵੇਂ ਰਿਸ਼ਤਿਆਂ ਅਤੇ ਹਿੰਦੂ ਏਕਤਾ ਦੀ ਗੱਲ ਕੀਤੀ ਤਾਂ ਪ੍ਰਧਾਨ ਮੰਤਰੀ ਨੇ ਵੀ ਉਸੇ ਤਰ੍ਹਾਂ ਦੇ ਸੁਰ ਵਿਚ ਆਪਣੀ ਚਿੱਠੀ ਮਿਤੀ 8-9-1932 ਵਿਚ ਇੱਥੋਂ ਤੱਕ ਲਿਖ ਦਿੱਤਾ ਕਿ ਤੁਹਾਡੀ ਮਨਸ਼ਾ ਡੀਪ੍ਰੈਸਡ ਕਲਾਸਿਜ਼ (ਦਲਿਤਾਂ) ਦਾ ਹਿੰਦੂਆਂ ਨਾਲ ਸਾਂਝੀਆਂ ਚੋਣਾਂ ਕਰਵਾਉਣ ਜਾਂ ਹਿੰਦੂ ਏਕਤਾ ਨੂੰ ਕਾਇਮ ਰੱਖਣਾ ਨਹੀਂ ਹੈ, ਬਲਕਿ ਇਸ ਦਾ ਇਕੋ ਇਕ ਮਕਸਦ ਉਹਨਾਂ ਨੂੰ ਉਹਨਾਂ ਦੇ ਬਣਦੇ ਅਧਿਕਾਰਾਂ ਤੋਂ ਵਾਂਝਿਆਂ ਰੱਖਣਾ ਹੈ, ਜਿਹੜੇ ਲੋਕ ਸਦੀਆਂ ਤੋਂ ਦੁੱਖ ਤਕਲੀਫ਼ਾਂ ਭੋਗਦੇ ਰਹੇ ਹਨ।' ਗਾਂਧੀ ਦੇ ਮਰਨ ਵਰਤ ਸ਼ੁਰੂ ਹੋਣ ਨਾਲ ਜਿਹਾ ਕਿ ਹੋਣਾ ਹੀ ਸੀ ਅਤੇ ਜਿਸ ਦਾ ਪ੍ਰਚੰਡ ਪ੍ਰਚਾਰ ਨਾਲ ਮਾਹੌਲ ਪਹਿਲਾਂ ਹੀ ਗਰਮ ਕਰ ਦਿੱਤਾ ਗਿਆ ਸੀ, ਹਿੰਦੂ ਜਮਾਤ ਇੱਕਮੁੱਠ ਹੋ ਕੇ ਫੈਸਲੇ ਦੇ ਖ਼ਿਲਾਫ਼ ਖੜ੍ਹੀ ਹੋ ਗਈ ਕਿਉਂਕਿ ਇਸ ਬਹੁਤ ਭਾਰੀ ਗਿਣਤੀ ਦੇ 'ਅਛੂਤਾਂ' ਨੂੰ ਵੱਖਰੇ ਚੋਣ ਅਧਿਕਾਰ ਮਿਲਣ ਨਾਲ ਉਹਨਾਂ ਦੇ ਸ਼ੋਸ਼ਣ ਅਤੇ ਜਬਰ ਜ਼ੁਲਮ ਦੇ ਕਿਲ੍ਹੇ ਦਾ ਚਕਨਾ ਚੂਰ ਹੋਣਾ ਯਕੀਨੀ ਸੀ। ਇਹ ਇਕੱਲੇ ਗਾਂਧੀ ਲਈ ਹੀ ਨਹੀਂ ਸਾਰੀ ਹਿੰਦੂ ਜਮਾਤ ਲਈ ਸਿਰ ਧੜ ਦੀ ਬਾਜ਼ੀ ਬਣ ਗਈ ਸੀ। ਜਿਉਂ ਜਿਉਂ ਵਰਤ ਦੇ ਦਿਨ ਗੁਜ਼ਰ ਰਹੇ ਸਨ, ਗਾਂਧੀ ਦੀ ਸਿਹਤ ਵਧੇਰੇ ਵਿਗੜਨ ਦੀਆਂ ਖ਼ਬਰਾਂ ਨਾਲ ਹਾਹਾਕਾਰ ਦਾ ਸ਼ੋਰ ਹੋਰ ਉੱਚਾ ਅਤੇ ਤਿੱਖਾ ਹੁੰਦਾ ਗਿਆ। ਵਿਰੋਧਤਾ ਅਤੇ ਤਣਾਅ ਦਾ ਮਾਹੌਲ ਇੰਨਾ ਗੰਭੀਰ ਹੋ ਗਿਆ, ਜਿਸ ਵਿਚ ਬੜੇ ਤੋਂ ਬੜੇ ਹੌਸਲੇ ਵਾਲੇ ਬੰਦਾ ਦੇ ਪੈਰਾਂ ਤੇ ਖੜ੍ਹੇ ਰਹਿਣਾ ਮੁਸ਼ਕਿਲ ਸੀ। ਹਿੰਦੂ ਲੋਕਾਂ ਦੇ ਦਿਮਾਗ ਵਿਚ ਲਗਾਤਾਰ ਪ੍ਰਚਾਰ ਰਾਹੀਂ ਇਹੀ ਬਿਠਾ ਦਿੱਤਾ ਗਿਆ ਕਿ ਇਸ ਸਾਰੇ ਫਸਾਦ ਦੀ ਜੜ੍ਹ ਡਾ. ਅੰਬੇਡਕਰ ਹੀ ਹੈ। ਨਤੀਜੇ ਵਜੋਂ ਉਹਨਾਂ ਨੂੰ ਗੁੱਸੇ ਅਤੇ ਨਫ਼ਰਤ ਦਾ ਸ਼ਿਕਾਰ ਬਣਾ ਕੇ ਜਿਸ ਤਰ੍ਹਾਂ ਇਹਨਾਂ ਲੋਕਾਂ ਨੇ ਉਹਨਾਂ ਦੇ ਖ਼ਿਲਾਫ਼ ਬਦਤਮੀਜ਼ੀ ਦਾ ਤੂਫਾਨ ਖੜ੍ਹਾ ਕੀਤਾ ਗਿਆ, ਕੀ ਅੱਜ ਦੇ ਰਿਜ਼ਰਵੇਸ਼ਨ ਅਧਿਕਾਰ ਦਾ ਆਨੰਦ ਮਾਨਣ ਵਾਲੇ ਲੋਕ ਕਲਪਨਾ ਵੀ ਕਰ ਸਕਦੇ ਹਨ ਕਿ ਉਸ ਵੇਲੇ ਉਹਨਾਂ 'ਤੇ ਕੀ ਗੁਜ਼ਰਦੀ ਹੋਵੇਗੀ? ਲੇਕਿਨ ਉਹ ਇਸ ਤੂਫਾਨ ਵਿਚ ਵੀ ਚਟਾਨ ਵਾਂਗ ਅਡਿੱਗ ਰਹੇ।

ਕਹਿਣ ਨੂੰ ਤਾਂ ਉਸ ਗੋਲਮੇਜ਼ ਕਾਨਫਰੰਸ ਵਿਚ 'ਅਛੂਤਾਂ' ਦੇ ਪ੍ਰਤੀਨਿਧੀ ਵਜੋਂ ਬਾਬਾ ਸਾਹਿਬ ਦੇ ਨਾਲ ਰਾਓ ਬਹਾਦਰ ਆਰ. ਸ੍ਰੀਨਿਵਾਸਨ ਵੀ ਸ਼ਾਮਲ ਹੋਏ ਪਰ ਜਿੱਥੋਂ ਤੱਕ ਸਭਾ ਵਿਚ ਹੋਈ ਅਛੂਤ ਅਧਿਕਾਰਾਂ ਬਾਰੇ ਬਹਿਸ ਕਰਨ ਜਾਂ ਬਹਿਸ ਦੇ ਜਵਾਬ ਦੇਣ ਅਤੇ ਹੋ ਰਹੇ ਛੜਯੰਤਰਾਂ ਨਾਲ ਨਜਿੱਠਣ ਦਾ ਸਬੰਧ ਸੀ, ਉਸ ਦਾ ਕ੍ਰੈਡਿਟ (ਯਸ਼) ਕੇਵਲ ਡਾ. ਅੰਬੇਡਕਰ ਨੂੰ ਹੀ ਜਾਂਦਾ ਹੈ।

ਇਤਿਹਾਸ ਗਵਾਹ ਹੈ, ਨਾ ਹੀ ਉਸ ਸਮੇਂ ਦੇ ਇਕ ਹੋਰ ਉੱਘੇ ਅਛੂਤ ਨੇਤਾ ਦੀਵਾਨ ਬਹਾਦਰ ਨੇ ਅਛੂਤ ਅਧਿਕਾਰਾਂ ਦੀ ਲੜਾਈ ਵਿਚ ਕੋਈ ਸਕਾਰਾਤਮਕ ਯੋਗਦਾਨ ਪਾਇਆ ਬਲਕਿ ਉਸ ਨੇ ਬਾਅਦ ਵਿਚ ਹਿੰਦੂ ਨੇਤਾਵਾਂ ਨਾਲ ਮਿਲ ਕੇ ਬਾਬਾ ਸਾਹਿਬ ਦੇ ਯਤਨਾਂ ਨੂੰ ਤਾਰਪੀਡੋ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਬਾਬਾ ਸਾਹਿਬ ਨੂੰ ਕਮਿਊਨਲ ਐਵਾਰਡ (ਫਿਰਕੂ ਫ਼ੈਸਲੇ) ਛੱਡ ਕੇ ਪੂਨਾ ਪੈਕਟ ਕਿਉਂ ਮੰਨਣਾ ਪਿਆ, ਜਦਕਿ ਗਾਂਧੀ ਅਤੇ ਹਿੰਦੂ ਪਾਰਟੀਆਂ ਦੇ ਸਖ਼ਤ ਦਬਾਅ ਤੋਂ ਬਾਅਦ ਵੀ ਪ੍ਰਧਾਨ ਮੰਤਰੀ ਰੈਮਜ਼ੇ ਮੈਕਡਾਨਲਡ ਨੇ ਉਸ ਫ਼ੈਸਲੇ ਵਿਚ ਕੋਈ ਤਬਦੀਲੀ ਕਰਨ ਜਾਂ ਨਾ ਕਰਨ ਦੀ ਪੂਰੀ ਆਜ਼ਾਦੀ ਉਹਨਾਂ ਨੂੰ ਦੇ ਦਿੱਤੀ ਸੀ। ਇਸ ਬਾਰੇ ਉਹਨਾਂ ਨੇ ਵਿਸਥਾਰ ਪੂਰਵਕ ਜਾਣਕਾਰੀ ਆਪਣੀਆਂ ਲਿਖਤਾਂ ਵਿਚ ਦੇ ਦਿੱਤੀ ਹੈ, ਜਿਸ ਨੂੰ ਪੜ੍ਹ ਕੇ ਮਨ ਸੁੰਨ ਹੋ ਜਾਂਦਾ ਹੈ ਕਿ ਆਪਣੇ ਆਪ ਨੂੰ ਸੱਚ ਦਾ ਪੁਜਾਰੀ ਅਤੇ ਮਹਾਤਮਾ ਅਖਵਾਉਣ ਵਾਲੇ ਮੋਹਨਦਾਸ ਗਾਂਧੀ ਸਦੀਆਂ ਤੋਂ ਮਨੂੰਵਾਦ ਦੇ ਸ਼ਿਕਾਰ ਅਛੂਤ ਤਬਕਿਆਂ ਨੂੰ ਮਿਲ ਰਹੇ ਅਧਿਕਾਰਾਂ ਨੂੰ ਰੱਦ ਕਰਵਾਉਣ ਲਈ ਗਿਰਾਵਟ ਦੀ ਕਿਸ ਹੱਦ ਤੱਕ ਜਾ ਸਕਦੇ ਹਨ ਫਿਲਹਾਲ ਹੁਣ ਉਹ ਕਾਂਡ ਵੀ ਹੋਰ ਅਨੇਕ ਘਟਨਾਵਾਂ ਵਾਂਗ ਇਤਿਹਾਸ ਦਾ ਹਿੱਸਾ ਬਣ ਗਿਆ ਹੈ ਅਤੇ ਨਾ ਹੀ ਇਕੋ ਜਗ੍ਹਾ ਖੜ੍ਹੇ ਰਹਿਣਾ ਸਮੇਂ ਦੀ ਮੰਗ ਹੈ। ਬਾਬਾ ਸਾਹਿਬ ਨੇ ਉਸ ਸਮੇਂ ਪੈਦਾ ਹੋ ਚੁੱਕੀ ਵਿਸਫੋਟਕ ਹਾਲਤ ਨੂੰ ਮਨ ਵਿਚ ਰੱਖਦਿਆਂ ਜੋ ਲਿਖਿਆ, ਉਸ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਉਸ ਸਮੇਂ ਕਿੰਨੀ ਮੁਸ਼ਕਿਲ ਸਥਿਤੀ ਵਿਚ ਫਸ ਗਏ ਸਨ। ਉਹ ਲਿਖਦੇ ਹਨ (ਜਿਲਦ 9 ਪੰਨਾ 88) 'ਜਿੱਥੇ ਤੱਕ ਮੇਰਾ ਸਬੰਧ ਹੈ, ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਮੈਥੋਂ ਵੱਧ ਕੇ ਕੋਈ ਵੀ ਮਨੁੱਖ ਇੰਨੀ ਗੰਭੀਰ ਅਤੇ ਮੁਸ਼ਕਿਲ ਦੁਬਿਧੀ ਵਿਚ ਨਹੀਂ ਫਸਿਆ ਹੋਵੇਗਾ। ਮੇਰੇ ਲਈ ਇਹ ਬਹੁਤ ਪ੍ਰੇਸ਼ਾਨ ਕਰਨ ਵਾਲਾ ਮੌਕਾ ਸੀ। ਮੇਰੇ ਸਾਹਮਣੇ ਦੋ ਰਸਤਿਆਂ ਵਿਚੋਂ ਇਕ ਰਸਤਾ ਚੁਣਨ ਦਾ ਸਵਾਲ ਸੀ। ਇਕ ਮਨੁੱਖੀ ਸਮਾਜ ਦਾ ਅੰਗ ਹੁੰਦੇ ਹੋਏ ਗਾਂਧੀ ਦੀ ਜਾਨ ਨੂੰ ਯਕੀਨੀ ਮੌਤ ਤੋਂ ਬਚਾਉਣਾ। ਦੂਜਾ ਅਛੂਤਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਜਿਹੜੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਆਪਣੇ 'ਫਿਰਕੂ ਫ਼ੈਸਲੇ' ਦੁਆਰਾ ਅਛੂਤਾਂ ਨੂੰ ਦਿੱਤਾ ਸਨ। ਮੈਂ ਮਨੁੱਖੀ ਭਾਵਨਾਵਾਂ ਨੂੰ ਮੁੱਖ ਰੱਖ ਕੇ ਗਾਂਧੀ ਦੀ ਜਾਨ ਬਚਾਉਣ ਨੂੰ ਬਿਹਤਰ ਸਮਝਿਆ।'

ਗਾਂਧੀ ਦੀ ਯਕੀਨੀ ਮੌਤ ਤੋਂ ਉਹਨਾਂ ਦੀ ਜਾਨ ਬਚਾਉਣ ਬਾਰੇ ਉਕਤ ਬਿਆਨ ਨੂੰ ਬਾਬਾ ਸਾਹਿਬ ਵੱਲੋਂ ਸਮਝੌਤੇ ਤੋਂ ਛੇਤੀ ਬਾਅਦ ਜ਼ਾਹਿਰ ਕੀਤੀ ਪਹਿਲੀ ਪ੍ਰਤੀਕਿਰਿਆ ਕਹਿਣਾ ਹੀ ਠੀਕ ਹੋਵੇਗਾ, ਜਿਸ ਸਮੇਂ ਉਹਨਾਂ ਦੇ ਮਨ ਤੇ ਮਾਨਵਤਾ ਪੱਖੀ ਭਾਵਨਾਵਾਂ ਤੋਂ ਇਲਾਵਾ ਗਾਂਧੀ ਅਤੇ ਦੂਜੇ ਹਿੰਦੂ ਲੀਡਰਾਂ ਵਲੋਂ ਖਾਧੀਆਂ ਸਹੁੰਆਂ, ਦਿੱਤੇ ਭਰੋਸੇ ਅਤੇ ਖੁਦ ਆਪਣੇ ਸਮਾਜ ਦੀ 'ਤਾਕਤ' ਦੇ ਖਿਆਲ ਵੀ ਹਾਵੀ ਹੋ ਸਕਦੇ ਹਨ ਕਿ ਕੀ ਉਹ ਗਾਂਧੀ ਦੇ ਵਰਤ ਕਾਰਨ ਮਰਨ ਦੀ ਸੂਰਤ ਵਿਚ ਹਿੰਦੂ ਦਹਿਸ਼ਤ ਦਾ ਸਾਹਮਣਾ ਕਰ ਸਕਣਗੇ? ਕੁਝ ਲੋਕ ਹਾਲੇ ਵੀ ਸਾਂਝੀ ਵੋਟ ਪ੍ਰਣਾਲੀ ਤੋਂ ਦੁਖੀ ਹੋ ਕੇ ਇਸ ਮੱਤ ਦੇ ਧਾਰਨੀ ਹਨ ਕਿ ਡਾਕਟਰ ਸਾਹਿਬ ਨੂੰ 'ਫਿਰਕੂ ਫ਼ੈਸਲੇ' ਤੇ ਅੜੇ ਰਹਿਣਾ ਚਾਹੀਦਾ ਸੀ: ਬੇਸ਼ੱਕ ਗਾਂਧੀ ਫੌਤ ਹੋ ਜਾਂਦੇ' ਲੇਕਿਨ ਇਸ ਬਹੁਤ ਅੱਗੇ ਜਾ ਚੁੱਕੇ ਅੱਜ ਦੇ ਯੁੱਗ ਵਿਚ ਅਜਿਹੀਆਂ 'ਸ਼ੁਰਲੀਆਂ' ਦੀ ਨਾਂ ਕਈ ਜਗ੍ਹਾ ਹੈ ਅਤੇ ਨਾ ਕੋਈ ਮਤਲਬ। ਰਾਜਨੀਤੀ ਦੇ ਮੈਦਾਨ ਵਿਚ ਇਹਨਾਂ ਨਿਰੀਆਂ ਭਾਵਨਾਵਾਂ ਦਾ ਸਥਾਨ ਨਹੀਂ ਹੁੰਦਾ, ਜਿਹਨਾਂ ਬਦਲਦੇ ਹਾਲਾਤ ਵਿਚ ਸੰਭਾਵਨਾਵਾਂ ਦਾ ਹੁੰਦਾ ਹੈ। ਉਸ ਸਮੇਂ ਉਹਨਾਂ ਹਾਲਾਤ ਵਿਚ ਅਛੂਤ ਹਿਤਾਂ ਲਈ ਕਿਹੜਾ ਰਸਤਾ ਜ਼ਿਆਦਾ ਫਾਇਦੇਮੰਦ ਸੀ, ਉਸ ਦਾ ਫੈਸਲਾ ਉਹਨਾਂ ਤੋਂ ਬਗੈਰ ਹੋਰ ਕੌਣ ਕਰ ਸਕਦਾ ਸੀ? ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸਾਂਝੀ ਵੋਟ ਪ੍ਰਣਾਲੀ ਸਮਝੌਤੇ ਦੇ ਅਮਲੀ ਨਤੀਜਿਆਂ ਨੂੰ ਸੋਚ ਕੇ ਉਹ ਖੁਸ਼ੀ ਵੀ ਨਹੀਂ ਸਨ ਬਲਕਿ ਸੱਚ ਤਾਂ ਇਹ ਹੈ ਕਿ ਉਹ ਬਹੁਤ ਦੁਖੀ ਮਹਿਸੂਸ ਕਰਦੇ ਰਹੇ। ਉਹਨਾਂ ਨੇ ਖਾਸ ਕਰ ਗਾਂਧੀ ਦੇ ਵਿਸ਼ਵਾਸਘਾਤ ਨੂੰ ਯਾਦ ਕਰਦਿਆਂ ਕਿਤਾਬਾਂ ਦੀਆਂ ਕਿਤਾਬਾਂ ਲਿਖ ਦਿੱਤੀਆਂ। ਪੁਸਤਕ ਕਾਂਗਰਸ ਅਤੇ ਗਾਂਧੀ ਨੇ ਅਛੂਤਾਂ ਨਾਲ ਕੀ ਕੀਤਾ? (1945) ਉਹਨਾਂ ਦੇ ਦਿਲ ਦੇ ਗੁੱਸੇ, ਰੋਸ ਅਤੇ ਦੁੱਖ ਨੂੰ ਪ੍ਰਗਟਾਉਂਦਾ ਇਕ ਸ਼ਾਹਕਾਰ ਦਸਤਾਵੇਜ਼ ਹੈ, ਜਿਸ ਵਿਚ ਇਸ ਸਾਰੀ ਕਥਾ ਕਹਾਣੀ ਦੇ ਬਿਰਤਾਂਤ ਵਿਸਥਾਰ ਪੂਰਵਕ ਦਰਜ ਹਨ। ਸਾਂਝੀ ਚੋਣ ਪ੍ਰਣਾਲੀ ਹੇਠ ਚੁਣੇ ਗਏ ਦਲਿਤ ਵਿਧਾਇਕਾਂ ਦੀ ਕਾਰਜ ਕੁਸ਼ਲਤਾ ਬਾਰੇ ਇਸੇ ਪੁਸਤਕ ਵਿਚ ਲਿਖਦੇ ਹਨ (ਪੰਨਾ 101-102)

"ਕਾਂਗਰਸ ਦਾ ਦੂਜਾ ਮਾੜਾ ਵਿਵਹਾਰ ਅਛੂਤ ਕਾਂਗਰਸੀਆਂ ਨੂੰ ਕਠੋਰ ਪਾਬੰਦੀਆਂ 'ਚ ਜਕੜਨਾ। ਉਹਨਾਂ ਦੀਆਂ ਸਰਗਰਮੀਆਂ ਉੱਤੇ ਪਾਰਟੀ ਕਮਾਨ ਦਾ ਇੰਨਾ ਸਖ਼ਤ ਕੰਟਰੋਲ ਸੀ ਕਿ ਉਹ ਆਪਣੀ ਮਰਜ਼ੀ ਨਾਲ ਕੁਝ ਵੀ ਨਾ ਕਰ ਸਕਦੇ। ਉਹਨਾਂ ਦੀ ਪਸੰਦ ਦੇ ਉਲਟ ਕੋਈ ਸਵਾਲ ਪੁੱਛ ਸਕਦੇ ਨਾ ਉਹਨਾਂ ਦੀ ਇਜਾਜ਼ਤ ਬਿਨਾਂ ਕੋਈ ਮਤਾ ਪੇਸ਼ ਕਰ ਸਕਦੇ। ਉਹ ਕਿਸੇ ਮੁੱਦੇ 'ਤੇ ਆਪਣੀ ਮਰਜ਼ੀ ਨਾਲ ਵੋਟ ਵੀ ਨਹੀਂ ਸਨ ਕਰ ਸਕਦੇ। ਉਹ ਗੂੰਗੇ ਪਸ਼ੂਆਂ ਦੀ ਤਰ੍ਹਾਂ ਬੇਵੱਸ ਸਨ, ਜਿਹਨਾਂ ਨੂੰ ਮਾਲਕ ਜਿੱਧਰ ਚਾਹੇ ਲੈ ਜਾਵੇ। ਅਛੂਤ ਮੈਂਬਰਾਂ ਦਾ ਵਿਧਾਨ ਸਭਾਵਾਂ ਵਿਚ ਜਾ ਕੇ ਪਹਿਲਾ ਫਰਜ਼ ਆਪਣੇ ਲੋਕਾਂ ਦੇ ਦੁੱਖ ਤਕਲੀਫ਼ਾਂ ਨੂੰ ਰੱਖ ਕੇ ਅਤੇ ਬਹਿਸ ਕਰਕੇ ਉਹਨਾਂ ਦਾ ਸਮਾਧਾਨ ਕਰਾਉਣਾ ਹੁੰਦਾ ਹੈ, ਜਿਸ ਨੂੰ ਕਾਂਗਰਸ ਨੇ ਪੂਰੀ ਚਤੁਰਾਈ ਅਤੇ ਸਫਲਤਾ ਨਾਲ ਰੋਕ ਦਿੱਤਾ। ਇਸ ਸਾਰੀ ਲੰਮੀ ਅਤੇ ਅਫਸੋਸਨਾਕ ਦਾਸਤਾਨ ਦਾ ਨਿਚੋੜ ਇਹ ਹੈ ਕਿ ਕਾਂਗਰਸ ਨੇ ਪੂਨਾ ਪੈਕਟ ਦੇ ਵਿਚਲਾ ਰਸ ਆਪ ਚੂਸ ਲਿਆ ਅਤੇ ਛਿੱਲੜ ਅਛੂਤਾਂ ਦੇ ਮੂੰਹ 'ਤੇ ਮਾਰ ਦਿੱਤਾ।"

ਗਾਂਧੀ ਅਤੇ ਕਾਂਗਰਸ ਵਲੋਂ ਦਿੱਤੇ ਵਿਸ਼ਵਾਸਘਾਤ ਦੀ ਇਹ ਇਕ ਅਜਿਹੀ ਸੱਟ ਸੀ, ਜਿਸ ਨੂੰ ਬਾਬਾ ਸਾਹਿਬ ਕਦੇ ਵੀ ਭੁਲਾ ਨਾ ਸਕੇ। ਇਸ ਦੇ ਨਾਲ ਹੀ ਇਹ ਅੰਦਾਜ਼ਾ ਵੀ ਲਗਾਇਆ ਜਾ ਸਕਦਾ ਹੈ ਕਿ ਉਹਨਾਂ ਨੂੰ ਅਛੂਤ ਅਧਿਕਾਰਾਂ ਲਈ ਲੰਮੀ ਲੜਾਈ ਲੜਨ ਤੋਂ ਬਾਅਦ ਗਾਂਧੀ ਦੇ ਵਿਸ਼ਵਾਸ ਘਾਤ ਤੋਂ ਇਲਾਵਾ ਆਪਣੇ ਹੀ 'ਹਰੀਜਨ' ਗਾਂਧੀ ਭਗਤਾਂ ਦੀ ਗੱਦਾਰੀ ਨੂੰ ਦੇਖ ਕੇ ਕਿੰਨੀ ਮਾਨਸਿਕ ਪੀੜਾ ਮਹਿਸੂਸ ਹੋਈ ਹੋਵੇਗੀ।

ਇਸ ਪੀੜਾ ਨੂੰ ਮਹਿਸੂਸ ਕਰਨ ਅਤੇ ਸਹਿਣ ਵਾਲੇ ਬਾਬਾ ਸਾਹਿਬ ਇਕੱਠੇ ਨਹੀਂ ਹਨ, ਉਹਨਾਂ ਦੇ ਪਿੱਛੇ ਸਾਰਾ 'ਅਛੂਤ' ਜਗਤ ਖੜ੍ਹਾ ਹੈ। ਹਾਲਾਤ ਨੇ ਕੁਝ ਪਲਟਾ ਖਾਧਾ ਅਤੇ ਦਲਿਤ ਵਰਗ ਨੂੰ ਵੀ ਕੁਝ ਰਾਹਤ ਨਸੀਬ ਹੋਈ, ਜਦ ਆਜ਼ਾਦੀ ਉਪਰੰਤ ਨਵੇਂ ਸੰਵਿਧਾਨ ਲਿਖਣ ਅਤੇ ਬਣਾਉਣ ਦਾ ਕੰਮ ਖੁਦ ਬਾਬਾ ਸਾਹਿਬ ਦੇ ਹੱਥ ਆਇਆ ਅਤੇ ਸੰਵਿਧਾਨ ਮਸੌਦਾ ਕਮੇਟੀ ਦੇ ਚੇਅਰਮੈਨ ਵਜੋਂ ਉਹਨਾਂ ਨੇ ਜਿਸ ਦਾਨਸ਼ਮੰਦੀ ਨਾਲ ਅਛੂਤਾਂ ਦੇ ਅਧਿਕਾਰਾਂ ਅਤੇ ਉਹਨਾਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਲਈ ਕਾਨੂੰਨਾਂ ਅਤੇ ਸਿਧਾਂਤਾਂ ਦੀ ਸਿਰਜਣਾ ਕੀਤੀ, ਉਸ ਨਾਲ ਨਾ ਕੇਵਲ 1932 ਦੇ ਪੂਨਾ ਪੈਕਟ ਵਿਚ ਰਹਿ ਗਈਆਂ ਕਮੀਆਂ ਦਾ ਸੁਧਾਰ ਕੀਤਾ ਬਲਕਿ ਅੱਗੇ ਲਈ ਵੀ ਤਰੱਕੀ ਅਤੇ ਵਿਕਾਸ ਦੇ ਪੱਕੇ ਇੰਤਜ਼ਾਮ ਕਰ ਦਿੱਤੇ।

ਪੂਨਾ ਪੈਕਟ ਨੇ ਅਛੂਤ ਮਾਨਵਾਂ ਦੇ ਸਿਰਾਂ ਤੇ ਸਦੀਆਂ ਤੋਂ ਸਵਾਰ ਮਨੂੰਵਾਦੀ ਭੂਤ ਉਤਾਰਿਆ। ਸੰਵਿਧਾਨ ਨੇ ਉਸ ਭੂਤ ਨੂੰ ਕਾਨੂੰਨਾਂ ਦੀ ਹਜ਼ਾਰਾਂ ਟਨ ਮਿੱਟੀ ਥੱਲੇ ਦਫ਼ਨ ਕਰ ਦਿੱਤਾ। ਜੇ ਹੁਣ ਵੀ ਉਸ ਦੀ ਭਟਕਦੀ ਬਦਰੂਹ (ਦੁਸ਼ਟ ਆਤਮਾ) ਮੰਤਰਾਂ ਛੜਯੰਤਰਾਂ ਦੇ ਆਸਰੇ ਕਿਸੇ ਤਰ੍ਹਾਂ ਕਬਰ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੀ ਹੈ, ਉਸ ਨੂੰ ਹੋਰ ਥੱਲੇ ਡੂੰਘਾ ਗੱਡਣ ਦਾ ਕੰਮ ਨਵੇਂ ਵਿਗਿਆਨਕ ਯੁੱਗ 'ਚ ਉੱਠੀ ਨਵੀਂ ਪੀੜ੍ਹੀ ਦਾ ਹੈ ਤਾਂ ਜੋ ਮਾਨਵਤਾ ਨੂੰ ਇਸਦੇ ਵਿਨਾਸ਼ ਤਾਂਡਵ ਤੋਂ ਬਚਾਇਆ ਜਾ ਸਕੇ। ਇਸ ਇਤਿਹਾਸਕ ਦਿਨ ਨੂੰ ਯਾਦ ਕਰਨ ਦਾ ਇਕ ਬਿਹਤਰੀਨ ਸੁਝਾਓ ਹੈ।

---

ਇਕ ਵਾਰ ਕੁੱਤੇ ਅਤੇ ਗਧੇ ਵਿਚ ਸ਼ਰਤ ਲੱਗੀ ਕਿ ਜੋ ਦੌੜ ਕੇ ਪਹਿਲਾਂ ਪਹੁੰਚੇਗਾ, ਉਹ ਸੱਤਾ ਦੇ ਸਿੰਘਾਸਨ ਤੇ ਬੈਠਕੇ ਰਾਜ ਕਰੇਗਾ। ਦੌੜ ਆਰੰਭ ਹੋਈ।
ਕੁੱਤਾ ਖੁਸ਼ ਸੀ, ਉਸਨੇ ਸੋਚਿਆ ਕਿ ਉਹ ਤੇਜ ਦੌੜਦਾ ਹੈ, ਗਧੇ ਨੂੰ ਤਾਂ ਮਿੰਟਾਂ ਵਿਚ ਹਰਾ ਦੇਵੇਗਾ। ਪਰ ਉਸਨੂੰ ਕੀ ਪਤਾ ਸੀ ਕਿ ਹਰ ਇਕ ਮੁਹੱਲੇ-ਚੌਂਕ ਤੇ ਬਹੁਤ ਸਾਰੇ ਕੁੱਤੇ ਹਨ ਅਤੇ ਉਹ ਉਸਨੂੰ ਅੱਗੇ ਜਾਣ ਨਹੀਂ ਦੇਣਗੇ। ਹੋਇਆ ਵੀ ਅਜਿਹਾ ਹੀ ਹਰ ਚੌਂਕ ਤੇ ਸਥਾਨਕ ਕੁੱਤਿਆਂ ਨੇ ਉਸ ਤੇ ਜਾਨਲੇਵਾ ਹਮਲਾ ਕੀਤਾ ਅਤੇ ਬਹੁਤ ਸਾਰੇ ਕੁੱਤਿਆਂ ਨਾਲ ਲੜਦਾ ਹੋਇਆ ਜਿਵੇਂ ਕਿਵੇਂ ਪਹੁੰਚ ਗਿਆ। ਪਰ ਉਥੇ ਜਾ ਕੇ ਦੇਖਿਆ ਕਿ ਗਧਾ ਸੱਤਾ ਦੇ ਸਿੰਘਾਸਨ ਤੇ ਬੈਠ ਕੇ ਰਾਜ ਕਰ ਰਿਹਾ ਹੈ।
ਨਿਰਾਸ਼ ਜ਼ਖਮੀ ਕੁੱਤਾ ਬੋਲਿਆ;
ਕਾਸ਼ ਮੇਰੀ ਹੀ ਬਿਰਾਦਰੀ ਵਾਲੇ ਮੇਰੇ ਨਾਲ ਲੜੇ ਨਾ ਹੁੰਦੇ ਤਾਂ? ਇਹ ਗਧਾ ਇਸ ਸੰਘਾਸਨ ਤੱਕ ਕਦੀ ਨਾ ਪਹੁੰਚ ਪਾਉਂਦਾ।
ਜ਼ਰਾ ਸੋਚੋ, ਗਲਤੀ ਕਿੱਥੇ ਹੋ ਰਹੀ ਹੈ। ਉਦਾਹਰਣ ਜਾਨਵਰਾਂ ਦੀ ਜ਼ਰੂਰ ਹੈ ਪਰ ਗੱਲ ਤਾਂ ਇਨਸਾਨਾਂ ਦੇ ਲਈ ਸੋਚਣ ਵਾਲੀ ਹੈ।

---

# ਲੇਖਕ ਬੂਟਾ ਗੁਲਾਮੀ ਵਾਲਾ "ਮਹਿਕ ਪੰਜਾਬ ਦੀ" ਗਰੁੱਪ ਦੇ 25ਵੇਂ ਮੁਕਾਬਲੇ ਦੇ ਵਿਜੇਤਾ

**ਬਠਿੰਡਾ (ਗੁਰਬਾਜ ਗਿੱਲ)** - ਨਵ ਪੰਜਾਬੀ ਸਾਹਿਤ ਸਭਾ ਕੋਟ ਈਸੇ ਖਾਂ ਦੇ ਪ੍ਰਧਾਨ ਤੇ ਪੰਜਾਬੀ ਲੇਖਕ ਬੂਟਾ ਗੁਲਾਮੀ ਵਾਲਾ ਦੀ ਕਾਵਿ ਰਚਨਾ "ਵਣਜਾਰਾ" ਫੇਸਬੁੱਕ ਤੇ ਚਲਦੇ ਗਰੁੱਪ ' ਮਹਿਕ ਪੰਜਾਬ ਦੀ' ਵਿੱਚ ਪਹਿਲੇ ਨੰਬਰ ਤੇ ਆਈ ਹੈ, ਜਿਸ ਤੇ ਬੂਟਾ ਗੁਲਾਮੀ ਵਾਲਾ ਜੀ ਨੂੰ ਉਹਨਾਂ ਦੇ ਪਾਠਕਾਂ ਵਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ, "ਮਹਿਕ ਪੰਜਾਬ ਦੀ" ਗਰੁੱਪ ਇਕ ਪੰਜਾਬੀ ਸੱਭਿਆਚਾਰ ਵਿਰਸੇ ਨਾਲ ਸਬੰਧਿਤ ਗਰੁੱਪ ਹੈ ਤੇ ਪੰਜਾਬੀ ਮਾਂ ਬੋਲੀ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਫੋਟੋਆਂ ਪਾ ਕੇ ਲੇਖਕਾਂ ਦਾ ਮੁਕਾਬਲਾ ਕਰਵਾਉਂਦੇ ਹਨ ਤੇ ਪਹਿਲੇ ਨੰਬਰ ਤੇ ਆਈ ਰਚਨਾ ਦੇ ਲੇਖਕ ਨੂੰ ਹੋਰ ਉਤਸ਼ਾਹਿਤ ਕਰਨ ਲਈ ਮਾਨ ਸਨਮਾਨ ਵੀ ਦੇਦੇ ਹਨ, ਇਸ ਵਾਰ ਕਰਵਾਏ ਗਏ 25ਵੇਂ ਮੁਕਾਬਲੇ ਵਿੱਚ ਲੇਖਕ ਬੂਟਾ ਗੁਲਾਮੀ ਵਾਲਾ ਦੀ ਕਾਵਿ ਰਚਨਾ "ਵਣਜਾਰਾ" ਨੂੰ ਪਹਿਲਾਂ ਸਥਾਨ ਮਿਲਿਆ ਹੈ, "ਵਣਜਾਰਾ" ਕਾਵਿ ਰਚਨਾ ਪੁਰਾਤਨ ਪੰਜਾਬੀ ਸੱਭਿਆਚਾਰ ਵਿਰਸੇ ਨੂੰ ਦਰਸਾਉਂਦੀ ਰਚਨਾ ਹੈ ਤੇ ਉਸ ਸਮੇਂ ਨਾਲ ਸਬੰਧਿਤ ਹੈ, ਜਦੋਂ ਪਿੰਡਾਂ ਵਿੱਚ ਵਣਜਾਰੇ ਆਉਂਦੇ ਹੁੰਦੇ ਸਨ ਤੇ ਗਲੀ ਗਲੀ ਵਿੱਚ ਹੋਕਾ ਲਾਉਂਦੇ ਸਨ ਤੇ ਕੁੜੀਆਂ ਚਿੜੀਆ ਸੱਜ ਵਿਆਹੀਆਂ ਮੁਟਿਆਰਾਂ ਤੇ ਬਜ਼ੁਰਗ ਔਰਤਾਂ ਵੀ ਵਣਜਾਰੇ ਤੋ ਚੂੜੀਆਂ ਚੜਾਉਦੀਆ ਤੇ ਹੋਰ ਨਿੱਕ ਸੁਕ ਲੈਦੀਆ ਸਨ ਲੇਖਕ ਬੂਟਾ ਗੁਲਾਮੀ ਵਾਲਾ ਨੇ ਇਸ ਕਵਿਤਾ ਰਾਹੀ ਪੁਰਾਤਨ ਸਮਾ ਯਾਦ ਕਰਵਾਇਆ ਤੇ




ਪੰਜਾਬੀ ਸੱਭਿਆਚਾਰ ਵਿਰਸੇ ਦੀ ਗੱਲ ਕੀਤੀ ਇਸ ਤੇ ਲੇਖਕ ਬੂਟਾ ਗੁਲਾਮੀ ਵਾਲਾ ਜੀ ਨੂੰ ਉਹਦੇ ਪਾਠਕਾ ਦੋਸਤਾਂ ਮਿੱਤਰਾਂ ਤੇ ਹੋਰ ਬਹੁਤ ਸਾਰੇ ਸਰੋਤਿਆਂ ਵੱਲੋ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਤੇ ਕਾਵਿ ਰਚਨਾ ਵਣਜਾਰਾ ਦੀ ਬਹੁਤ ਹੀ ਸਲਾਘਾ ਕੀਤੀ ਜਾ ਰਹੀ ਹੈ, ਲੇਖਕ ਬੂਟਾ ਗੁਲਾਮੀ ਵਾਲਾ ਜੀ ਵਲੋਂ "ਮਹਿਕ ਪੰਜਾਬ ਦੀ" ਗਰੁੱਪ ਦੇ ਸਮੂਹ ਐਡਮੈਨ ਸਾਹਬ ਤੇ ਸਮੂਹ ਗਰੁੱਪ ਦਾ ਦਿਲ ਦੀਆ ਗਹਿਰਾਈਆਂ ਵਿੱਚੋ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ਹੈ, ਜਲਦੀ ਹੀ ਕੋਈ ਵਿਸ਼ੇਸ਼ ਸਮਾਗਮ ਰੱਖ ਕੇ ਹੁਣ ਤੱਕ ਦੇ ਸਾਰੇ ਵਿਜੇਤਾਵਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਸ਼ਰਧਾਲੂ ਪਰਿਵਾਰ ਅਤੇ ਗੁਰੂ ਘਰ ਦੇ ਜਨਰਲ ਸੈਕਟਰੀ ਸ. ਸ਼ਿੰਗਾਰਾ ਸਿੰਘ ਰੱਲ੍ਹ, ਬੀਬੀ ਪੁਸ਼ਪਾ ਰੱਲ੍ਹ (ਪਿਤਾ ਸ੍ਰੀ ਪ੍ਰੀਤਮ ਸਿੰਘ ਜੀ, ਮਾਤਾ ਪ੍ਰੀਤਮ ਕੌਰ ਜੀ), ਬੱਚੇ ਸਾਹਿਲ ਰੱਲ੍ਹ, ਰਾਹੁਲ, ਏਂਜਲ, ਸਮੂਹ ਰੱਲ੍ਹ ਪਰਿਵਾਰ ਵੱਲੋਂ ਸਤਿਗੁਰੂ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਹੇਠ ਮਿਤੀ 17, 18,19 ਅਗਸਤ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ, ਜਿਸ ਵਿਚ 17 ਅਗਸਤ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 19 ਅਗਸਤ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤੋਂ ਇਲਾਵਾ ਗਿਆਨੀ ਗੁਰਦੇਵ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਯੂਬਾ ਸਿਟੀ ਇਲਾਕੇ ਵਿਚੋਂ ਸਮਾਜ ਸੇਵਕ Mr Brandon Barnes Captaun (Yuba Sutter Serf) ਸ੍ਰੀਤੀ ਬਲਵਿੰਦਰ ਬੱਲ, ਸ. ਤਜਿੰਦਰ ਸਿੰਘ ਦੁਸਾਂਝ (ਗੁਰੂ ਘਰ ਟਾਇਰਾ ਬਿਊਨਾ), ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਨੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਸ. ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਸ਼ਿੰਗਾਰਾ ਸਿੰਘ ਰੱਲ੍ਹ, ਸ. ਬਲਵਿੰਦਰ ਰੱਲ੍ਹ, ਸ. ਜੀਤ ਰੱਲ੍ਹ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ Mr Brandon Barnes Captaun (Yuba Sutter Serf) ਸ੍ਰੀਮਤੀ ਬਲਵਿੰਦਰ ਬਲ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਸ੍ਰੀ ਬਲਵਿੰਦਰ ਕੁਮਾਰ ਵਿਰਦੀ ਜੀ ਨੂੰ ਡਾਕਟਰੀ ਪਾਸ ਕਰਨ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਤਿੰਨੇ ਦਿਨ ਸਾਧ ਸੰਗਤ ਜੀ ਨੇ ਹਾਜ਼ਰੀ ਲਗਵਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

******

# ਸ੍ਰੀ ਮਿਲਖੀ ਰਾਮ ਜੱਸਲ ਪਰਿਵਾਰ ਨੂੰ ਗਹਿਰਾ ਸਦਮਾ, ਸਪੁੱਤਰ ਦਾ ਦੇਹਾਂਤ







**ਸੈਕਰਾਮੈਂਟੋ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਿਟਸਬਰਗ ਅਤੇ ਰਿਓਲਿੰਡਾ ਦੇ ਅਨਿਨ ਸੇਵਕ ਸ੍ਰੀ ਮਿਲਖੀ ਰਾਮ ਜੱਸਲ ਪਰਿਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ 104 ਸਾਲਾਂ ਦੇ ਬਜ਼ੁਰਗ ਸ੍ਰੀ ਮਿਲਖੀ ਰਾਮ ਜੱਸਲ ਦਾ ਸਪੁੱਤਰ ਹਰਬੰਸ ਲਾਲ ਜੱਸਲ 70 ਸਾਲਾਂ ਦੀ ਜ਼ਿੰਦਗੀ ਦਾ ਦੁਨਿਆਵੀ ਸਫਰ ਤਹਿ ਕਰਦਾ ਹੋਇਆ ਸ੍ਰੀ ਅਕਾਲ ਪੁਰਖ ਦੀ ਰਜ਼ਾ ’ਚ ਉਸ ਪਰਵਰਦਗਾਰ ਦੇ ਚਰਨਾਂ ’ਚ ਜਾ ਬਿਰਾਜਿਆ।

ਸ੍ਰੀ ਹਰਬੰਸ ਲਾਲ ਜੱਸਲ ਜੋ ਹਾਲ ਵੁੱਡਲੈਂਡ (ਕੈਲੇਫੋਰਨੀਆ) ਰਹਿ ਰਿਹਾ ਸੀ ਤੇ ਪਿਛਲਾ ਜੱਦੀ ਪਿੰਡ ਕਰੀਹਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਪੰਜਾਬ) ਸੀ, ਦਾ 22 ਅਗਸਤ ਨੂੰ ਸਵਰਗਵਾਸ ਹੋ ਗਿਆ ਸੀ ਤੇ ਸਸਕਾਰ25 ਅਗਸਤ ਨੂੰ ਸੈਕਰਾਮੈਂਟੋ ਵਿਖੇ ਕਰ ਦਿੱਤਾ ਗਿਆ। ਉਸ ਉਪਰੰਤ ਮ੍ਰਿਤਕ ਸਰੀਰ ਦੀ ਆਤਮਕ ਸ਼ਾਂਤੀ ਲਈ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਕੀਤੀ ਗਈ, ਜਿੱਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਤੇ ਭਾਈ ਗੁਰਦੀਪ ਸਿੰਘ ਨੇ ਵੈਰਾਗਮਈ ਕੀਰਤਨ ਤੇ ਅਰਦਾਸ ਕੀਤੀ।

ਫਿਊਨਰਲ ਹੋਮ ਵਿਖੇ ਵਿਛੜੀ ਆਤਮਾ ਦੀ ਆਤਮਕ ਸ਼ਾਂਤੀ ਲਈ ਭਾਈ ਨਿਰਮਲ ਸਿੰਘ ਜੀ ਨੇ ਪਾਠ ਪੜ੍ਹੇ ਤੇ ਅਰਦਾਸ ਕੀਤੀ ਅਤੇ ਸਰਵਸ੍ਰੀ ਪਰਮਜੀਤ ਭੁੱਟਾ, ਜਸਵਿੰਦਰ ਬੰਗਾ, ਕੇਵਲ ਬੋਲੀਨਾ, ਰਾਮ ਕ੍ਰਿਸ਼ਨ ਬੰਗੜ, ਦੀਪਕ ਸਰੋਇਆ ਅਤੇ ਸਵਰਗੀ ਹਰਬੰਸ ਲਾਲ ਜੱਸਲ ਦੇ ਛੋਟੇ ਭਰਾ ਦਲਜੀਤ ਜੱਸਲ ਨੇ ਬਹੁਤ ਹੀ ਦੁਖੀ ਹਿਰਦੇ ਨਾਲ ਆਪਣੇ ਵੱਡੇ ਭਰਾ ਨੂੰ ਸ਼ਰਧਾਂਜਲੀ ਦਿੱਤੀ। ਇਸ ਦੇ ਨਾਲ ਪਰਿਵਾਰਕ ਬੱਚਿਆਂ ਨੇ ਆਪਣੇ ਅੰਕਲ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਉਹਨਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਨੂੰ ਸਾਂਝਾ ਕੀਤਾ। ਇਸ ਦੁੱਖ ਦੀ ਘੜੀ ਵਿਚ ਸਵਰਗੀ ਹਰਬੰਸ ਲਾਲ ਜੱਸਲ ਦੇ ਸਪੁੱਤਰ ਵਿਜੈ ਕੁਮਾਰ ਜੱਸਲ ਆਪਣੇ ਪੂਜਨੀਕ ਪਿਤਾ ਜੀ ਦੀਆਂ ਪਰਿਵਾਰ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਨੂੰ ਯਾਦ ਕਰਦਿਆਂ ਬੜੇ ਦੁਖੀ ਹਿਰਦੇ ਨਾਲ ਸ਼ਰਧਾਂਜਲੀ ਦਿੰਦਿਆਂ ਸਾਰੇ ਭੈਣ-ਭਰਾਵਾਂ, ਸਕੇ-ਸਬੰਧੀ ਰਿਸ਼ਤੇਦਾਰ ਸੱਜਣਾਂ-ਮਿੱਤਰਾਂ ਦਾ ਧੰਨਵਾਦ ਕੀਤਾ, ਜਿਹਨਾਂ ਇਸ ਦੁੱਖ ਦੀ ਘੜੀ ਵਿਚ ਸਾਡਾ ਸਾਥ ਦਿੱਤਾ।

ਸਵਰਗੀ ਹਰਬੰਸ ਲਾਲ ਜੱਸਲ ਆਪਣੇ ਪਿੱਛੇ ਬਜ਼ੁਰਗ ਪਿਤਾ, ਸੁਪਤਨੀ ਅਮਰ ਕੌਰ ਜੱਸਲ, ਦੋ ਲੜਕੇ ਅਤੇ ਦੋ ਲੜਕੀਆਂ ਤੇ ਭੈਣ-ਭਰਾਵਾਂ, ਸਕੇ ਸਬੰਧੀਆਂ ਨੂੰ ਛੱਡ ਗਏ। ਇੱਥੇ ਇਹ ਵਰਣਨਯੋਗ ਹੈ ਕਿ ਇਸ ਜੱਸਲ ਪਰਿਵਾਰ ਨੂੰ ਅਮਰੀਕਾ ਵਿਚ ਲਿਆਉਣ ਵਾਲੇਉਘੇ ਸਮਾਜ ਸੇਵੀ ਸ੍ਰੀ ਦਲਜੀਤ ਜੱਸਲ ਦਾ ਬੜਾ ਵੱਡਾ ਯੋਗਦਾਨ ਹੈ।



**Captain Brandon Barnes for Sutter County Sheriff**

**His True Experience:** Captain & Jail Commander, Swat Commander. Chief Investigator, FBI National Academy, Police Academy Instructor, 22 Years Sheriff’s Deputy

## ਪਿਛਲੇ ਸ਼ਨਿਚਰਵਾਰ ਨੂੰ ਸ. ਤੇਜਿੰਦਰ ਸਿੰਘ ਦੁਸਾਂਝ ਦੇ ਸੱਦੇ ਤੇ ਯੂਬਾ ਸਿਟੀ ਅਤੇ ਲਾਈਵ ਓਕ ਦੇ ਪਤਵੰਤੇ ਸੱਜਣਾਂ ਸ. ਹਰਨੇਕ ਸਿੰਘ ਦੇ ਸਟਾਰ ਆਫ ਇੰਡੀਆ ਰੈਸਟੋਰੈਂਟ ਵਿਖੇ ਸਟਰ ਕਾਊਂਟੀ ਸ਼ੈਰਿਫ ਲਈ ਚੋਣ ਲੜ ਰਹੇ Captain Brandon Barnes ਲਈ ਫੰਡ ਰੇਜ਼ ਕੀਤਾ ਗਿਆ। ਇਸ ਮੌਕੇ ਦੀਆਂ ਕੁਝ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।


















UNITED SPORTS CLUB CALIFORNIA, AMERICA
14TH WORLD KABADDI CUP
16 SEPTEMBER 2018, SUNDAY
(09:00am - 06pm)
(James Logan High School 1800 H Street,
Union City, California 94587)
Amolak Singh Gakhal
Chief Patron, United Sports Club
Chief Guest
Sant Sewa Singh Ji
Khadoor Sahib Wale
ਤੀਰਥ ਗਾਖਲ
ਰੰਗ ਕਬੱਡੀ ਦੇ
Makhan Singh Bains Chairman
Iqbal Singh Gakhal Vice Chairman
Balvir Singh Bhatia President
Palwinder Singh Gakhal Director
Jugraj Singh Sahota Vice President
S. Ashok Bhaura Gen. Sec & Media Incharge
Pinki Atwal Director
Sadhu Singh Khlaur Advisor
Narinder Singh Sahota Treasurer
Makhan Singh Dhaliwal Director
Dalwinder Padda Director
Natha Singh Gakhal Advisor
Debi Sohal Sidhwan Dona Director
Inderjit Thind
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwiner Singh Gakhal Director
Harjinder Ladhar Director
Arundeep Singh
SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
Opening
Surjit Singh Tutt
Mike Boparai
Jaspreet Singh Attorney
Major Singh Bains
Sponsor of 1st Prize
DIAMOND TRANSPORTATION
Gulwinder Gakhal, Neki Atwal & Pinki Atwal of Diamond Trucking
Sponsor of 2nd Prize
Jugraj Singh Sahota & Narinder Singh Sahota of Sahota Family
(Dedicated to Sweet Memory of Late. Kashmir Singh Sahota)
Sponsor of Under-25 First Prize
Sponsored byTakhar faimly in memory of late santokh s Takhar Apna punjab& Northern California club
Guest Of Honor
Jagir Singh Sabzi Mandi
Mani Grewal
Tarlochan S Lasher (Team Owner)
Shaba Thiara (Team Owner)
Baljit S sandhu (Team Owner)
Vicky Sammipuria (Team Owner)
Tari (Team Owner)
Pamna Deol (Team Owner)
Honor With Gold Medals
Major Gakhal
Kindu Ramidi
Lakha Gazipuria
Sewa Singh Randhawa (Team Owner)
Kulwant Singh Nijjar
Kulwant Singh Khaira
Randhir Singh Nijjar
Balwinder S Virk
Rana Dhillon
Sewa S Sidhu
Amarjit Samra
Sarabjit Deol
Dr. Baljinder Singh Grewal
All Kabaddi Lovers openly Inivited
StarKabaddi Players who will participate in World Kabaddi Cup
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
Tournament is going to be organize with support of sponsors and supporters
With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar
Kabaddi Clubs will participate
1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)
Under-25 Teams
1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA
Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com
COMENTATORS
* Asha Sharma *Iqbal Galib
* Makhan Ali *Surjit Kakrari
Spectators have to reach at James Logan High School, International Law of Kabaddi will apply., United Sports Club has reserve the right for last decisions



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop


TOTAL ENTERTAINMENT, POC MEDICAL SYSTEM &
Kashmiri Bhatia, Jagdev Ram, Ajaipaul Ram and Ashwani Bhakhri,
Pete's Brurery Sharu Bhatia Proudly Presents
LOPOKE BROTHERS
(FOLK SINGER)
DEEP ALLACHOU
(PROJECT MANAG
AFSANA KHAN
(RISING STAR)
SUNIL SAJAL
(GAZALKAAR)
RANJIT RANA
(PUNJABI SINGER)
Bol PUNJAB De
BLESSINGS
MASTER DEEPAK JI
ਬੋਲ ਪੰਜਾਬ ਦੇ
Tour 2018
USA TOUR
For more Information:
AVTAR LAKHA- 209 200 0818 & 925 365 6410 VIJAY SINGH- 650 400 5156
VIJAY VIJ- 707 631 7665 ASHOK BHAURA- 510 415 3315 SIKANDER GREWAL- 916 613 6728
EMAIL:- totalentinc@gmail.com
AUGUST, SEPTEMBER & OCTOBER IN YOUR CITY.
POWERED BY
GAKHAL BROTHERS, TUT BROTHERS, DEEP KARAM AHHH CARE, PUNJABI DHABA DIWON, ASHWANI K BHAKRI LAW OFFICE, MIRAGE4 U, TANDOOR HAYWARD, SAKOON FREMONT, RAJA SWEETS (UNION CITY), TAJ E CHAAT, BAY AREA PCA, VIXI CUCINA ITALIAN, IKIK ENTERTAINMENT, JASWANT SINGH SHAAD (PAUL'S TRUCK WASH FERNLEY), MIKE BOPARAI BROS., DHARMINDER SINGH (GOLDEN STATE TRUCK SALES INC:), SURINDER SINGH SHERGILL.
Media Partners; RADIO CHARHDIKALA, PUNJAB TIMES, DESH DOABA
PUBLICITY DESIGNS LAB ART MEDIA WORKS

# ਵਿਧਾਨ ਸਭਾ 'ਚ ਬਹਿਬਲ ਕਲਾਂ, ਬਰਗਾੜੀ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਸਬੰਧੀ ਜਾਂਚ ਸੀ. ਬੀ. ਆਈ. ਤੋਂ ਵਾਪਸ ਲੈਣ ਦਾ ਐਲਾਨ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬ ਵਿਧਾਨ ਸਭਾ 'ਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਕੋਈ 8 ਘੰਟਿਆਂ ਦੀ ਬਹਿਸ ਤੋਂ ਬਾਅਦ ਬਰਗਾੜੀ, ਬਹਿਬਲ ਕਲਾਂ ਤੇ ਕੋਟਕਪੂਰਾ ਵਿਖੇ ਮਗਰਲੀ ਅਕਾਲੀ–ਭਾਜਪਾ ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਤੋਂ ਬਾਅਦ ਸਿੱਖ ਸੰਗਤਾਂ ਵਿਰੁੱਧ ਹੋਈ ਪੁਲਿਸ ਕਾਰਵਾਈ, ਜਿਸ 'ਚ 2 ਸਿੱਖ ਨੌਜਵਾਨ ਮਾਰੇ ਗਏ ਸਨ ਅਤੇ ਬਹੁਤ ਸਾਰੇ ਜ਼ਖ਼ਮੀ ਵੀ ਹੋਏ ਸਨ, ਨਾਲ ਸਬੰਧਿਤ ਕੇਸ ਸੀ. ਬੀ. ਆਈ. ਤੋਂ ਵਾਪਸ ਲੈ ਕੇ ਰਾਜ ਸਰਕਾਰ ਵਲੋਂ ਬਣਾਈ ਜਾਣ ਵਾਲੀ ਇੱਕ ਵਿਸ਼ੇਸ਼ ਜਾਂਚ ਟੀਮ (ਐਸ. ਆਈ. ਟੀ.) ਨੂੰ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਜਾਂਚ ਦੇ ਕੰਮ ਨੂੰ ਸਮਾਂਬੱਧ ਵੀ ਕੀਤਾ ਜਾਵੇਗਾ, ਤਾਂ ਜੋ ਦੋਸ਼ੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਸਾਜ਼ਾਵਾਂ ਦਿੱਤੀਆਂ ਜਾ ਸਕਣ । ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵਲੋਂ ਮੁੱਖ ਮੰਤਰੀ ਦੇ ਕਹਿਣ 'ਤੇ ਸਦਨ 'ਚ ਇਕ ਮਤਾ ਪੇਸ਼ ਕੀਤਾ ਗਿਆ, ਜਿਸ 'ਚ ਉਕਤ ਤਿੰਨਾਂ ਥਾਵਾਂ 'ਤੇ ਵਾਪਰੀਆਂ ਘਟਨਾਵਾਂ ਸਬੰਧੀ ਜਾਂਚ ਸੀ. ਬੀ. ਆਈ. ਤੋਂ ਵਾਪਸ ਲੈ ਕੇ ਰਾਜ ਸਰਕਾਰ ਵਲੋਂ ਬਣਾਈ ਜਾਣ ਵਾਲੀ ਕਿਸੇ ਵਿਸ਼ੇਸ਼ ਜਾਂਚ ਟੀਮ ਨੂੰ ਦਿੱਤੇ ਜਾਣ ਦੀ ਮੰਗ ਕੀਤੀ ਗਈ ਸੀ, ਜਿਸ ਨੂੰ ਸਦਨ 'ਚ ਅਕਾਲੀ ਦਲ ਦੇ 14 ਮੈਂਬਰਾਂ ਦੀ ਗ਼ੈਰ–ਹਾਜ਼ਰੀ 'ਚ ਕਾਂਗਰਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਦੋਨਾਂ ਧੜਿਆਂ ਤੇ ਲੋਕ ਇਨਸਾਫ਼ ਪਾਰਟੀ ਦੇ ਦੋਨਾਂ ਵਿਧਾਇਕਾਂ ਨੇ ਵੀ ਸਮਰਥਨ ਦਿੱਤਾ ਅਤੇ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਮੁੱਖ ਮੰਤਰੀ ਨੇ ਇਸ ਬਹਿਸ ਦਾ ਜਵਾਬ ਦਿੰਦਿਆਂ ਮੈਂਬਰਾਂ ਨੂੰ ਕਿਹਾ ਕਿ ਉਹ ਸਦਨ ਦੇ ਮੈਂਬਰਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਇਸ ਜਾਂਚ ਦੇ ਕੰਮ ਨੂੰ ਸਮਾਂਬੱਧ ਕਰਨਗੇ ਤੇ ਇਸ ਜਾਂਚ ਨੂੰ ਸਿਰੇ ਚੜ੍ਹਾਅ ਕੇ ਦੋਸ਼ੀਆਂ ਨੂੰ ਮਿਸਾਲੀ ਸਾਜ਼ਾਵਾਂ ਦਿੱਤੀਆਂ ਜਾਣਗੀਆਂ । ਮੁੱਖ ਮੰਤਰੀ ਨੇ ਸਦਨ 'ਚ ਬੋਲਦਿਆਂ ਇਸ ਗੱਲ 'ਤੇ ਹੈਰਾਨੀ ਪ੍ਰਗਟ ਕੀਤੀ ਕਿ ਜਿਸ ਮੌਕੇ ਰਾਜ 'ਚ ਬਰਗਾੜੀ ਤੇ ਕੋਟਕਪੂਰਾ ਵਿਖੇ ਗੋਲੀਆਂ ਚਲਾਈਆਂ ਗਈਆਂ ਉਸ ਸਮੇਂ ਰਾਜ 'ਚ ਕਈ ਹੋਰ ਥਾਵਾਂ 'ਤੇ ਵੀ ਅਜਿਹੇ ਧਰਨੇ ਚੱਲ ਰਹੇ ਸਨ।

ਪਰ ਸ਼ਾਂਤਮਈ ਢੰਗ ਨਾਲ ਗੁਰਬਾਣੀ ਦਾ ਜਾਪ ਕਰਨ ਵਾਲੇ ਸਿੱਖਾਂ 'ਤੇ ਹੀ ਕਿਉਂ ਗੋਲੀ ਚਲਾਈ ਗਈ । ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਇਹ ਪੁਰਾਣੀ ਆਦਤ ਹੈ ਕਿ ਕੋਈ ਕਾਰਾ ਕਰਨ ਤੋਂ ਬਾਅਦ ਜ਼ਿੰਮੇਵਾਰੀ ਹੇਠਲੇ ਅਧਿਕਾਰੀਆਂ ਦੇ ਗਲ ਪਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੈਂ ਚੋਣਾਂ ਤੋਂ ਪਹਿਲਾਂ ਰਾਜ ਦੇ ਲੋਕਾਂ ਨੂੰ ਇਹ ਵਾਅਦਾ ਦਿੱਤਾ ਸੀ ਕਿ ਅਸੀਂ ਸੱਤਾ 'ਚ ਆਉਣ ਤੋਂ ਬਾਅਦ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਇਨ੍ਹਾਂ ਮਾਮਲਿਆਂ 'ਚ ਨਿਰਪੱਖ ਤੇ ਚੰਗੀ ਤਰ੍ਹਾਂ ਜਾਂਚ ਕਰਾਵਾਂਗੇ ਅਤੇ ਮੈਂ ਬਰਗਾੜੀ ਤੇ ਬਹਿਬਲ ਕਲਾਂ ਆਦਿ ਵੀ ਖ਼ੁਦ ਗਿਆ ਸੀ ਅਤੇ ਸ਼ਹੀਦ ਹੋਏ ਨੌਜਵਾਨਾਂ ਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ ਵੀ ਮਿਲ ਕੇ ਆਇਆ ਹਾਂ । ਕੈਪਟਨ ਨੇ ਸ. ਬਾਦਲ ਨੂੰ ਇਕ ਬੁਜ਼ਦਿਲ ਤੇ ਝੂਠਾ ਇਨਸਾਨ ਦੱਸਿਆ ਤੇ ਕਿਹਾ ਕਿ ਜਿੰਨਾ ਸ. ਬਾਦਲ ਵਲੋਂ ਸੂਬੇ ਦਾ ਨੁਕਸਾਨ ਕੀਤਾ ਗਿਆ ਹੈ ਏਨਾ ਸ਼ਾਇਦ ਕਿਸੇ ਹੋਰ ਸਿਆਸਤਦਾਨ ਵਲੋਂ ਨਹੀਂ ਕੀਤਾ ਗਿਆ । ਉਨ੍ਹਾਂ ਸ. ਬਾਦਲ ਨੂੰ ਸਾਕਾ ਨੀਲਾ ਤਾਰਾ ਲਈ ਵੀ ਜ਼ਿੰਮੇਵਾਰ ਠਹਿਰਾਇਆ ਤੇ ਕਿਹਾ ਕਿ ਜਦੋਂ ਕਿਤੇ ਵੀ ਕੇਂਦਰ ਨਾਲ ਕੋਈ ਸਮਝੌਤਾ ਸਿਰੇ ਚੜ੍ਹਨ ਵਾਲਾ ਸੀ ਤਾਂ ਸ. ਬਾਦਲ ਨੇ ਹਮੇਸ਼ਾ ਉਸ ਨੂੰ ਸਾਬੋਤਾਜ ਕੀਤਾ । ਉਨ੍ਹਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ 'ਚ ਮਜੀਠੀਆ ਪਰਿਵਾਰ ਵਾਲਾ ਕੋਈ ਗੁਣ ਜਾਂ ਕਿਰਦਾਰ ਨਜ਼ਰ ਹੀ ਨਹੀਂ ਆਉਂਦਾ । ਕੈਪਟਨ ਨੇ ਇਹ ਵੀ ਦੋਸ਼ ਲਗਾਇਆ ਕਿ ਸ. ਬਾਦਲ ਤੇ ਸੁਖਬੀਰ ਸਿੰਘ ਬਾਦਲ 'ਚੋਂ ਕੋਈ ਵੀ ਬਰਗਾੜੀ ਜਾਂ ਬਹਿਬਲ ਕਲਾਂ ਅਸਲ ਹਾਲਾਤ ਦਾ ਪਤਾ ਲਗਾਉਣ ਲਈ ਨਹੀਂ ਗਏ । ਜਦੋਂਕਿ ਸ੍ਰੀ ਰਾਹੁਲ ਗਾਂਧੀ ਦਿੱਲੀ ਤੋਂ ਚੱਲ ਕੇ ਬਰਗਾੜੀ ਤੇ ਬਹਿਬਲ ਕਲਾਂ 'ਚ ਸ਼ਹੀਦਾਂ ਦੇ ਪਰਿਵਾਰਾਂ ਤੇ ਜ਼ਖ਼ਮੀਆਂ ਆਦਿ ਨੂੰ ਮਿਲ ਕੇ ਗਏ । ਮੁੱਖ ਮੰਤਰੀ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਵਲੋਂ ਕੀਤੇ ਗਏ ਕੰਮ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਬੜੇ ਥੋੜ੍ਹੇ ਸਮੇਂ 'ਚ ਕਾਫ਼ੀ ਮਿਹਨਤ ਕਰਕੇ ਰਿਪੋਰਟ ਨੂੰ ਤਿਆਰ ਕੀਤਾ ਤੇ ਵੱਧ ਤੋਂ ਵੱਧ ਪੱਖਾਂ ਨੂੰ ਜਾਂਚ ਦੇ ਘੇਰੇ 'ਚ ਲਿਆਂਦਾ ।

## ਅਕਾਲੀਆਂ 'ਚ ਸੱਚ ਸੁਣਨ ਦੀ ਸ਼ਕਤੀ ਵੀ ਨਹੀ ਰਹੀ-ਸਿੱਧੂ



ਕੈਬਨਿਟ ਮੰਤਰੀ ਸ. ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅਕਾਲੀਆਂ 'ਚ ਸੱਚ ਸੁਣਨ ਦੀ ਸ਼ਕਤੀ ਵੀ ਨਹੀਂ ਰਹੀ ਇਸੇ ਲਈ ਉਹ ਸਦਨ 'ਚੋਂ ਭੱਜ ਗਏ ਹਨ । ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਸਮੁੱਚਾ ਸਿੱਖ ਜਗਤ ਅੱਜ ਤੁਹਾਡੇ ਵੱਲ ਵੇਖ ਰਿਹਾ ਹੈ ਕਿ ਤੁਸੀਂ ਦੋਸ਼ੀਆਂ ਨੂੰ ਸਜ਼ਾ ਦਿੰਦੇ ਹੋ ਜਾਂ ਨਹੀਂ । ਉਨ੍ਹਾਂ ਸੀ. ਬੀ. ਆਈ. ਨੂੰ ਕੇਂਦਰ ਦੀ ਕੱਠਪੁਤਲੀ ਦੱਸਿਆ । ਉਨ੍ਹਾਂ ਬਾਦਲਾਂ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਪੰਜਾਬ ਤੇ ਧਰਮ ਦੋਨਾਂ ਦੀ ਬੋਲੀ ਲਗਾਈ । ਸਿੱਧੂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਤੁਸੀਂ ਮੈਨੂੰ ਹਮੇਸ਼ਾ ਆਪਣੇ ਬੇਟੇ ਵਰਗਾ ਸਮਝਦੇ ਰਹੇ ਹੋ ਅਤੇ ਅੱਜ ਤੁਹਾਡਾ ਬੇਟਾ ਤੁਹਾਨੂੰ ਬੇਨਤੀ ਕਰ ਰਿਹਾ ਹੈ ਕਿ ਗੁਰੂਆਂ ਦੇ ਅੰਗਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ ।

ਉਨ੍ਹਾਂ ਕਿਹਾ ਕਿ ਸਾਬਕਾ ਡੀ. ਜੀ. ਪੀ. ਸ੍ਰੀ ਸੁਮੇਧ ਸੈਣੀ ਵਲੋਂ ਆਪਣੀ ਸੇਵਾਮੁਕਤੀ ਤੋਂ ਇਕ ਦਿਨ ਪਹਿਲਾਂ ਇਹ ਬਿਆਨ ਭੇਜਿਆ ਗਿਆ ਕਿ ਉਨ੍ਹਾਂ ਦੀ ਘਟਨਾ ਵਾਲੀ ਰਾਤ 2 ਵਜੇ ਮੁੱਖ ਮੰਤਰੀ ਨਾਲ ਟੈਲੀਫੋਨ 'ਤੇ ਗੱਲ ਹੋਈ । ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੇ ਮੁੱਦੇ 'ਤੇ ਮਗਰਲੀ ਸਰਕਾਰ ਵਲੋਂ ਜਾਂਚ ਸਬੰਧੀ ਪੂਰੀ ਲਾਪਰਵਾਹੀ ਦਿਖਾਈ ਗਈ । ਸਦਨ 'ਚ ਬੋਲਣ ਵਾਲੇ ਸਾਰੇ ਬੁਲਾਰਿਆਂ ਪਾਰਟੀ ਲੀਹਾਂ ਤੋਂ ਉਠ ਕੇ ਇਕ ਆਵਾਜ਼ 'ਚ ਮੰਗ ਕੀਤੀ ਕਿ ਬਹਿਬਲ ਕਲਾਂ, ਕੋਟਕਪੂਰਾ ਤੇ ਬਰਗਾੜੀ ਦੀਆਂ ਘਟਨਾਵਾਂ ਸਬੰਧੀ ਸੀ. ਬੀ. ਆਈ. ਨੂੰ ਭੇਜਿਆ ਗਿਆ ਕੇਸ ਵਾਪਸ ਲਿਆ ਜਾਵੇ । ਕਾਂਗਰਸ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਲੱਗਿਆਂ ਪਹਿਲੀ ਵਾਰ ਅਕਾਲ ਤਖ਼ਤ ਵਲੋਂ ਕਿਸੇ ਨੂੰ ਪੇਸ਼ ਹੋਣ ਤੋਂ ਬਿਨਾਂ ਅਤੇ ਸਿਰਫ਼ ਚਿੱਠੀ ਦੇ ਅਧਾਰ 'ਤੇ ਲੱਗੀ ਤਨਖਾਹ ਅਤੇ ਪੰਥ ਵਿਚੋਂ ਛੇਕਣ ਸਬੰਧੀ ਮੁਆਫ਼ੀ ਦੇ ਦਿੱਤੀ । ਕਾਂਗਰਸ ਦੇ ਸ. ਹਰਮੋਹਿੰਦਰ ਸਿੰਘ ਗਿੱਲ ਨੇ ਅੱਜ ਸਦਨ 'ਚ ਦੋਸ਼ ਲਗਾਇਆ ਕਿ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਪਾਰਟੀ ਪ੍ਰਧਾਨ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ ਲੇਕਿਨ ਅਕਾਲੀਆਂ ਦੇ ਸਾਰੇ 14 ਵਿਧਾਇਕਾਂ 'ਚੋਂ ਕੋਈ ਵੀ ਅੰਮ੍ਰਿਤਧਾਰੀ ਨਹੀਂ । ਉਨ੍ਹਾਂ ਕਿਹਾ ਕਿ ਇਹ ਰਿਕਾਰਡ ਦਾ ਹਿੱਸਾ ਹੈ ਕਿ ਸ੍ਰੀ ਅਡਵਾਨੀ ਅਤੇ ਸ੍ਰੀ ਵਾਜਪਾਈ ਵਲੋਂ ਦਰਬਾਰ ਸਾਹਿਬ 'ਚ ਫ਼ੌਜੀ ਕਾਰਵਾਈ ਲਈ ਸ੍ਰੀਮਤੀ ਗਾਂਧੀ 'ਤੇ ਦਬਾਅ ਪਾਇਆ ਤੇ ਸਮਰਥਨ ਵੀ ਦਿੱਤਾ । ਕਾਂਗਰਸ ਦੇ ਹੀ ਰਾਜਾ ਵੜਿੰਗ ਨੇ ਕਿਹਾ ਕਿ ਜਿਸ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ 'ਚ ਸੁੱਚਾ ਸਿੰਘ ਲੰਗਾਹ ਤੇ ਦਿਆਲ ਸਿੰਘ ਕੋਲਿਆਂਵਾਲੀ ਵਰਗੇ ਅਹੁਦੇਦਾਰ ਹੋਣ ਉੱਥੇ ਸਿੱਖੀ ਕਿਹੋ ਜਿਹੀ ਰਹਿ ਜਾਵੇਗੀ । ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਵੀ ਬਰਗਾੜੀ ਤੇ ਬਹਿਬਲ ਕਲਾਂ ਦਾ ਦੌਰਾ ਕਰਨ ਤੋਂ ਅਕਾਲੀ–ਭਾਜਪਾ ਸਰਕਾਰ ਰੋਕਣ ਦੀ ਕਾਫ਼ੀ ਕੋਸ਼ਿਸ਼ ਕੀਤੀ ਅਤੇ ਲਗਾਤਾਰ ਉਨ੍ਹਾਂ ਨੂੰ ਸੁਰੱਖਿਆ ਨੂੰ ਖ਼ਤਰਾ ਦੱਸ ਕੇ ਪੰਜਾਬ ਆਉਣ ਤੋਂ ਰੋਕਣ ਲਈ ਜ਼ੋਰ ਪਾਇਆ ਜਾਂਦਾ ਰਿਹਾ । ਲੋਕ ਇਨਸਾਫ਼ ਪਾਰਟੀ ਦੇ ਸ. ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਮੈਂ ਇਨ੍ਹਾਂ ਘਟਨਾਵਾਂ ਵਿਰੁੱਧ ਸ. ਬਾਦਲ ਦੇ ਨਿਵਾਸ ਅਸਥਾਨ 'ਤੇ ਚੰਡੀਗੜ੍ਹ ਧਰਨਾ ਦੇਣ ਗਿਆ ਲੇਕਿਨ ਮੈਨੂੰ ਇੱਕ ਅੱਤਵਾਦੀ ਵਾਂਗ ਗ੍ਰਿਫ਼ਤਾਰ ਕਰਕੇ ਥਾਣੇ 'ਚ ਲਿਆ ਕੇ ਪੁਲਿਸ ਕਮਿਸ਼ਨਰ ਉਮਰਾਨੰਗਲ ਨੇ ਬੇਤਹਾਸ਼ਾ ਕੁਟਵਾਇਆ, ਜਿਸ ਦਾ ਮੈਂ ਕਦੀ ਕਿਤੇ ਜ਼ਿਕਰ ਨਹੀਂ ਕੀਤਾ। ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਬਹਿਸ 'ਚ ਹਿੱਸਾ ਲੈਂਦਿਆਂ ਕਿਹਾ ਕਿ ਫ਼ਿਰਕੂ ਸਿਆਸਤ ਕਰਨਾ ਅਕਾਲੀਆਂ ਨੂੰ ਚੰਗੀ ਲੱਗਦੀ ਹੈ । ਆਮ ਆਦਮੀ ਪਾਰਟੀ ਦੀ ਬਲਜਿੰਦਰ ਕੌਰ ਨੇ ਸਦਨ 'ਚ ਬੋਲਦਿਆਂ ਕਿਹਾ ਕਿ ਸ੍ਰੀ ਸੁਮੇਧ ਸੈਣੀ ਵਰਗੇ ਵਿਅਕਤੀ ਜਿਨ੍ਹਾਂ ਹਜ਼ਾਰਾਂ ਨੌਜਵਾਨਾਂ ਦੇ ਖ਼ੂਨ ਨਾਲ ਆਪਣੇ ਹੱਥ ਰੰਗੇ ਹਨ, ਨੂੰ ਸੂਬੇ ਦਾ ਡੀ. ਜੀ. ਪੀ. ਲਗਾਉਣ ਤੋਂ ਅਕਾਲੀਆਂ ਦੀ ਮਾਨਸਿਕਤਾ ਨਜ਼ਰ ਆਉਂਦੀ ਹੈ । ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਾਰੇ ਸਦਨ ਨੂੰ ਹੱਥ ਖੜ੍ਹੇ ਕਰਕੇ ਸਰਵਸੰਮਤੀ ਨਾਲ ਸੀ. ਬੀ. ਆਈ. ਤੋਂ ਕੇਸ ਵਾਪਸ ਲੈਣ ਲਈ ਮੁੱਖ ਮੰਤਰੀ 'ਤੇ ਜ਼ੋਰ ਦੇਣ ਲਈ ਕਿਹਾ ਜਿਸ 'ਤੇ ਸਮੁੱਚੇ ਸਦਨ ਵਲੋਂ ਹੱਥ ਖੜ੍ਹੇ ਕਰਕੇ ਬੋਲੇ ਸੋ ਨਿਹਾਲ ਦੇ ਨਾਅਰਿਆਂ ਨਾਲ ਸ. ਚੰਨੀ ਦੀ ਤਜਵੀਜ਼ ਦਾ ਸਮਰਥਨ ਕੀਤਾ । ਆਮ ਆਦਮੀ ਪਾਰਟੀ ਦੇ ਸ. ਬਲਦੇਵ ਸਿੰਘ ਨੇ ਸ਼ਹੀਦ ਗੁਰਜੀਤ ਸਿੰਘ ਦੇ ਪਿੰਡ ਸਰਾਵਾਂ ਵਿਖੇ ਉਨ੍ਹਾਂ ਦੀ ਯਾਦ 'ਚ 100 ਬਿਸਤਰਿਆਂ ਵਾਲੇ ਹਸਪਤਾਲ ਬਣਾਏ ਜਾਣ ਤੇ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦੀ ਯਾਦ 'ਚ ਬਹਿਬਲ ਖੁਰਦ ਵਿਖੇ ਇਕ ਖੇਡ ਸਟੇਡੀਅਮ ਬਣਾਏ ਜਾਣ ਦੀ ਮੰਗ ਰੱਖੀ ।

ਆਮ ਆਦਮੀ ਪਾਰਟੀ ਦੇ ਕੁਲਤਾਰ ਸਿੰਘ ਸੰਧਵਾਂ ਨੇ ਦੋਸ਼ ਲਗਾਇਆ ਕਿ ਬਿਆਨ ਤੋਂ ਪਲਟਣ ਵਾਲੇ ਨੂੰ ਅਕਾਲ ਤਖ਼ਤ ਦਾ ਮੁੱਖ ਗ੍ਰੰਥੀ ਲਗਾਇਆ ਜਾਣਾ ਵੱਡੀ ਨਮੋਸ਼ੀ ਵਾਲੀ ਗੱਲ ਹੈ । ਉਨ੍ਹਾਂ ਦਾਅਵਾ ਕੀਤਾ ਕਿ ਮਲੇਰਕੋਟਲਾ ਵਿਖੇ ਕੁਰਾਨ ਪਾੜਨ ਵਾਲੇ ਦੋਸ਼ੀ ਦਾ ਸਬੰਧ ਹੁਣ ਆਰ. ਐਸ.ਐਸ. ਨਾਲ ਹੋਣ ਦਾ ਪਤਾ ਲੱਗ ਗਿਆ ਹੈ ।

ਆਮ ਆਦਮੀ ਪਾਰਟੀ ਦੇ ਸ. ਐਚ. ਐਸ. ਫੂਲਕਾ ਨੇ ਸਦਨ ਦੀ ਲਾਬੀ 'ਚ ਅਕਾਲੀਆਂ ਵਲੋਂ ਚਲਾਏ ਗਏ ਆਪਣੇ ਬਰਾਬਰ ਸੈਸ਼ਨ ਦਾ ਮੁੱਦਾ ਉਠਾਉਂਦਿਆਂ ਇਸ ਨੂੰ ਸਦਨ ਦੀ ਮਰਿਆਦਾ ਦਾ ਮਾਮਲਾ ਕਰਾਰ ਦਿੱਤਾ। 'ਆਪ' ਦੇ ਹੀ ਸ੍ਰੀ ਕੰਵਰ ਸੰਧੂ ਨੇ ਸਦਨ ਨੂੰ ਦੱਸਿਆ ਕਿ 30 ਸਾਲ ਪਹਿਲਾਂ ਅਕਾਲੀ ਸਰਕਾਰ ਦੌਰਾਨ ਹੀ ਨਕੋਦਰ 'ਚ ਗੁਰੂ ਗ੍ਰੰਥ ਸਾਹਿਬ ਦੀਆਂ 4 ਬੀੜਾਂ ਸਾੜਨ ਦੀ ਘਟਨਾ ਹੋਈ ਸੀ ਜਿਸ ਤੋਂ ਬਾਅਦ ਪੁਲਿਸ ਗੋਲੀ 'ਚ 4 ਸਿੱਖ ਨੌਜਵਾਨ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਘਟਨਾ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਿਆ ਸੀ ਜਿਸ ਦੀ ਰਿਪੋਰਟ ਅੱਜ ਤੱਕ ਸਦਨ 'ਚ ਪੇਸ਼ ਨਹੀਂ ਕੀਤੀ ਗਈ ।



ਸਦਨ 'ਚ ਸੰਸਦੀ ਮਾਮਲਿਆਂ ਬਾਰੇ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਵਲੋਂ ਇਕ ਮਤਾ ਪੇਸ਼ ਕਰਕੇ ਵਿਧਾਨ ਸਭਾ ਦੀ ਲਾਬੀ 'ਚ ਅਕਾਲੀਆਂ ਵਲੋਂ ਚਲਾਏ ਗਏ ਆਪਣੇ ਬਰਾਬਰ ਸੈਸ਼ਨ ਨੂੰ ਸਦਨ ਦੀ ਕਾਰਜਵਿਧੀ ਤੇ ਨਿਯਮਾਂਵਾਲੀ ਦੇ ਵਿਰੁੱਧ ਦੱਸਦਿਆਂ ਇਸ ਨੂੰ ਸਦਨ ਦੀ ਮਰਿਆਦਾ ਦਾ ਮਾਮਲਾ ਕਰਾਰ ਦਿੱਤਾ ਤੇ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰਕੇ ਅਕਾਲੀ ਦਲ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ ਗਈ ਅਤੇ ਇਸ ਨੂੰ ਸਪੀਕਰ ਦੇ ਅਹੁਦੇ ਦਾ ਅਪਮਾਨ ਵੀ ਦੱਸਿਆ ਗਿਆ।

ਕਾਂਗਰਸ ਦੇ ਮੈਂਬਰ ਕੁਲਜੀਤ ਸਿੰਘ ਨਾਗਰਾ ਨੇ ਸਦਨ 'ਚ ਉਠ ਕੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਅੱਜ ਫਾਸਟਵੇਅ ਵਲੋਂ ਸਦਨ ਦੀ ਲਾਈਵ ਕਾਰਵਾਈ ਕਈ ਥਾਵਾਂ 'ਤੇ ਰੋਕੀ ਗਈ ਹੈ ਇਸ ਲਈ ਉਕਤ ਚੈਨਲ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ।

### ਉਮਰ ਕੈਦ ਦੀ ਸਜ਼ਾ ਦੇ ਬਿੱਲ ਨੂੰ ਮਨਜ਼ੂਰੀ

ਪੰਜਾਬ ਵਿਧਾਨ ਸਭਾ ਨੇ ਅੱਜ ਇੰਡੀਅਨ ਪੈਨਲ ਕੋਡ ਬਿੱਲ 2018 ਅਤੇ ਦੰਡ ਵਿਧਾਨ ਦੀ ਪ੍ਰਣਾਲੀ ਬਿੱਲ, 2018 ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਇਸ ਬਿੱਲ ਅਨੁਸਾਰ ਕਿਸੇ ਵੀ ਧਰਮ, ਪਵਿੱਤਰ ਗ੍ਰੰਥਾਂ ਜਾਂ ਚੀਜ਼ਾਂ ਦੀ ਬੇਅਦਬੀ ਕਰਨ ਵਾਲਿਆਂ ਵਾਸਤੇ ਉਮਰ ਕੈਦ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਦੋ ਬਿੱਲ ਅੱਜ ਉਦੋਂ ਪੇਸ਼ ਕੀਤੇ ਗਏ ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਧਾਨ ਸਭਾ ਵਿੱਚ ਪੇਸ਼ ਕੀਤੀ ਜਾਣੀ ਸੀ ਜਿਸ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਵਿੱਚ ਬੇਅਦਬੀ ਦੀਆਂ ਵਾਪਰੀਆਂ 100 ਤੋਂ ਵੱਧ ਘਟਨਾਵਾਂ ਬਾਰੇ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਰਿਪੋਰਟ ਅਨੁਸਾਰ ਇਹ ਗੱਲ ਪਾਈ ਗਈ ਸੀ ਕਿ ਬੇਅਦਬੀ ਦੀਆਂ ਜ਼ਿਆਦਾਤਰ ਘਟਨਾਵਾਂ ਬੇਬੁਨਿਆਦ ਸਨ।

## ਕੀਵੀ ਇੰਡੀਅਨ ਹਾਲ ਆਫ ਫੇਮ ਐਵਾਰਡਜ਼

# ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਨੇ 'ਇੰਡੀਅਨ ਵੀਕਐਂਡਰ' ਵੱਲੋਂ ਆਯੋਜਿਤ ਐਵਾਰਡ ਸਮਾਰੋਹ ਵਿਚ ਕੀਤੀ ਸ਼ਿਰਕਤ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਦਾ ਇੰਡੀਅਨ ਵੀਕਐਂਡਰ ਜਿੱਥੇ ਆਪਣੇ 9 ਸਾਲ ਪੂਰੇ ਕਰਕੇ 10ਵੇਂ ਸਾਲ ਵਿਚ ਦਾਖਲ ਹੋ ਗਿਆ ਹੈ ਉਥੇ ਇਸ ਅਦਾਰੇ ਵੱਲੋਂ ਅੱਜ ਛੇਵਾਂ 'ਕੀਵੀ ਇੰਡੀਅਨ ਹਾਲ ਆਫ ਫੇਮ' ਐਵਾਰਡ ਸਮਾਰੋਹ ਸਕਾਈ ਸਿਟੀ ਵਿਖੇ ਕਰਵਾਇਆ ਗਿਆ। ਇਸ ਮੌਕੇ ਦੇਸ਼ ਦੀ ਪਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ, ਭਾਰਤੀ ਹਾਈ ਕਮਿਸ਼ਨਰ ਸ੍ਰੀ ਸੰਜੀਵ ਕੌਹਲੀ, ਆਕਲੈਂਡ ਦੇ ਮੇਅਰ ਸ੍ਰੀ ਫਿਲ ਗੌਫ, ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ, ਡਾ. ਪਰਮਜੀਤ ਪਰਮਾਰ, ਹਾਊਸਿੰਗ ਮੰਤਰੀ ਸ੍ਰੀ ਫਿਲ ਟਾਇਫੋਰਡ, ਏਥਨਿਕ ਮੰਤਰੀ ਜੈਨੀ ਸਾਲੇਸਾ ਸਮੇਤ ਹੋਰ ਬਹੁਤ ਸਾਰੇ ਰਾਜਸੀ ਅਤੇ ਭਾਰਤੀ ਕਮਿਊਨਿਟੀ ਦੇ ਮੋਹਰੀ ਲੋਕ ਪਹੁੰਚੇ। ਇਸ ਸਮਾਰੋਹ ਦੇ ਵਿਚ ਸਮਾਜ ਸੇਵਕ ਸ੍ਰੀ ਪਰਮਜੀਤ ਰਾਏ ਸੱਚਦੇਵ (ਜੀਤ ਸੱਚਦੇਵ) ਨੂੰ 'ਕੀਵੀ ਇੰਡੀਅਨ ਕਮਿਊਨਿਟੀ ਸਰਵਿਸ ਐਕਸਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ 1995 ਦੇ ਵਿਚ ਭਾਰਤੀਆ ਸਮਾਜ ਸੰਸਥਾ ਦੀ ਸਥਾਪਨਾ ਕੀਤੀ। ਉਨ੍ਹਾਂ ਨੂੰ ਕੁਈਨਜ਼ ਸਰਵਿਸ ਮੈਡਲ ਮਿਲ ਚੁੱਕਾ ਹੈ। ਇਸ ਤੋਂ ਬਾਅਦ 18 ਸਾਲਾ ਮੁਸਕਾਨ ਦੇਵਤਾ ਨੂੰ 'ਕੀਵੀ ਇੰਡੀਅਨ ਯੰਗ ਅਚੀਵਰ ਆਫ ਦਾ ਯੀਅਰ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਕੁੜੀ ਜਿੱਥੇ ਅੰਗਹੀਣ ਹੀ ਸੀ ਉਥੇ ਇਸਦੇ ਕੰਮ ਕਿਤੇ ਜਿਆਦਾ ਹੱਦੋ ਵੱਧ ਸੰਪੂਰਨ ਹੁੰਦੇ ਜਾ ਰਹੇ ਸਨ। ਇਹ ਕੁੜੀ ਇਕ ਵਧੀਆ ਬੁਲਾਰਾ ਹੈ, ਰੇਡੀਓ ਉਤੇ ਪ੍ਰੋਗਰਾਮ ਪੇਸ਼ ਕਰਦੀ ਹੀ। ਸਭ ਤੋਂ ਅਹਿਮ ਐਵਾਰਡ 'ਕੀਵੀ ਇੰਡੀਅਨ ਹਾਲ ਆਫ ਫੇਮ' ਐਵਾਰਡ ਡਾ. ਸ਼ਰਧ ਪਾਲ ਨੂੰ ਦਿੱਤਾ ਗਿਆ। ਡਾ. ਸ਼ਰਧ ਪਾਲ ਨੇ ਚਮੜੀ ਦੇ ਕੈਂਸਰ ਦੇ ਇਲਾਜ ਲਈ ਅਣਥੱਕ ਮਿਹਨਤ ਕੀਤੀ ਹੈ। ਉਸਨੇ ਆਪਣੇ ਜੀਵਨ ਦਾ ਔਖਾ ਸਮਾਂ ਇਥੇ ਹੰਢਾਇਆ ਬਹੁਤ ਕੁਝ ਸੁਣਿਆ ਪਰ ਸਭ ਦੇ ਉਲਟ ਅੱਜ ਡਾਕਟਰੀ ਲਾਈਨ ਦੇ ਵਿਚ ਉਚ ਸਥਾਨ ਹਾਸਿਲ ਕੀਤਾ। ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਅਰਡਨ ਨੇ ਆਪਣੇ ਸੰਬੋਧਨ ਵਿਚ ਭਾਰਤੀ ਲੋਕਾਂ ਦੀ ਖੂਬ ਪ੍ਰਸੰਸ਼ਾ ਕੀਤੀ। ਇਸੇ ਤਰ੍ਹਾਂ ਆਕਲੈਂਡ ਦੇ ਮੇਅਰ ਨੇ ਵੀ ਭਾਰਤੀਆਂ ਦੇ ਸਭਿਆਚਾਰ ਦੀ ਖਾਸ ਗੱਲਬਾਤ ਕੀਤੀ ਅਤੇ ਅਕਤੂਬਰ ਦੇ ਵਿਚ ਆ ਰਹੀ ਦਿਵਾਲੀ ਮੇਲੇ ਦਾ ਐਲਾਨ ਕੀਤਾ। ਇੰਡੀਅਨ ਵੀਕਐਂਡਰ ਦੇ ਡਾਇਰੈਕਟਰ ਸ੍ਰੀ ਭਵ ਢਿੱਲੋਂ ਨੇ ਵੀ ਇਸ ਮੌਕੇ ਆਪਣੇ ਸੰਬੋਧਨ ਦੇ ਵਿਚ ਆਏ ਮਹਿਮਾਨਾਂ ਦਾ ਅਤੇ ਸਟਾਫ ਦਾ ਧੰਨਵਾਦ ਕੀਤਾ। ਸ੍ਰੀ ਸੰਜੀਵ ਕੌਹਲੀ ਨੇ ਪ੍ਰਵਾਸੀ ਲੋਕਾਂ ਵੱਲੋਂ ਵਿਦੇਸ਼ਾਂ ਦੇ ਵਿਚ ਪਾਏ ਜਾ ਰਹੇ ਯੋਗਦਾਨ ਉਤੇ ਤਸੱਲ ਪ੍ਰਗਟ ਕੀਤੀ। ਅੰਤ ਇਹ ਸਮਾਰੋਹ ਭਾਰਤੀ ਲੋਕਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਵਧੀਆ ਤਰੀਕੇ ਨਾਲ ਸਰਾਹ ਗਿਆ। ਪੰਜਾਬੀ ਕੁੜੀਆਂ ਦਾ ਗਿੱਧਾ, ਇਕ ਡਾਂਸ ਗਰੁਪ ਦਾ ਨ੍ਰਿਤ ਅਤੇ ਲਾਈਵ ਮਿਊਜ਼ਕ ਵੀ ਕਾਬਲੇ ਤਰੀਫ ਰਿਹਾ।









# ਗ੍ਰਿਫ਼ਤਾਰ ਕੀਤੇ ਉੱਘੇ ਇਨਕਲਾਬੀ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ -ਜਮਹੂਰੀ ਅਧਿਕਾਰ ਸਭਾ

ਬਠਿੰਡਾ (ਬਿਊਰੋ)– ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜਿਲ੍ਹਾ ਇਕਾਈ ਬਠਿੰਡਾ ਦੇ ਪ੍ਰਧਾਨ ਪ੍ਰਿੰ ਬੱਗਾ ਸਿੰਘ ,ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਸੂਬਾ ਸਕੱਤਰੇਤ ਦੇ ਮੈਂਬਰ ਡਾਕਟਰ ਅਜੀਤਪਾਲ ਸਿੰਘ ਨੇ ਤੇਲੰਗਾਨਾ, ਮਹਾਰਾਸ਼ਟਰ, ਦਿੱਲੀ, ਫ਼ਰੀਦਾਬਾਦ, ਰਾਂਚੀ ਅਤੇ ਗੋਆ ਵਿਚ ਉੱਘੇ ਜਮਹੂਰੀ ਕਾਰਕੰਨਾਂ ਦੇ ਘਰਾਂ ਵਿਚ ਛਾਪੇ ਮਾਰਨ, ਤਲਾਸ਼ੀਆਂ ਲੈਕੇ ਉਹਨਾਂ ਦੇ ਘਰਾਂ ਵਿੱਚੋਂ ਕੰਪਿਊਟਰ, ਹੋਰ ਕੰਪਿਊਟਰ ਡਿਵਾਇਸ ਅਤੇ ਕਿਤਾਬਾਂ ਕਬਜ਼ੇ ਵਿਚ ਲੈਣ ਅਤੇ ਇਨਕਲਾਬੀ ਬੁੱਧੀਜੀਵੀ ਪ੍ਰੋਫੈਸਰ ਵਰਵਰਾ ਰਾਓ, ਉੱਘੇ ਜਮਹੂਰੀ ਕਾਰਕੁੰਨਾਂ ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਐਡਵੋਕੇਟ ਅਰੁਣ ਫਰੇਰਾ ਅਤੇ ਵਰਨੋਨ ਗੌਂਸਾਲਵੇਜ਼ ਨੂੰ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਰਾਂਚੀ ਵਿਚ੍ @ ਸਾਲ ਦੇ ਕਾਰਕੁੰਨ ਸਟੇਨ ਸਵਾਮੀ ਅਤੇ ਹੋਰ ਕਾਰਕੁੰਨਾਂ ਦੇ ਘਰਾਂ ਵਿਚ ਵੀ ਭੀਮਾ–ਕੋਰੇਗਾਓਂ ਮਾਮਲੇ ਦੇ ਬਹਾਨੇ ਛਾਪੇ ਮਾਰੇ ਗਏ ਹਨ। ਸਭਾ ਸਮਝਦੀ ਹੈ ਕਿ ਇਹ ਛਾਪੇਮਾਰੀਆਂ ਅਤੇ ਤਲਾਸ਼ੀਆਂ ਮੋਦੀ ਸਰਕਾਰ ਦੀ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹਨ ਅਤੇ ਇਹਨਾਂ ਬੁੱਧੀਜੀਵੀਆਂ ਤੇ ਕਾਰਕੁੰਨਾਂ ਨੂੰ ਵੀ ਦੋ ਮਹੀਨੇ ਪਹਿਲਾਂ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਝੂਠਾ ਇਲਜ਼ਾਮ ਲਗਾਕੇ ਜੇਲ੍ਹ ਵਿਚ ਡੱਕੇ ਗਏ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਦੀ ਤਰ੍ਹਾਂ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ, ਰੋਨਾ ਵਿਲਸਨ ਦੀ ਤਰ੍ਹਾਂ ਝੂਠੇ ਕੇਸ ਵਿਚ ਫਸਾਕੇ ਜੇਲ੍ਹ ਭੇਜਿਆ ਜਾਵੇਗਾ। ਜਮਹੂਰੀ ਅਧਿਕਾਰ ਸਭਾ ਪੰਜਾਬ ਮੰਗ ਕਰਦੀ ਹੈ ਕਿ ਜਮਹੂਰੀ ਸ਼ਖਸੀਅਤਾਂ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰਕੇ ਉਹਨਾਂ ਦੀ ਜ਼ੁਬਾਨਬੰਦੀ, ਉਹਨਾਂ ਦੇ ਘਰਾਂ ਵਿਚ ਮੁਜਰਿਮਾਂ ਦੀ ਤਰ੍ਹਾਂ ਛਾਪੇਮਾਰੀ ਅਤੇ ਤਲਾਸ਼ੀਆਂ ਦਾ ਤਾਨਾਸ਼ਾਹ ਸਿਲਸਿਲਾ ਬੰਦ ਕੀਤਾ ਜਾਵੇ। ਜਮਹੂਰੀ ਅਧਿਕਾਰ ਸਭਾ ਸਮੂਹ ਜਮਹੂਰੀ ਅਤੇ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਰਾਜਕੀ ਦਹਿਸ਼ਤਵਾਦ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦੀ ਅਪੀਲ ਕਰਦੀ ਹੈ।

**ਜਾਰੀ ਕਰਤਾ– ਡਾਕਟਰ ਅਜੀਤਪਾਲ ਸਿੰਘ**
**ਸਟੇਟ ਸਕੱਤਰੇਤ ਮੈਂਬਰ** (91–98156–29301)

# ਇੱਕ ਰਾਸ਼ਟਰ-ਇੱਕ ਚੋਣ ਦਾ ਮੁੱਦਾ

**ਇਹੋ ਜਿਹੀ ਸਥਿਤੀ ਵਿੱਚ ਦੇਸ਼ ਦੇ ਕੁਝ ਇੱਕ ਨੀਤੀਵਾਨਾਂ ਅਤੇ ਨੇਤਾਵਾਂ ਨੇ ਦੇਸ਼ ਵਿੱਚ 'ਇੱਕ ਰਾਸ਼ਟਰ ਇੱਕ ਚੋਣ' ਦਾ ਨਾਹਰਾ ਦਿੱਤਾ ਹੈ, ਜਿਹੜਾ ਇਹਨਾ ਦਿਨਾਂ 'ਚ ਇਸ ਕਰਕੇ ਵੀ ਚਰਚਾ ਦਾ ਵਿਸ਼ਾ ਹੈ ਕਿ ਦੇਸ਼ ਵਿੱਚ 2018 ਜਾਂ 2019 ਵਿੱਚ ਲੋਕ ਸਭਾ ਚੋਣਾਂ ਆਉਣ ਵਾਲੀਆਂ ਹਨ ਅਤੇ ਕੁਝ ਸੂਬਿਆਂ ਦੀਆਂ ਚੋਣਾਂ ਵੀ 2019 'ਚ ਹੋਣ ਜਾ ਰਹੀਆਂ ਹਨ। ਪਰ ਭਾਰਤ ਦੇ ਚੋਣ ਆਯੋਗ ਨੇ ਨੇੜ ਭਵਿੱਖ ਵਿੱਚ ਇਕੋ ਵੇਲੇ ਲੋਕ ਸਭਾ ਅਤੇ ਸੂਬਿਆਂ ਦੀਆਂ ਚੋਣਾਂ ਕਰਾਉਣ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ ਹੈ। ਹਾਲਾਂਕਿ ਇਹ ਗੱਲ ਹਾਲੀ ਤੱਕ ਸਪਸ਼ਟ ਨਹੀਂ ਹੋ ਸਕੀ ਕਿ ਚੋਣ ਆਯੋਗ 2019 ਵਿੱਚ ਇੱਕ ਰਾਸ਼ਟਰ-ਅੱਧੀ ਚੋਣ ਜਾਂ ਇੱਕ ਰਾਸ਼ਟਰ-ਇੱਕ ਚੌਥਾਈ ਚੋਣ ਲਈ ਤਿਆਰ ਹੋਏਗਾ ਕਿ ਨਹੀਂ।**



ਗੁਰਮੀਤ ਸਿੰਘ ਪਲਾਹੀ
91-98158-02070

ਭਾਰਤ ਵਿੱਚ ਲਗਭਗ ਹਰ ਮਹੀਨੇ ਕਿਸੇ ਨਾ ਕਿਸੇ ਸੂਬੇ ਵਿੱਚ ਚੋਣ ਦਾ ਮਸਲਾ ਭੱਖਦਾ ਹੈ। ਇਹਨਾ ਚੋਣਾਂ ਵਿੱਚ ਬੇ-ਇੰਤਹਾ ਖਰਚ ਹੁੰਦਾ ਹੈ। ਭਾਰਤ ਵਰਗੇ ਤਰੱਕੀ ਕਰ ਰਹੇ ਦੇਸ਼ ਦੀ ਅਰਾਥਿਕਤਾ ਉਤੇ ਤਾਂ ਇਸਦਾ ਬੋਝ ਪੈਂਦਾ ਹੀ ਹੈ, ਇਹ ਦੇਸ਼ ਵਿੱਚ ਜਾਤ-ਪਾਤ, ਧਰਮਾਂ 'ਚ ਪਾੜਾ ਵਧਾਉਣ ਦਾ ਕਾਰਨ ਵੀ ਬਣ ਰਿਹਾ ਹੈ। ਇਸ ਤੋਂ ਵੀ ਅਗਲੀ ਗੱਲ ਇਹ ਕਿ ਚੋਣਾਂ 'ਤੇ ਕਾਫੀ ਸਮਾਂ ਬਰਬਾਦ ਹੁੰਦਾ ਹੈ ਅਤੇ ਸਰਕਾਰ ਦੀਆਂ ਕਈ ਸਮਾਂ-ਬੱਧ ਸਕੀਮਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ। ਸਥਾਨਕ ਸਰਕਾਰਾਂ (ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ, ਨਗਰਪਾਲਿਕਾ) ਦੀਆਂ ਚੋਣਾਂ ਤੋਂ ਲੈਕੇ ਵਿਧਾਨ ਪ੍ਰੀਸ਼ਦ, ਵਿਧਾਨ ਸਭਾ, ਰਾਜ ਸਭਾ, ਲੋਕ ਸਭਾ ਤੱਕ ਦੀਆਂ ਚੋਣਾਂ ਸਮੇਂ ਸਮੇਂ ਤੇ ਹੁੰਦੀਆਂ ਰਹਿੰਦੀਆਂ ਹਨ। ਵਿਧਾਨ ਸਭਾਵਾਂ, ਲੋਕ ਸਭਾ ਦੀਆਂ ਚੋਣਾਂ ਕਾਰਨ ਤਾਂ ਦੇਸ਼ ਭਰ ਵਿੱਚ ਇੱਕ ਤਰ੍ਹਾਂ ਨਾਲ ਭੁਚਾਲ ਜਿਹਾ ਆ ਜਾਂਦਾ ਹੈ, ਹਾਕਮ ਪਾਰਟੀਆਂ ਦੇ ਨੇਤਾਵਾਂ ਤੋਂ ਲੈ ਕੇ ਅਫ਼ਸਰਸ਼ਾਹੀ ਦੇ ਦਾਇਰੇ ਵਿੱਚ ਇਹੋ ਜਿਹਾ ਮਾਹੌਲ ਵੇਖਣ ਨੂੰ ਮਿਲਦਾ ਹੈ, ਜਿਵੇਂ ਸਰਕਾਰ ਨੂੰ ਚੋਣਾਂ ਕਰਾਉਣ ਤੋਂ ਵੱਧ ਚੋਣਾਂ ਜਿੱਤਣ ਦਾ ਕੰਮ ਹੀ ਰਹਿ ਗਿਆ ਹੋਵੇ। ਸਰਕਾਰੀ ਪ੍ਰਾਪਤੀਆਂ ਦੇ ਵੱਡੇ ਵੱਡੇ ਇਸ਼ਤਿਹਾਰ ਛਾਇਆ ਹੁੰਦੇ ਹਨ, ਪ੍ਰਾਪਤੀਆਂ ਦਾ ਜਿਕਰ ਥਾਂ ਥਾਂ ਕੀਤਾ ਜਾਂਦਾ ਹੈ, ਛੋਟੇ-ਮੋਟੇ ਕੀਤੇ ਕੰਮਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਵੋਟਾਂ ਬਟੋਰਨ ਲਈ ਹਰ ਦਾਅ ਪੇਚ ਵਰਤਣ ਦਾ ਯਤਨ ਹੁੰਦਾ ਹੈ। ਲੱਖਾਂ ਨਹੀਂ ਕਰੋੜਾਂ, ਕਰੋੜਾਂ ਨਹੀਂ ਅਰਬਾਂ ਰੁਪਏ ਬਿਨ੍ਹਾਂ ਕਿਸੇ ਕਾਰਨ ਇਸ਼ਤਿਹਾਰਬਾਜੀ ਤੇ ਰੋੜ੍ਹ ਦਿੱਤੇ ਜਾਂਦੇ ਹਨ। ਕਿਹਾ ਜਾਣ ਲੱਗ ਪਿਆ ਹੈ ਕਿ ਇੱਕ ਪਾਸੇ ਦੇਸ਼ ਨੂੰ ਭ੍ਰਿਸ਼ਟਾਚਾਰ ਨੇ ਅਤੇ ਦੂਜੇ ਪਾਸੇ "ਚੋਣਾਂ ਦੇ ਭੂਤ" ਨੇ ਜਿਵੇਂ ਤਬਾਹ ਕਰਕੇ ਰੱਖ ਦਿੱਤਾ ਹੈ।

ਇਹੋ ਜਿਹੀ ਸਥਿਤੀ ਵਿੱਚ ਦੇਸ਼ ਦੇ ਕੁਝ ਇੱਕ ਨੀਤੀਵਾਨਾਂ ਅਤੇ ਨੇਤਾਵਾਂ ਨੇ ਦੇਸ਼ ਵਿੱਚ 'ਇੱਕ ਰਾਸ਼ਟਰ ਇੱਕ ਚੋਣ' ਦਾ ਨਾਹਰਾ ਦਿੱਤਾ ਹੈ, ਜਿਹੜਾ ਇਹਨਾ ਦਿਨਾਂ 'ਚ ਇਸ ਕਰਕੇ ਵੀ ਚਰਚਾ ਦਾ ਵਿਸ਼ਾ ਹੈ ਕਿ ਦੇਸ਼ ਵਿੱਚ 2018 ਜਾਂ 2019 ਵਿੱਚ ਲੋਕ ਸਭਾ ਚੋਣਾਂ ਆਉਣ ਵਾਲੀਆਂ ਹਨ ਅਤੇ ਕੁਝ ਸੂਬਿਆਂ ਦੀਆਂ ਚੋਣਾਂ ਵੀ 2019 'ਚ ਹੋਣ ਜਾ ਰਹੀਆਂ ਹਨ। ਪਰ ਭਾਰਤ ਦੇ ਚੋਣ ਆਯੋਗ ਨੇ ਨੇੜ ਭਵਿੱਖ ਵਿੱਚ ਇਕੋ ਵੇਲੇ ਲੋਕ ਸਭਾ ਅਤੇ ਸੂਬਿਆਂ ਦੀਆਂ ਚੋਣਾਂ ਕਰਾਉਣ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ ਹੈ। ਹਾਲਾਂਕਿ ਇਹ ਗੱਲ ਹਾਲੀ ਤੱਕ ਸਪਸ਼ਟ ਨਹੀਂ ਹੋ ਸਕੀ ਕਿ ਚੋਣ ਆਯੋਗ 2019 ਵਿੱਚ ਇੱਕ ਰਾਸ਼ਟਰ-ਅੱਧੀ ਚੋਣ ਜਾਂ ਇੱਕ ਰਾਸ਼ਟਰ-ਇੱਕ ਚੌਥਾਈ ਚੋਣ ਲਈ ਤਿਆਰ ਹੋਏਗਾ ਕਿ ਨਹੀਂ।

ਭਾਵੇਂ ਕਿ ਭਾਜਪਾ ਦੇ ਉੱਚ ਨੇਤਾਵਾਂ ਨੇ ਇਹ ਸਾਫ ਕੀਤਾ ਹੈ ਕਿ ਭਾਜਪਾ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਨਹੀਂ ਕਰਵਾਏਗੀ, ਇਸ ਲਈ ਸਮੇਂ ਤੋਂ ਪਹਿਲਾਂ ਲੋਕ ਸਭਾ ਚੋਣਾਂ ਕਰਾਏ ਜਾਣ ਦੀ ਕੋਈ ਆਸ ਨਹੀਂ ਹੈ। ਕਿਉਂਕਿ ਭਾਜਪਾ ਜਾਣਦੀ ਹੈ ਕਿ 2004 ਵਿੱਚ ਸਮੇਂ ਤੋਂ ਪਹਿਲਾਂ ਐਨ ਡੀ ਏ ਵਲੋਂ ਚੋਣਾਂ ਕਰਾਉਣ ਸਮੇਂ ਉਸਦੇ ਹੱਥ-ਪੱਲੇ ਕੁਝ ਨਹੀਂ ਸੀ ਪਿਆ, ਸਗੋਂ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਹੋ ਜਿਹੇ ਹਾਲਤਾਂ ਵਿੱਚ ਲੋਕ ਸਭਾ ਚੋਣਾਂ ਦੇ ਨਾਲ ਰਾਜਸਥਾਨ, ਮੱਧਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਚੋਣਾਂ ਕਰਾਉਣ ਦਾ ਇੱਕ ਮਾਤਰ ਰਸਤਾ ਹੈ, ਜੋ ਉਦੋਂ ਤੱਕ ਸੰਭਵ ਨਹੀਂ ਹੈ, ਜਦੋਂ ਤੱਕ ਇਹਨਾ ਰਾਜਾਂ ਦੇ ਮੁਖਮੰਤਰੀ ਆਪਣੀ ਇੱਛਾ ਅਨੁਸਾਰ ਸਮੇਂ ਤੋਂ ਪਹਿਲਾ ਅਸਤੀਫਾ ਦੇ ਦੇਣ ਅਤੇ ਇਹਨਾ ਰਾਜਾਂ ਵਿੱਚ ਰਾਸ਼ਟਰਪਤੀ ਦਾ ਰਾਜ ਛੇ ਮਹੀਨਿਆਂ ਲਈ ਲਗਾ ਦਿੱਤਾ ਜਾਏ। ਇਹਨਾ ਰਾਜਾਂ ਵਿੱਚ ਨਵੰਬਰ, ਦਸੰਬਰ 2013 ਵਿੱਚ ਚੋਣਾਂ ਹੋਈਆਂ ਸਨ। ਜੋ ਹੁਣ 2018 'ਚ ਨਵੰਬਰ ਦਸੰਬਰ 'ਚ ਹੋਣੀਆਂ ਹਨ ਅਤੇ ਦੇਸ਼ ਦੀ ਲੋਕ ਸਭਾ ਚੋਣ ਅਪ੍ਰੈਲ, ਮਈ 2019 'ਚ ਹੋਣ ਵਾਲੀ ਹੈ। ਦੇਸ਼ ਦੀ ਹਾਕਮ ਜਮਾਤ ਇਸ ਵੇਲੇ ਇਸ ਮੌਕੇ ਦੀ ਭਾਲ ਵਿੱਚ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਣ, ਇਸ ਪਿੱਛੇ ਉਸ ਵਲੋਂ ਤਰਕ ਤਾਂ ਇਹ ਦਿੱਤਾ ਜਾ ਰਿਹਾ ਹੈ ਕਿ ਖਰਚ ਘਟਣਗੇ।

ਚੋਣ ਜਾਬਤਾ ਵਾਰ-ਵਾਰ ਨਹੀਂ ਲਗਾਉਣਾ ਪਏਗਾ। ਚੋਣਾਂ ਵੇਲੇ ਸੁਰੱਖਿਆ ਦਾ ਖਰਚਾ ਘਟੇਗਾ ਅਤੇ ਨੇਤਾਵਾਂ ਨੂੰ ਲੋਕ ਸੇਵਾ ਦਾ ਵੱਧ ਮੌਕਾ ਮਿਲੇਗਾ, ਕਿਉਂਕਿ ਚੋਣਾਂ ਕਾਰਨ ਉਹ ਵੋਟ ਇੱਕਠੀਆਂ ਕਰਨ 'ਚ ਹੀ ਰੁਝੇ ਰਹਿੰਦੇ ਹਨ। ਪਰ ਅਸਲ ਵਿੱਚ ਸੂਬਾ ਕਰਨਾਟਕ ਵਿਚਲੀ ਭਾਜਪਾ ਨੂੰ ਮਿਲੀ ਹਾਰ ਅਤੇ ਹੋਰ ਭਾਜਪਾ ਸਾਸ਼ਤ ਸੂਬਿਆਂ 'ਚ ਕੁਸਾਸ਼ਨ ਮਹਿੰਗਾਈ, ਤੇਲ ਕੀਮਤਾਂ 'ਚ ਵਾਧੇ, ਨੋਟਬੰਦੀ, ਜੀ ਐਸ ਟੀ, ਰੁਪਏ ਦੀ ਕੀਮਤ ਦਾ ਨਿੱਤ ਡਿਗਣਾ ਉਸਦੀ ਵੱਡੀ ਚਿੰਤਾ ਹੈ, ਜਿਸਨੂੰ ਉਹ ਪ੍ਰਧਾਨ ਮੰਤਰੀ ਦੀ ਕਥਿਤ ਹਰਮਨ ਪਿਆਰਤਾ ਨਾਲ ਭੁਨਾਉਣਾ ਚਾਹੁੰਦੀ ਹੈ। ਚੋਣਾਂ ਤਾਂ ਲੋਕਤੰਤਰ ਦਾ ਸੁਭਾਵਿਕ ਹਿੱਸਾ ਹੋਣੀਆਂ ਚਾਹੀਦੀਆਂ ਹਨ। ਪਰ ਦੇਸ਼ ਵਿੱਚ ਤਾਂ ਇਹ ਇੱਕ ਆਫਤ ਵਾਂਗਰ ਆਉਂਦੀਆਂ ਹਨ। ਲੋਕਾਂ ਦੇ ਮਨਾਂ ਦਾ ਚੈਨ ਗੁਆਚ ਜਾਂਦਾ ਹੈ, ਰਾਹ ਜਾਂਦੀਆਂ ਮੁਸੀਬਤਾਂ ਉਸਦੇ ਗਲ ਪੈ ਜਾਂਦੀਆਂ ਹਨ, ਖਰਚੇ ਕਾਰਨ ਟੈਕਸਾਂ ਦਾ ਬੋਝ ਉਸ ਉਤੇ ਵੱਧ ਜਾਂਦਾ ਜਾਂਦਾ ਹੈ, ਧਰਮ, ਫਿਰਕੇ ਦੇ ਨਾਮ ਉਤੇ ਤ੍ਰੇੜਾਂ ਦਰਾੜਾਂ ਬਣ ਜਾਂਦੀਆਂ ਹਨ ਅਤੇ ਉਹਦਾ ਸੁਭਾਵਿਕ ਜੀਵਨ ਕਸ਼ਟ ਵਾਲਾ ਹੋ ਨਿਬੜਦਾ ਹੈ। ਕਿਉਂਕਿ ਚੋਣਾਂ ਨੂੰ ਇੱਕ ਇਹੋ ਜਿਹੀ ਘਟਨਾ ਦੇ ਰੂਪ ਵਿੱਚ ਨਹੀਂ ਦੇਖਿਆ ਜਾਂਦਾ, ਜੋ ਆਉਂਦੀ ਹੈ ਅਤੇ ਚਲੀ ਜਾਂਦੀ ਹੈ। ਅੱਜ ਇੱਕ ਪਾਰਟੀ ਸੱਤਾ ਵਿੱਚ ਹੈ ਕੱਲ ਸੱਤਾ ਤੋਂ ਬਾਹਰ ਹੋ ਸਕਦੀ ਹੈ। ਅਤੇ ਮੁੜ ਸੱਤਾ ਵਿੱਚ ਆ ਸਕਦੀ ਹੈ। ਪਰ ਅੱਜਕੱਲ ਦਾ ਚੋਣਾਂ ਮਰਨ-ਮਾਰਨ ਦਾ ਮੁੱਦਾ ਬਣ ਚੁੱਕੀਆਂ ਹਨ, ਇਵੇਂ ਲੱਗਦਾ ਹੈ ਕਿ ਦੇਸ਼ ਵਿੱਚ ਨੇਤਾ ਲੋਕ ਚੋਣਾਂ ਜਿੱਤਣ ਤੋਂ ਬਿਨ੍ਹਾਂ ਹੋਰ ਕੋਈ ਕੰਮ ਹੀ ਨਹੀਂ ਕਰਦੇ।

ਨੇਤਾ ਲੋਕ ਤਾਂ ਅਸਲ ਵਿੱਚ ਇਹ ਭੁੱਲ ਹੀ ਚੁੱਕੇ ਹਨ ਕਿ ਨੇਤਾ ਦਾ ਕੰਮ ਸਿਰਫ ਚੋਣ ਲੜਨਾ, ਤੇ ਜਿੱਤਣਾ ਹੀ ਨਹੀਂ ਹੈ, ਉਸ ਦੀ ਭੂਮਿਕਾ ਤਾਂ ਬਹੁਤ ਵੱਡੀ ਹੈ। ਪਰ ਅੱਜ ਤਾਂ ਨੇਤਾ ਚੋਣਾਂ ਨੂੰ ਹੀ ਪ੍ਰਮੁੱਖਤਾ ਦਿੰਦੇ ਹਨ। ਕਿੱਡੀ ਵਿਡੰਬਨਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪਾਰਟੀ ਦੇ ਪ੍ਰਮੁੱਖ ਪ੍ਰਚਾਰਕ ਵਜੋਂ ਕੰਮ ਕਰਨਾ ਪੈਂਦਾ ਹੈ ਅਤੇ ਕਦੀ ਕਦੀ ਤਾਂ ਸਥਿਤੀ ਇਹ ਹੋ ਜਾਂਦੀ ਹੈ ਕਿ ਕੇਵਲ ਤੇ ਕੇਵਲ ਉਹ ਹੀ ਅਸਲੀ ਚੋਣ ਪ੍ਰਚਾਰਕ ਰਹਿ ਜਾਂਦਾ ਹੈ ਜਿਵੇਂ ਕਿ ਹੁਣ ਹੈ।

ਭਾਜਪਾ ਦੇ ਉਪਰਲੇ ਨੇਤਾਵਾਂ ਨੇ ਇਹ ਸੰਕੇਤ ਦਿੱਤੇ ਸਨ ਕਿ ਜੇਕਰ ਉਹ 2019 ਦੀਆਂ ਲੋਕ ਸਭਾ ਚੋਣਾਂ 'ਚ ਮੁੜ ਜੇਤੂ ਰਹਿੰਦੇ ਹਨ ਤਾਂ ਉਹ ਇੱਕ ਰਾਸ਼ਟਰ-ਇੱਕ ਚੋਣ ਦੇ ਵਿਚਾਰ ਨੂੰ ਅਮਲੀ ਰੂਪ ਦੇਣ ਦੀ ਦਿਸ਼ਾਂ 'ਚ ਕੰਮ ਕਰਨਗੇ। ਪਰ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ 'ਚ ਭਾਜਪਾ ਦੀਆਂ ਹਾਰ ਦੀਆਂ ਸੰਭਾਵਨਾਵਾਂ ਨੂੰ ਵੇਖਦੇ ਹੋਏ ਇਹ ਚਰਚਾ ਸੁਣਨ ਨੂੰ ਮਿਲਦੀ ਹੈ ਕਿ 2019 ਵਿੱਚ ਲੋਕ ਸਭਾ ਚੋਣਾਂ ਦੇ ਨਾਲ ਨਾਲ 11 ਰਾਜਾਂ ਵਿੱਚ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ, ਜਿਹਨਾ ਵਿੱਚ ਰਾਜਸਥਾਨ, ਮੱਧਪ੍ਰਦੇਸ਼, ਛੱਤੀਸਗੜ੍ਹ ਰਾਜ ਵੀ ਸ਼ਾਮਲ ਹੋਣਗੇ ਤਾਂ ਕਿ ਮੋਦੀ ਦੇ ਵਿਅਕਤੀਤਵ ਅਤੇ ਹਰਮਨਪਿਆਰਤਾ ਨਾਲ ਇਹਨਾ ਸੂਬਿਆਂ 'ਚ ਪੈਦਾ ਹੋਏ ਸੱਤਾ ਵਿਰੋਧੀ ਰੁਝਾਨ ਨੂੰ ਰੋਕਿਆ ਜਾ ਸਕੇ।

ਪਰ ਇੱਕ ਰਾਸ਼ਟਰ-ਇੱਕ ਚੋਣ ਦੇ ਪ੍ਰਸਤਾਵ ਦਾ ਵਿਆਪਕ ਵਿਰੋਧ ਹੋ ਰਿਹਾ ਹੈ। ਜੇਕਰ ਇਸ ਕਿਸਮ ਦਾ ਪ੍ਰਸਤਾਵ ਪਾਸ ਕਰਵਾਉਣਾ ਹੈ ਤਾਂ ਇਹ ਸੰਸਦ ਦੇ ਦੋਹਾਂ ਸਦਨਾ ਵਿੱਚ ਪਾਸ ਕਰਾਉਣਾ ਪਵੇਗਾ।

ਲੋਕ ਸਭਾ ਵਿੱਚ ਤਾਂ ਐਨ ਡੀ ਏ ਕੋਲ ਬਹੁਮਤ ਹੈ ਪਰ ਰਾਜ ਸਭਾ ਵਿੱਚ ਦੋ ਤਿਹਾਈ ਬਹੁਮਤ ਲਈ ਉਸਨੂੰ ਕਰੜੀ ਮਿਹਨਤ ਕਰਨੀ ਪਵੇਗੀ। ਸਮਾਜਵਾਦੀ ਪਾਰਟੀ ਅਤੇ ਤਿਲੰਗਾਣਾ ਰਾਸ਼ਟਰ ਸੰਮਤੀ ਇੱਕ ਰਾਸ਼ਟਰ ਇੱਕ ਚੋਣ ਦੇ ਹੱਕ ਵਿੱਚ ਹੈ। ਪਰ ਇਹ ਸੰਭਵ ਨਹੀਂ ਲੱਗਦਾ ਕਿ ਇਹਨਾ ਚੋਣਾਂ ਤੋਂ ਪਹਿਲਾਂ ਇਹ ਪ੍ਰਸਤਾਵ ਪਾਸ ਹੋ ਸਕੇ।

ਕੁਝ ਪਾਰਟੀਆਂ ਦਾ ਮੱਤ ਹੈ ਕਿ ਇੱਕ ਰਾਸ਼ਟਰ ਇੱਕ ਚੋਣ ਭਾਰਤ ਦੀ ਸੰਘਵਾਦ ਦੀ ਭਾਵਨਾ ਦੇ ਉਲਟ ਹੈ, ਜਿਸਦੀ ਸਾਡਾ ਸੰਵਿਧਾਨ ਗਰੰਟੀ ਦਿੰਦਾ ਹੈ। ਜੇਕਰ ਦੇਸ਼ ਵਿੱਚ ਇਕੋ ਵੇਲੇ ਚੋਣ ਦੀ ਵਿਵਸਥਾ ਹੁੰਦੀ ਹੈ ਤਾਂ ਇਸਦਾ ਫਾਇਦਾ ਰਾਸ਼ਟਰੀ ਪਾਰਟੀਆਂ ਨੂੰ ਹੋਏਗਾ ਕਿਉਂਕਿ ਵੋਟਰ ਇਕੋ ਵੇਲੇ ਦੇਸ਼ ਅਤੇ ਸੂਬੇ ਦੀ ਸਰਕਾਰ ਚੁਨਣ ਵੇਲੇ ਇੱਕ ਪਾਰਟੀ ਨੂੰ ਵੋਟ ਦੇ ਦੇਣਗੇ।

ਵੈਸੇ ਵੀ ਅੱਜ ਦੇਸ਼ ਦੇ ਹਾਕਮ ਅਮਰੀਕਾ ਦੇ ਰਾਸ਼ਟਰਪਤੀ ਜਿਹੇ ਚੋਣ ਪ੍ਰਚਾਰ ਵੱਲ ਵੱਧ ਰਹੇ ਹਨ। ਹੁਣ ਪ੍ਰਧਾਨ ਮੰਤਰੀ ਆਪਣੇ ਮੰਤਰੀਆਂ ਦੇ ਭਰੋਸੇ ਜਾਂ ਪਾਰਟੀ ਦੇ ਭਰੋਸੇ ਪ੍ਰਚਾਰ ਜਾਂ ਕੰਮ ਨਹੀਂ ਕਰਦਾ, ਬਲਕਿ ਪ੍ਰਧਾਨ ਮੰਤਰੀ ਦੇ ਦਫ਼ਤਰ ਪੀ.ਐਮ.ਓ. ਅਤੇ ਨੌਕਰਸ਼ਾਹੀ ਦੇ ਰਾਹੀਂ ਸੱਭੋ ਕੁਝ ਕਰਦਾ ਹੈ ਅਤੇ ਸਰਕਾਰ ਚਲਾਉਂਦਾ ਹੈ। ਮੰਤਰੀਆਂ ਤੇ ਪਾਰਟੀ ਦੇ ਨੇਤਾਵਾਂ ਵਰਕਰਾਂ ਨੂੰ ਤਾਂ ਲਏ ਗਏ ਫੈਸਲਿਆਂ ਦੀ ਸੂਚਨਾ ਬਾਅਦ 'ਚ ਹੀ ਮਿਲਦੀ ਹੈ।

# "ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇਂ, ਮੁਸਕੁਰਾਵਾਂਗਾ" ਦੇ ਹਾਣ ਦੀ ਹੈ ਹਮਦਰਦ ਦੀ ਨਵੀ ਸੰਗੀਤ ਐਲਬਮ "ਸਰਘੀ"

ਸੋਚਣ, ਸਮਝਣ ਅਤੇ ਕਰਨ ਜਿਹੇ ਕਾਰਕਾਂ ਦਾ ਸੁਮੇਲ ਗਾਇਕ ਬਰਜਿੰਦਰ ਸਿੰਘ ਹਮਦਰਦ, ਭੰਵਰ ਅੰਦਰ ਵੀ ਤਾਰੀਆਂ ਲਾਉਣ ਵਾਲੀ ਸਖਸ਼ੀਅਤ ਹੈ। ਉਹ ਸਮੁੰਦਰੀ ਡੁਬਕੀਆਂ ਲਾਉਂਦਾ ਹੈ, ਧਰਤੀ 'ਤੇ ਵਿਚਰਦਾ ਹੈ, ਗਗਨ 'ਚ ਉਚੀਆਂ ਉਡਾਰੀਆਂ ਮਾਰਦਾ ਹੈ। ਸਮੁੰਦਰੋਂ ਮੋਤੀ ਲੱਭਦਾ ਹੈ, ਗਗਨੋਂ ਰੰਗ-ਬਿਰੰਗੇ ਰੰਗ ਅਤੇ ਧਰਤੀ ਤੋਂ ਬੰਨ-ਸੁਵੰਨੇ ਫੁੱਲ! ਇਸ ਵੇਰ ਉਸ ਅਸਮਾਨੋਂ ਵੀ ਕੁਝ ਲੱਭਿਆ, ਪਤਾਲੋਂ ਵੀ ਅਤੇ ਧਰਤੀ ਤੋਂ ਵੀ। ਉਸ ਸੰਗੀਤ ਦੀ ਦੁਨੀਆਂ 'ਚ ਨਵੀਂ ਪੁਲਾਂਘ ਪੁੱਟੀ ਹੈ, ਆਪਣੀ ਦਸਵੀਂ ਸੰਗੀਤ ਐਲਬਮ, "ਸਰਘੀ" ਪੰਜਾਬੀ ਦੇ ਸਿਰਮੌਰ ਗ਼ਜ਼ਲਗੋ "ਜਗਤਾਰ" ਦੀਆਂ ਗ਼ਜ਼ਲਾਂ ਦਾ ਗੁਲਦ-ਸਤਾ ਪੇਸ਼ ਕਰਕੇ।ਹਮਦਰਦ ਦੀ ਇਹ ਐਲਬਮ ਪੰਜਾਬੀ ਕਵੀ ਜਗਤਾਰ ਜਿਹੜਾ ਪੰਜਾਬ ਦੀ ਸਮਕਾਲੀ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਸਥਿਤੀ ਨੂੰ ਸ਼ਿਦਤ ਨਾਲ ਅਨੁਭਵ ਕਰਕੇ ਕਵਿਤਾ, ਗ਼ਜ਼ਲ ਲਿਖਣ ਵਾਲਾ ਹਰਮਨ ਪਿਆਰਾ ਸ਼ਾਇਰ ਸੀ, ਲਈ ਸ਼ਰਧਾ ਦੇ ਫੁੱਲ ਹਨ।




ਕੌਣ ਸੀ ਜੋ "ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇਂ, ਮੁਸਕਰਾਵਾਂਗਾ" ਅਤੇ "ਖ਼ੂਨ ਲੋਕਾਂ ਦਾ ਹੈ, ਇਹ ਪਾਣੀ ਨਹੀਂ, ਇਸਦੀ ਸੁਰਖ਼ੀ ਕਦੇ ਜਾਣੀ ਨਹੀਂ" ਵਰਗੀਆਂ ਗ਼ਜ਼ਲਾਂ ਸਹਿਜ ਨਾਲ ਲਿਖ ਸਕਦਾ ਸੀ? ਇਹ ਜਗਤਾਰ ਸੀ। ਅਤੇ ਕੌਣ ਹੈ ਜੋ ਇਹੋ ਜਿਹੀਆਂ ਸੂਖਮ ਗ਼ਜ਼ਲਾਂ ਨੂੰ ਧੁਰ ਅੰਦਰੋਂ ਹੰਢਾ ਸਕਦਾ ਹੈ, ਗਾ ਸਕਦਾ ਹੈ। ਇਹ ਗਾਇਕ ਬਰਜਿੰਦਰ ਸਿੰਘ ਹਮਦਰਦ ਹੈ। ਉਹ ਹਮਦਰਦ ਜਿਹੜਾ ਅੱਜ ਦੇ ਸਮੇਂ ਦੇ ਗਤੀ ਹੀਣ, ਭਾਵ ਹੀਣ, ਗਿਆਨ ਹੀਣ, ਬਲ ਹੀਣ, ਇਥੋਂ ਤੱਕ "ਸਾਨੂੰ ਕੀ" ਜੋ ਮਰਜ਼ੀ ਹੋ ਜਾਏ ਦੀ ਸਥਿਤੀ ਵਿੱਚ ਗੁਜ਼ਰ ਰਹੇ ਲੋਕਾਂ ਨੂੰ, ਖੁਸ਼ੀਆਂ, ਬਰਸਾਤਾਂ, ਧੁੱਪ-ਛਾਂ ਅਤੇ ਕਲਪਨਾ ਦੇ ਸਮੁੰਦਰਾਂ 'ਚ ਚੁੱਭੀਆਂ ਲੁਆਕੇ ਆਪਣੀ ਆਵਾਜ਼ ਨਾਲ ਇਹ ਅਹਿਸਾਸ ਕਰਾਉਣ ਦਾ ਯਤਨ ਕਰਦਾ ਹੈ ਕਿ ਸੰਗੀਤ ਮਰਿਆਂ ਨੂੰ ਜ਼ਿੰਦਗੀ ਦੇ ਸਕਦਾ ਹੈ, ਉਦਾਸੀ ਨੂੰ ਖੁਸ਼ੀ 'ਚ ਬਦਲ ਸਕਦਾ ਹੈ।

ਹਮਦਰਦ ਦੀ "ਸਰਘੀ" ਸੁਰਖ਼ ਸਵੇਰਾ ਹੈ। ਪਹੁ-ਫੁਟੇਲੇ ਸਮੇਂ ਦੀ ਰੌਸ਼ਨੀ ਜਿਹਾ। ਸਰਘੀ ਦੇ ਰੰਗ ਵੀ ਨਿਵੇਕਲੇ ਹਨ। ਕਵੀ ਜਗਤਾਰ ਦੇ ਸਰਘੀ ਦੇ ਰੰਗਾਂ ਨੂੰ ਗਾਇਕ, ਸਾਹਿਤਕਾਰ ਹਮਦਰਦ ਨੇ ਬਾਖ਼ੂਬੀ ਪਹਿਚਾਣਿਆ ਹੈ ਅਤੇ ਬਿਲਕੁਲ ਉਸ ਤਰ੍ਹਾਂ ਜੀਵਿਆ ਹੈ, ਜਿਵੇਂ ਸ਼ਾਇਦ ਸ਼ਾਇਰ ਜਗਤਾਰ ਨੇ ਜੀਵਿਆ, ਹੰਢਾਇਆ ਹੋਏਗਾ। ਜਿਵੇਂ ਕਹਿੰਦੇ ਨੇ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ, ਅਤੇ ਕੋਈ ਸੋਹਣਾ, ਸੁਨੱਖਾ ਦਿਲ ਹੀ ਸੋਹਣੇ ਸੁਨੱਖੇ ਦਿਲ ਦੀ ਥਾਹ ਪਾ ਸਕਦਾ ਹੈ, ਬਾਤ ਪਾ ਸਕਦਾ ਹੈ।ਗਾਇਕ ਹਮਦਰਦ ਨੇ ਜਗਤਾਰ ਕਵੀ ਦੀਆਂ ਗ਼ਜ਼ਲਾਂ ਦੀ ਥਾਹ ਵੀ ਪਾਈ ਹੈ, ਬਾਤ ਵੀ ਪਾਈ ਹੈ ਅਤੇ ਲੋਕਾਂ ਨਾਲ ਕਵੀ ਦੇ ਦਿਲ ਦੀ ਸਾਂਝ ਵੀ ਪੁਆਈ ਹੈ ਇਹ ਗ਼ਜ਼ਲਾਂ ਲੋਕਾਂ ਸਾਹਵੇਂ ਪੇਸ਼ ਕਰਕੇ।

ਮਨੁੱਖ ਦਾ ਵਿਸ਼ੇਸ਼ ਗੁਣ ਹੈ ਗਾਉਣਾ ਤੇ ਗੁਣਗੁਨਾਉਣਾ, ਉਗਣਾ ਤੇ ਟਿਮਟਿਮਾਉਣਾ, ਵਿਗਸਣਾ ਤੇ ਸਿਰਜਣਾ। ਇਹ ਸਾਰੇ ਗੁਣ ਹਰ ਕਿਸੇ ਦੇ ਹਿੱਸੇ ਕਿਥੋਂ ਆਉਂਦੇ ਹਨ? ਜੁੰਗਨੂੰ ਜਾਂ ਤਾਰਾ ਭਲਾ ਹਰ ਕੋਈ ਬਣ ਸਕਦਾ ਹੈ? ਆਪਣੀ ਝੋਲੀ ਜੇ ਭਰੀ ਵੀ ਹੋਵੇ ਤਾਂ ਹਰ ਕੋਈ ਭਲਾ ਦੁਨੀਆਂ ਨੂੰ ਸੱਭੋ ਕੁਝ ਲੁਟਾ ਸਕਦਾ ਹੈ? ਇਹ ਗੁਣ ਗਾਇਕ ਹਮਦਰਦ




ਦੇ ਹਿੱਸੇ ਆਇਆ ਹੈ, ਇਹ ਗੁਣ ਪੱਤਰਕਾਰ-ਲੇਖਕ ਬਰਜਿੰਦਰ ਸਿੰਘ ਹਮਦਰਦ ਦੇ ਹਿੱਸੇ ਆਇਆ ਹੈ, ਇਹ ਗੁਣ ਪ੍ਰਬੰਧਕ, ਨੀਤੀਵੇਤਾ, ਦੂਰਦਰਸ਼ੀ ਸਖਸ਼ੀਅਤ ਡਾ: ਬਰਜਿੰਦਰ ਸਿੰਘ ਦੇ ਹਿੱਸੇ ਆਇਆ ਹੈ, ਜਿਸਨੇ ਇਕੋ ਵੇਲੇ ਪਿਛਲੇ 15 ਵਰ੍ਹਿਆਂ 'ਚ 10 ਸਫ਼ਲ ਸੰਗੀਤ ਐਲਬਮਾਂ, "ਸ਼ਰਧਾਂਜਲੀ, ਜਜ਼ਬਾਤ, ਸਿਜਦਾ, ਆਹਟ, ਖੁਸ਼ਬੂ, ਮੇਰੀ ਪਸੰਦ, ਕਸੁੰਭੜਾ, ਆਸਥਾ ਸੰਗੀਤ ਪ੍ਰੇਮੀਆਂ ਦੀ ਝੋਲੀ ਪਾਈਆਂ, ਸਫਲਤਾ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਤਰਜ਼ਮਾਨੀ ਕਰਨ ਵਾਲੀ ਅਖ਼ਬਾਰ ਚਲਾਈ, ਪੰਜਾਬ ਦੇ ਲੋਕਾਂ ਦੇ ਦਰਦ ਪੱਲੇ ਬੰਨ੍ਹ, ਪੰਜਾਬ ਹਿਤੈਸ਼ੀ ਹੋਣ ਦਾ ਮਾਣ ਖੱਟਿਆ ਅਤੇ ਇਸ ਤੋਂ ਵੀ ਵੱਡੀ ਗੱਲ ਉਹਨਾ ਦੇ ਆਪਣੇ ਸ਼ਬਦਾਂ 'ਚ "ਰੁਝੇਵੇਂ ਵਿੱਚ ਵੀ ਪੜ੍ਹਨ ਦਾ ਸ਼ੌਕ, ਗਿਆਨ ਦੀ ਇੱਛਾ, ਮੇਰੀ ਜ਼ਿੰਦਗੀ ਦੀ ਧੜਕਣ ਹੈ"ਨੂੰ ਸਾਕਾਰ ਕਰਦਿਆਂ ਪੜ੍ਹਨਾ, ਲਿਖਣਾ, ਗੁੜ੍ਹਨਾ ਨਹੀਂ ਛੱਡਿਆ। ਇਹੀ ਸਫਲ ਮਨੁੱਖ ਦੀ ਵੱਡੀ ਪ੍ਰਾਪਤੀ ਹੈ।

ਗਾਇਕ ਹਮਦਰਦ ਨੇ ਸੰਗੀਤਕਾਰ ਜੁਆਲਾ ਪ੍ਰਸ਼ਾਦ ਦੀ ਸੰਗੀਤਕ ਨਿਰਦੇਸ਼ਨਾ 'ਚ ਜਗਤਾਰ ਦੀਆਂ ਗ਼ਜ਼ਲਾਂ "ਜਦੋਂ ਮੂੰਹ ਜ਼ੋਰ ਤੇ ਅੰਨੀ ਹਵਾ ਸੀ, ਮੈਂ ਚੌਰਾਹੇ ਖੜਾ ਸੀ", "ਇਹ ਦਿਲ ਜਗਦਾ, ਕਦੀ ਬੁੱਝਦਾ ਹੈ ਮੇਰਾ", "ਅਜੇ ਨਾ ਜਾਹ ਠਹਿਰ ਜਾਹ ਹੋਰ ਕੁਝ ਚਿਰ, ਚਿੜੀ ਚੂਕੀ ਨਾ ਹੋਇਆ ਹੈ ਸਵੇਰਾ", "ਤਨਹਾਈ ਨੇ ਆਖ਼ਿਰ ਮੇਰਾ ਹੱਥ ਫੜਿਆ, " ਰਾਹਾਂ ਨੂੰ ਖਾ ਲਿਆ ਹੈ ਉਹਨਾ ਮੁਸਾਫਿਰਾਂ, ਮੰਜ਼ਿਲਾਂ ਤੇ ਜੋ ਨਾ ਪਹੁੰਚੇ", "ਤੇਰਿਆਂ ਨੈਣਾ 'ਚ ਸਰਘੀ, ਮੇਰੀਆਂ ਅੱਖਾਂ 'ਚ ਸ਼ਾਮ" "ਹੁਣ ਤਾਂ ਆਪਣਾ ਸ਼ਹਿਰ ਵੀ ਲੱਗਦਾ ਹੈ ਕਿੰਨਾ ਉਦਾਸ" "ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇਂ, ਮੁਸਕਰਾਵਾਂਗਾ" "ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ, ਇਸਦੀ ਖੁਸ਼ਬੂ ਕਦੇ ਜਾਣੀ ਨਹੀਂ" "ਕੋਈ ਮਜ਼ਬੂਰੀ ਨਹੀਂ ਜੇ ਦਿਲ ਕਰੇ ਤਾਂ ਖ਼ਤ ਲਿਖੀਂ" ਵਰਗੀਆਂ ਗ਼ਜ਼ਲਾਂ ਦੀ ਆਪਣੀ ਸੰਗੀਤ ਐਲਬਮ """ਸਰਘੀ" ਲਈ ਚੋਣ ਕਰਕੇ ਅਤੇ ਸੁਰੀਲੀ, ਲੈ-ਮਈ, ਦਿਲ ਟੁੰਬਵੀਂ ਆਵਾਜ਼ 'ਚ ਗਾਕੇ ਗ਼ਜ਼ਲ ਗਾਉਣ ਵਾਲੇ ਜਗਤ ਪ੍ਰਸਿੱਧ ਗਾਇਕਾਂ 'ਚ ਆਪਣੀ ਨਿਵੇਕਲੀ ਥਾਂ ਬਣਾਈ ਹੈ। ਸੁਰਾਂ ਤੇ ਤਾਲ 'ਚ ਇੱਕ ਮਿੱਕ ਹੋਣ ਦਾ ਉਹਨਾ ਦਾ ਇਹ ਉੱਦਮ ਕਵੀ ਜਗਤਾਰ ਦੀ ਗ਼ਜ਼ਲ ਦੇ ਉਹਨਾ ਬੋਲਾਂ ਦੇ ਹਾਣ ਦਾ ਯਤਨ ਹੈ, ਜਿਸ 'ਚ ਉਹ ਕਹਿੰਦਾ ਹੈ, "ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇਂ, ਮੁਸਕਰਾਵਾਂਗਾ"।

ਸ਼ਾਲਾ! ਹਮਦਰਦ ਦੀ ਗਾਇਕੀ ਦੇ ਨਵੇਂ-ਨਵੇਂ ਰੰਗ ਸੰਗੀਤ ਪ੍ਰੇਮੀਆਂ ਦੀਆਂ ਝੋਲੀਆਂ ਭਰਦੇ ਰਹਿਣ! ਗਾਇਕ ਡਾ: ਬਰਜਿੰਦਰ ਸਿੰਘ ਹਮਦਰਦ ਦੀ ਆਵਾਜ਼ ਹੋਰ ਬੁਲੰਦੀਆਂ ਛੋਹੇ!!

**ਗੁਰਮੀਤ ਪਲਾਹੀ**
**91-98158-02070**

### ਸਿੱਖ ਕੌਮ ਦਾ ਨਿਵੇਕਲਾ ਉਪਰਾਲਾ

# ਸਿੱਖ ਨਸਲਕੁਸ਼ੀ 1984 ਨੂੰ ਸਮਰਪਿਤ ਖ਼ੂਨਦਾਨ ਕੈਂਪ - ਕੈਨੇਡਾ 'ਚ ਹੁਣ ਤੱਕ 1 ਲੱਖ 30 ਹਜ਼ਾਰ ਜਾਨਾਂ ਬਚਾ ਚੁੱਕਾ ਹੈ

ਮੇਰੀ ਵਿਦੇਸ਼ ਯਾਤਰਾ
ਜਗਰੂਪ ਸਿੰਘ ਜਰਖੜ
206-478-2001



ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਮਾਨਵਤਾ ਅਤੇ ਸਰਬੱਤ ਦੇ ਭਲੇ ਦਾ ਇਕ ਸਿਧਾਂਤ ਦਿੱਤਾ ਹੈ ਕਿ ਨਾ ਜੁਲਮ ਕਰਨਾ ਹੈ ਨਾ ਹੀ ਸਹਿਣਾ ਹੈ। ਪਰ ਦੂਸਰੇ ਪਾਸੇ ਵ੍ਰਿਪਵਾਦ, ਮਨੁੱਖਤਾ ਦਾ ਘਾਣ ਕਰਨ ਵਾਲੀ ਉਹ ਨਸਲਵਾਦੀ ਸੋਚ ਵੀ ਹੈ ਜੋ ਪਿਛਲੇ 5 ਹਜ਼ਾਰ ਸਾਲਾਂ ਤੋਂ ਭਾਰਤੀ ਉਪਮਹਾਂਦੀਪ ਅੰਦਰ ਮੂਲ ਨਿਵਾਸੀਆਂ, ਬੋਧੀਆਂ, ਦਲਿਤਾਂ, ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਸਮੇਤ ਸਮੂਹ ਘੱਟ ਗਿਣਤੀਆਂ ਦਾ ਸੋਸ਼ਣ ਤੇ ਉਨ੍ਹਾਂ ਦਾ ਕਤਲੇਆਮ ਕਰਦੀ ਆ ਰਹੀ ਹੈ। ਉਕਤਾ ਅਜਿਹਾ ਵਰਤਾਰਾ ਹੀ 1984 'ਚ ਸਿੱਖ ਕੌਮ ਨਾ ਵਾਪਰਿਆ। ਜੋ ਕਿ ਨਾ ਤਾਂ ਉਹ ਦੰਗੇ ਸੀ, ਨਾ ਅੱਤਵਾਦ ਸੀ, ਨਾ ਕਤਲੋਗਾਰਤ ਸਗੋਂ ਇੱਕ ਸੋਚੀ ਸਮਝੀ ਸਾਜਿਸ਼ ਤਹਿਤ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਦੀ ਯੋਜਨਾ ਸੀ। ਸਾਡੈ ਤਿੰਨ ਦਹਾਕੇ ਦੇ ਸਮੇਂ ਬਾਅਦ ਵੀ ਸਿੱਖ ਕੌਮ ਦੀ ਨਾ ਕੋਈ ਅਪੀਲ ਨਾ ਕੋਈ ਦਲੀਲ ਨਾ ਇਨਸਾਫ ਮਿਲਿਆ, ਸਗੋਂ ਰਾਜਸੀ ਨੇਤਾਵਾਂ ਵੱਲੋਂ ਵਾਰ-ਵਾਰ ਇਹੀ ਕਿਹਾ ਜਾ ਰਿਹਾ ਹੈ ਕਿ 1984 ਦੇ ਜ਼ਖਮਾਂ ਨੂੰ ਭੁੱਲ ਜਾਉ, ਪਰ ਭੁੱਲੇ ਤਾਂ ਅਸੀਂ ਅਜੇ ਮੁਗਲ ਰਾਜ ਵਿਚ ਕੀਤੀ ਸਿੱਖ ਨਸਲਕੁਸ਼ੀ ਵੀ ਨਹੀਂ ਤੇ 1947 ਦੇ ਜ਼ਖਮ ਵੀ ਅਜੇ ਸਾਡੇ ਭਰੇ ਨਹੀਂ। ਫਿਰ 1984 ਸਿੱਖ ਕਤਲੇਆਮ ਅਤੇ ਸਿੱਖ ਨਸਲਕੁਸ਼ੀ ਨੂੰ ਕਿਵੇਂ ਭੁੱਲ ਜਾਈਏ। ਇਸੇ ਕੜੀ ਤਹਿਤ ਕੈਨੇਡਾ ਵਿਚ ਵਸਦੇ ਸਿੱਖਾਂ ਵੱਲੋਂ ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ 1999 ਵਿਚ ਉਸ ਵੇਲੇ ਦੀ ਭਾਰਤ ਸਰਕਾਰ ਵੱਲੋਂ ਕੀਤੀ 1984 ਦੀ ਸਿੱਖ ਨਸਲਕੁਸ਼ੀ ਦੇ ਸ਼ਹੀਦਾਂ ਨੂੰ ਸਮਰਪਿਤ `Blood Donation by Sikh Nation` ਸਿੱਖ ਕੌਮ ਵੱਲੋਂ ਵਿਸ਼ਵ ਪੱਧਰ 'ਤੇ ਖੁਨ ਦਾਨ ਕੈਂਪ ਸ਼ੁਰੂ ਕੀਤਾ ਗਿਆ। ਜਿਸਦਾ ਮਕਸਦ ਮੌਤ ਦੇ ਹਨ੍ਹੇਰੇ ਨੂੰ ਜ਼ਿੰਦਗੀ ਦੀ ਰੌਸ਼ਨੀ ਵਿਚ ਤਬਦੀਲ ਕਰਨ ਨਾਲ ਹੀ 'ਭੈ ਕਹੂੰ ਕਉ ਦੇਤ ਨਾਹਿ, ਨਹਿ ਭੈ ਮਾਨਤ ਆਨ'' ਦੇ ਸਿਧਾਂਤ ਅਨੁਸਾਰ ਇਕ ਭੈਅ ਰਹਿਤ ਸੁਤੰਤਰ ਸਮਾਜ ਦੀ ਸਿਰਜਣਾ ਹੈ। ਇਸ ਖ਼ੂਨਦਾਨ ਕੈਂਪ ਦੀ ਸ਼ੁਰੂਆਤ ਬ੍ਰਿਟਿਸ਼ ਕੋਲੰਬੀਆ, ਸਰ੍ਹੀ ਤੋਂ ਹੋਈ। ਉਸ ਵੇਲੇ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਮਨੁੱਖਤਾ ਦੇ ਇਸ ਭਲੇ ਕਾਰਜ ਨੂੰ ਕੈਨੇਡੀਅਨ ਪਾਰਲੀਮੈਂਟ ਵਿਚ ਪੇਸ਼ ਕੀਤਾ। ਜਿਸਦੀ ਕੈਨੇਡੀਅਨ ਸਰਕਾਰ ਨੇ ਸ਼ਲਾਘਾ ਕਰਦਿਆਂ ਸਿੱਖ ਕੌਮ ਨੂੰ ਸਨਮਾਨਿਤ, ਵਧਾਈ ਅਤੇ ਹਰ ਸਹਾਇਤਾ ਦਾ ਭਰੋਸਾ ਦਿੱਤਾ।

ਇੱਕ ਜ਼ਿੰਮੇਵਾਰ ਕੌਮ ਵਜੋਂ ਸਿੱਖ ਇਸ ਮੁਹਿੰਮ ਤਹਿਤ ਹਰ ਸਾਲ ਦੁਨੀਆ ਭਰ ਵਿਚ ਖ਼ੂਨਦਾਨ ਕੈਂਪਾਂ ਰਾਹੀਂ ਹਜ਼ਾਰਾਂ ਦੀ ਗਿਣਤੀ ਵਿਚ ਜਾਨਾਂ ਬਚਾਉਂਦੇ ਹਨ। ਵੱਡੀ ਗਿਣਤੀ 'ਚ ਸਿੱਖ ਪਰਿਵਾਰ ਖ਼ੂਨ ਦਾਨ ਕਰਦੇ ਹਨ। ਇਹ ਕੈਂਪ ਹਰ ਸਾਲ ਅਕਤੂਬਰ ਨਵੰਬਰ ਮਹੀਨੇ ਲੱਗਦੇ ਹਨ। ਇਨ੍ਹਾਂ ਕੈਂਪਾਂ ਦਾ ਫੈਲਾਅ ਸਰ੍ਹੀ ਤੋਂ ਸ਼ੁਰੂ ਹੋ ਕੇ ਵੈਨਕੂਵਰ, ਵਿਕਟੋਰਆ, ਐਬਟਸਫੋਰਡ, ਕੈਲਗਿਰੀ, ਕੈਮਲੂਮ, ਕਲੋਨਾ, ਅਡਮਿੰਟਨ , ਟਰਾਂਟੋ, ਆਦਿ ਪੂਰੇ ਕੈਨੇਡਾ ਦੇ ਵੱਡੇ ਸ਼ਹਿਗਰਾਂ ਤਕ ਫੈਲਦਾ ਹੋਇਆ ਹੁਣ ਆਸਟ੍ਰੇਲੀਆ, ਨਿਊਜ਼ੀਲੈਂਡ, ਯੂਕੇ, ਅਮਰੀਕਾ ਤੇ ਪੂਰੇ ਯੂਰਪ ਤੱਕ ਫੈਲ ਰਿਹਾ ਹੈ। ਕੈਨੇਡੀਅਨ ਬਲੱਡ ਸਰਵਿਸਜ਼ ਤੇ ਮੌਜੂਦਾ ਅੰਕੜਿਆਂ ਮੁਤਾਬਕ ਸਿੱਖ ਕੌਮ ਵੱਲੋਂ ਲਗਾਏ ਜਾ ਰਹੇ ਇਹ ਖ਼ੂਨਦਾਨ ਕੈਂਪ ਪਿਛਲੇ ਵਰ੍ਹੇ ਤੱਕ 1 ਲੱਖ 30 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਬਚਾ ਚੁੱਕੇ ਹਨ। ਸਿੱਖ ਕੌਮ ਵੱਲੋਂ ਅਰੰਭੇ ਇਸ ਉਪਰਾਲੇ ਦਾ ਪ੍ਰਚਾਰ ਕੈਨਡੀਅਨ ਬਲੱਡ ਸਰਵਿਸਜ਼ ਵੱਲੋਂ ਪੂਰੀ ਦੁਨੀਆ ਵਿਚ ਕੀਤਾ ਜਾ ਰਿਹਾ ਹੈ। ਜਿਸ ਨਾਲ ਸਿੱਖ ਕੌਮ ਵੱਲੋਂ ਮਾਨਵਤਾ ਦੇ ਭਲੇ ਲਈ ਕੀਤੇ ਜਾ ਰਹੇ ਇਸ ਕਾਜ ਦੀ ਪੂਰੀ ਦੁਨਆ ਵਿਚ ਸ਼ਲਾਘਾ ਹੋ ਰਹੀ ਹੈ।ਸਿੱਖ ਕੌਮ ਵੱਲੋਂ ਇਹ ਜੀਵਨਦਾਨ ਕਰਕੇ ਕਾਤਲ ਸੋਚ ਵਿਰੁੱਧ ਦ੍ਰਿੜਤਾ ਅਤੇ ਨਿਡਰਤਾ ਨਾਲ ਅਵਾਜ਼ ਬੁਲੰਦ ਕਰਨ ਵਾਲੀ ਇਹ ਇਕ ਨਿਵੇਕਲੀ ਲੋਕ ਲਹਿਰ ਦੁਨੀਆ 'ਚ ਫੈਲ ਰਹੀ ਹੈ।









**-1984 ਸਿੱਖ ਕਤਲੇਆਮ ਨੂੰ ਯਾਦ ਰੱਖਣਾ ਜਰੂਰੀ ਕਿਉਂ ?**

1984 ਸਿੱਖ ਨਸਲਕੁਸ਼ੀ ਵਰਗੇ ਵਹਿਸ਼ੀਆਨਾ ਕਾਰਨਾਮੇ ਨੂੰ ਭੁੱਲਣਾ ਭਵਿੱਖ ਵਿਚ ਅਜਿਹੀਆਂ ਹੋਰ ਨਸਲਕੁਸ਼ੀਆਂ ਨੂੰ ਰਾਹ ਪੱਧਰਾ ਕਰਨ ਦੇ ਬਰਾਬਰ ਹੋਵੇਗਾ। ਸਮੁੱਚੀ ਮਾਨਵਤਾ ਨੂੰ ਕਿਸੇ ਹੋਰ ਨਸਲਕੁਸ਼ੀ ਤੋਂ ਬਚਾਉਣ ਲਈ ਇਹ ਬੇਹੱਦ ਜਰੂਰੀ ਹੈ ਕਿ 1984 ਸਿੱਖ ਕੌਮ ਉੱਪਰ ਝੁੱਲੇ ਅਜਿਹੇ ਕਹਿਰਾਂ ਦੀ ਯਾਦ ਨੂੰ ਤਾਜ਼ਾ ਰੱਖਿਆ ਜਾਵੇ ਤਾਂ ਕਿ ਕਾਤਲਾਨਾ ਬਿਰਤੀ ਅਤੇ ਉਸਦੀਆਂ ਸਹਿਯੋਗੀ ਤਾਕਤਾਂ ਵਿਰੁੱਧ ਇੱਕ ਨਿਰੰਤਰ ਚੇਤਨਾ ਬਣੀ ਰਹੇ। ਇੱਕ ਮਜਬੂਤ ਅਤੇ ਸੁਚਾਰੂ ਲੋਕ ਲਹਿਰ ਹੀ ਸਮਾਜ ਦੇ ਹਰ ਅੰਗ ਨੂੰ ਸੁਰੱਖਿਅਤ ਅਤੇ ਭੈਅ ਰਹਿਤ ਜ਼ਿੰਦਗੀ ਦੇ ਸਕਦੀ ਹੈ। ਇਸ ਕਰਕੇ 1984 ਦੇ ਸਿੱਖ ਕਤਲੇਆਮ ਨੂੰ ਯਾਦ ਰੱਖਣਾ ਜਰੂਰੀ ਹੈ।

**-ਇਸ ਖ਼ੂਨਦਾਨ ਕੈਂਪ ਵਿਚ ਕੌਣ-ਕੌਣ ਸ਼ਾਮਿਲ ਹੋ ਸਕਦਾ ਹੈ ?**

ਹਰ ਉਹ ਵਿਅਕਤੀ ਜੋ ਜ਼ਿੰਦਗੀ ਲੈਣ ਵਿਚ ਨਹੀਂ ਸਗੋਂ ਜ਼ਿੰਦਗੀਆਂ ਬਚਾਉਣ ਵਿਚ ਯਕੀਨ ਰੱਖਦਾ ਹੋਵੇ, ਨਸਲਕੁਸ਼ੀ ਵਿਰੁੱਧ ਇਸ ਮੁਹਿੰਮ ਵਿਚ ਸ਼ਾਮਿਲ ਹੋ ਸਕਦਾ ਹੈ। ਉਹ ਭਾਵੇਂ ਕਿਸੇ ਵੀ ਧਰਮ ਜਾਂ ਜਾਤ ਦਾ ਹੋਵੇ ਪਰ ਇਨਸਾਨੀਅਤ ਦੀ ਕਦਰ ਕਰਨ ਵਾਲਾ ਹੋਵੇ। ਇਸੇ ਕਰਕੇ ਗੋਰੇ ਅਤੇ ਹੋਰ ਕੌਮਾਂ ਦੇ ਲੋਕ ਵੀ ਆਪਣਾ ਯੋਗਦਾਨ ਪਾ ਰਹੇ ਨੇ।

**-ਸਿੱਖ ਕੌਮ ਵੱਲੋਂ ਸ਼ੁਰੂ ਕੀਤੀ ਖ਼ੂਨਦਾਨ ਕੈਂਪ ਲਹਿਰ ਦੇ ਆਖ਼ਰ ਸਿਧਾਂਤ ਕੀ ਹਨ ?**

ਇਸ ਮੁਹਿੰਮ ਨੂੰ ਸ਼੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਮੁੱਚੀ ਸਿੱਖ ਕੌਮ ਵੱਲੋਂ ਚਲਾਇਆ ਜਾ ਰਿਹਾ ਹੈ , ਨਾ ਕਿ ਕਿਸੇ ਵਿਅਕਤੀ ਵਿਸ਼ੇਸ਼, ਜਥੇਬੰਦੀ ਜਾਂ ਸੰਸਥਾ ਵੱਲੋਂ। ਕਾਤਲਾਨਾ ਬਿਰਤੀ ਅਤੇ ਉਸਦੀਆਂ ਸਹਿਯੋਗੀ ਤਾਕਤਾਂ ਤੋਂ ਬਿਨਾਂ ਇਹ ਮੁਹਿੰਮ ਕਿਸੇ ਦੀ ਵੀ ਵਿਰੋਧੀ ਨਹੀਂ ਹੈ। ਇਹ ਮੁਹਿੰਮ ਵਿਅਕਤੀਵਿਸ਼ੇਸ਼ ਸੰਸਥਾ, ਰਾਜਨੀਤਿਕ, ਧਾਰਮਿਕ ਸਮਾਜਿਕ ਜਥੇਬੰਦੀ ਦੀ ਪ੍ਰੋੜਤਾ ਨਹੀਂ ਕਰੇਗੀ। ਇਸ ਮੁਹਿੰਮ 'ਚ ਲੋਕਾਂ ਤੋਂ ਮਾਈਕ ਮਦਦ ਨਹੀਂ ਲਈ ਜਾਂਦੀ। ਮੁਹਿੰਮ ਦੇ ਖਰਚਿਆਂ ਨੂੰ ਸੇਵਾਦਾਰਾਂ ਦੇ ਸਹਿਯੋਗ ਨਾਲ ਹੀ ਪੂਰਾ ਕੀਤਾ ਜਾਂਦਾ ਹੈ। ਇਸ ਮੁਹਿੰਮ 'ਚ ਸਮਾਜ ਨੂੰ ਸਮਰਪਿਤ ਸੇਵਾਦਾਰੀ ਸਦਭਾਵਨਾ ਅਤੇ ਅਨੁਸ਼ਾਸਨ ਨੂੰ ਸਿਰਮੌਰ ਮੰਨਿਆ ਗਿਆ ਹੈ।

**- ਆਖਰ ਕੀ ਮਕਸਦ ਹੈ ਇਸ ਲਹਿਰ ਦਾ?**

1984 ਸਿੱਖ ਕਤਲੇਆਮ ਦੇ ਸਮਰਪਿਤ ਸ਼ਹੀਦਾਂ ਨੂੰ ਇਸ ਖ਼ੂਨਦਾਨ ਲਹਿਰ ਦਾ ਮੁੱਖ ਮਕਸਦ 1984 ਦੀ ਸਿੱਖ ਨਸਲਕੁਸ਼ੀ ਦੇ ਸੱਚ ਨੂੰ ਦੁਨੀਆ ਭਰ ਵਿਚ ਜੱਗ ਜਾਹਰ ਕਰਨਾ ਹੈ। ਸੰਸਾਰ ਪੱਧਰ 'ਤੇ ਹੋ ਰਹੀਆਂ ਨਸਲਕੁਸ਼ੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਹੈ। ਸਿੱਖ ਕੌਮ ਦੀ ਨਸਲਕੁਸ਼ੀ ਨੂੰ ਲੋਕਾਂ ਦੀ ਸੋਚ ਵਿਚ ਹਮੇਸ਼ਾਂ ਲਈ ਵਸਾਉਣਾ ਤੇ ਕਾਤਲਾਨਾ ਬਿਰਤੀ ਅਤੇ ਉਸਦੀਆਂ ਸਹਿਯੋਗੀ ਤਾਕਤਾਂ ਵਿਰੁੱਧ ਇਕ ਸੰਗਠਤ ਅਤੇ ਉਸਾਰੂ ਲਹਿਰ ਪੈਦਾ ਕਰਨਾ। ਸਮਾਜ ਅੰਦਰ ਸਾਂਝੀਵਾਲਤਾ, ਬਰਾਬਰਤਾ, ਜੀਓ ਅਤੇ ਜਿਊਣ ਦੇਵੋ ਦੇ ਅਹਿਸਾਸ ਨੂੰ ਬੁਲੰਦ ਕਰਨਾ, ਮਨੁੱਖੀ ਹੱਕਾਂ ਦੀ ਰਾਖੀ ਲਈ ਸਿੱਖ ਕਦਰਾਂ ਕੀਮਤਾਂ ਅਨੁਸਾਰ ਯਤਨਸ਼ੀਲ ਹੋਣਾ। ਆਮ ਵਿਅਕਤੀ ਅੰਦਰ ਆਤਮਵਿਸ਼ਵਾਸ਼ ਪੈਦਾ ਕਰਨਾ ਹੈ।

ਸਿੱਖ ਕੌਮ ਵੱਲੋਂ ਸ਼ੁਰੂ ਕੀਤੀ ਗਈ ਖ਼ੂਨਦਾਨ ਦੀ ਇਹ ਲਹਿਰ ਵਾਕਿਆ ਹੀ ਇਕ ਵਿਸ਼ਵ ਪੱਧਰ 'ਤੇ ਇਕ ਨਵੀਂ ਚੇਤਨਾ ਪੈਦਾ ਕਰੇਗੀ। ਕਿਉਂਕਿ ਅੱਜ ਦਾ ਵਕਤ ਜ਼ਾਲਮ ਅਤੇ ਕਾਤਲਾਨਾ ਬਿਰਤੀਆਂ ਵਿਰੁੱਧ ਹਥਿਆਰ ਚੁੱਕਣ ਦਾ ਨਹੀਂ, ਸਗੋਂ ਸਾਡੇ ਗੁਰੂ ਸਾਹਿਬਾਨ ਵੱਲੋਂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਦਿੱਤੇ ਸਿਧਾਂਤਾਂ 'ਤੇ ਚੱਲ ਕੇ ਇਕ ਅਜਿਹੀ ਪਹਿਲਕਦਮੀ ਕਰਕੇ ਸਮਾਜ ਅੰਦਰ 'ਮਾਨਸੁ ਕੀ ਜਾਤ' ਦੇ ਆਸੇ ਅਨੁਸਾਰ ਜੀਵਨ ਦਾਨ ਦੇ ਜਜ਼ਬੇ ਨੂੰ ਉਭਾਰ ਕੇ ਨਸਲਕੁਸ਼ੀ ਦਾ ਅੰਤ ਕਰਨਾ ਹੈ।

ਜੇਕਰ ਅਸੀਂ 1984 ਦੇ ਸੱਚ ਨੂੰ ਅਜਿਹੇ ਤਰੀਕੇ ਜੱਗ ਜਾਹਰ ਕਰਾਂਗੇ ਤਾਂ ਇਕ ਦਿਨ ਜਰੂਰ ਸਾਨੂੰ ਇਨਸਾਫ ਤਾਂ ਮਿਲੇਗਾ ਹੀ ਅਤੇ ਦੁਨੀਆ 'ਚ ਨਸਲਕੁਸ਼ੀ ਕਰਨ ਵਾਲੀ ਜਮਾਤ ਵਿਰੁੱਧ ਅਸੀਂ ਇਕ ਨਵੀਂ ਜਾਗਰਤੀ ਪੈਦਾ ਕਰਨ ਦੀ ਇਕ ਗਵਾਹੀ ਬਣਾਂਗੇ। ਪਰਮਾਤਮਾ ਸਿੱਖ ਕੌਮ ਦੇ ਅਰੰਭੇ ਇਸ ਉਪਰਾਲੇ ਨੂੰ ਆਪਣੀ ਮੰਜ਼ਿਲ 'ਤੇ ਲੈ ਕੇ ਜਾਵੇ। ਰੱਬ ਰਾਖਾ।

# ਜਿਉਣਾ ਹੀ ਜ਼ਿੰਦਗੀ ਹੈ



ਮੰਗਤ ਗਰਗ
91-92167-00936

ਮੈਂ ਅੱਜ ਵੀ ਘਰ ਬੈਠਾ ਕਈ ਵਾਰ ਸੋਚ ਕੇ ਹੈਰਾਨ ਹੁੰਦਾ ਹਾਂ ਕਿ ਮਨੁੱਖੀ ਸਬੰਧ ਵੀ ਇਨਸਾਨ ਨੂੰ ਕਿਥੇ ਦਾ ਕਿਥੇ ਲੈ ਜਾਂਦੇ ਹਨ। ਜੇ ਮੈਂ ਡਾਕਟਰ ਕੇ. ਜਗਜੀਤ ਸਿੰਘ ਹੋਰਾਂ ਦੀ ਕਿਤਾਬ ਮਿੱਟੀ ਤੋਂ ਮਿੱਟੀ ਤੱਕ, ਰਿਸ਼ਤਿਆਂ ਦੀ ਸਤਰੰਗੀ ਪੀਂਘ ਨਾ ਪੜ੍ਹਦਾ ਤਾਂ ਸਾਇਦ ਮੈਂ ਅਜਿਹੇ ਮਹਾਨ ਵਿਅਕਤੀ ਦੇ ਇੰਨਾਂ ਨੇੜੇ ਵੀ ਨਾ ਆ ਸਕਦਾ। ਜ਼ਿੰਦਗੀ ਇਕ ਸਫ਼ਰ ਹੈ ਇਹ ਸਫ਼ਰ ਲੰਮਾ ਵੀ ਹੋ ਸਕਦਾ ਹੈ ਛੋਟਾ ਵੀ,ਸਾਡੇ ਲਈ ਇਹ ਸਫ਼ਰ ਕਿਸ ਤਰ੍ਹਾਂ ਦਾ ਹੋਵੇਗਾ। ਇਹ ਤਾਂ ਕੋਈ ਨਾ ਜਾਣ ਸਕਿਆ ਹੈ ਤੇ ਨਾ ਹੀ ਜਾਣ ਸਕੇਗਾ। ਜ਼ਿੰਦਗੀ ਦਾ ਸਫ਼ਰ ਕਰਦਿਆਂ ਕਰਦਿਆਂ ਕਈ ਘਟਨਾਵਾਂ ਤੇ ਕਈ ਦੁਰਘਟਨਾਵਾਂ ਵੀ ਘਟਦੀਆਂ ਰਹਿੰਦੀਆਂ ਹਨ। ਜੇ ਕੋਈ ਚੰਗੀ ਘਟਨਾ ਘਟ ਜਾਏ ਤਾਂ ਅਸੀ ਸਮਝਦੇ ਹਾਂ ਕਿ ਉਹ ਸਾਡੇ ਕਾਰਨ ਹੀ ਹੋਈ ਹੈ।

ਜੇ ਕੋਈ ਦੁਰਘਟਨਾ ਘਟ ਜਾਏ ਤਾਂ ਉਸ ਦਾ ਦੋਸ਼ ਅਸੀ ਰੱਬ ਤੇ ਜਾਂ ਹੋਰ ਲੋਕਾਂ ਤੇ ਮੜ ਦਿੰਦੇ ਹਾਂ। ਕਿਸੇ ਵੀ ਵਿਅਕਤੀ ਦਾ ਜੀਵਨ ਇਕ ਸਿੱਧੀ ਲਕੀਰ ਨਹੀ ਹੁੰਦੀ ਤਾਂ ਏ ਸਫ਼ਰ ਇਕ ਟੇਡੀ ਮੇਡੀ ਲਕੀਰ ਹੀ ਹੁੰਦਾ ਹੈ। ਖੁਸ਼ੀਆਂ ਤੇ ਗਮ, ਦੁੱਖ ਤੇ ਸੁੱਖ, ਹਾਸੇ ਤੇ ਰੋਣੇ ਜ਼ਿੰਦਗੀ ਦੇ ਸਫ਼ਰ 'ਚ ਉਸੇ ਤਰ੍ਹਾਂ ਆਉਂਦੇ ਰਹਿੰਦੇ ਹਨ ਜਿਵੇਂ ਦਿਨ ਤੋਂ ਬਾਅਦ ਰਾਤ,ਰਾਤ ਤੋਂ ਬਾਅਦ ਦਿਨ, ਇਹ ਸਭ ਵੀ ਸਾਡੀ ਜ਼ਿੰਦਗੀ ਦੇ ਸਾਗਰ 'ਚ ਜਵਾਰਾ ਭਾਟਾ ਵਾਂਗ ਆਪਣੀ ਤੌਰ ਚਲਦੇ ਰਹਿੰਦੇ ਹਨ। ਜਦ ਤੱਕ ਜ਼ਿੰਦਗੀ ਖ਼ਤਮ ਨਹੀ ਹੋ ਜਾਂਦੀ । ਵਕਤ ਦੀ ਘੜੀ ਦੀਆਂ ਸੂਈਆਂ ਆਪਣੀ ਰਫ਼ਤਾਰ ਨਾਲ ਚਲਦੀਆਂ ਹੀ ਰਹਿੰਦੀਆਂ ਹਨ ਤੇ ਜ਼ਿੰਦਗੀ ਪਲ ਪਲ ਘਟਦੀ ਚਲੀ ਜਾਂਦੀ ਹੈ।

ਸਾਹਾਂ ਦੇ ਪੜਦੇ ਪਿਛੇ ਸਾਡੀ ਜ਼ਿੰਦਗੀ ਦਾ ਸਾਜ ਵੱਜਦਾ ਰਹਿੰਦਾ ਹੈ। ਮੌਤ ਦੇ ਕਦਮ ਦੀ ਥਾਪ ਤੇਜ਼ ਹੋਰ ਤੇਜ ਹੁੰਦੀ ਚਲੀ ਜਾਂਦੀ ਹੈ।ਜਦੋਂ ਵੀ ਕੋਈ ਦੁਰਘਟਨਾ ਘਟਦੀ ਹੈ ਤਾਂ ਅਕਸਰ ਮਨ ਪ੍ਰੇਸ਼ਾਨੀ ਵਿਚ ਪੈ ਕੇ ਦੁੱਖ ਹੋ ਜਾਂਦਾ ਹੈ ਪਰ ਜਿਵੇਂ ਭਖਦੀ ਅੱਗ ਵਿਚ ਰੱਖੀ ਕੁਠਾਲੀ 'ਚ ਹੀ ਖਰਾ ਸੋਨਾ ਕੱਢਿਆ ਜਾਂਦਾ ਹੈ। ਤਿਵੇਂ ਜ਼ਿੰਦਗੀ 'ਚ ਘਟਦੀਆਂ ਦੁਰਘਟਨਾਵਾਂ ਵੀ ਸਾਡੇ ਆਤਮ ਬਲ ਨੂੰ ਪੱਕੇਰਾ ਤੇ ਮਜ਼ਬੂਤ ਕਰਨ 'ਚ ਸਹਾਇਕ ਹੁੰਦੀਆਂ ਹਨ। ਜੇ ਕੋਈ ਇਨਸਾਨ ਇਸ ਫਲਸਫੇ ਨੂੰ ਆਪਣੇ ਮਨ 'ਚ ਧਾਰ ਕੇ ਸਦਾ ਯਾਦ ਰੱਖੇ ਤਾਂ ਉਸ ਦੀ ਜੀਵਨ ਸ਼ਕਤੀ ਨੂੰ ਬਲ ਮਿਲਦਾ ਹੈ। ਉਹ ਦੁੱਖ ਦੀ ਘੜੀ 'ਚ ਕਦੇ ਵੀ ਨਹੀ ਘਬਰਾਉਂਦਾ ਤੇ ਆਪਣੀ ਤੋਰ ਤੁਰ ਦਾ ਚਲਿਆ ਜਾਂਦਾ ਹੈ। ਅਜਿਹੇ ਇਨਸਾਨਾਂ ਦੀ ਜ਼ਿੰਦਗੀ 'ਚ ਇਕ ਮੰਜਿਲ ਨਹੀ ਹੁੰਦੀ ।

ਕਈ ਮੰਜਿਲਾਂ ਹੁੰਦੀਆਂ ਹਨ। ਉਨ੍ਹਾਂ ਲਈ ਚਲਦੇ ਰਹਿਣਾ ਹੀ ਇਕ ਜਨੂੰਨ ਹੁੰਦਾ ਹੈ। ਅਜਿਹੇ ਇਨਸਾਨ ਆਪਣੀ ਧੁਨ 'ਚ ਹੀ ਰਹਿੰਦੇ ਹਨ। ਉਹ ਪਿਛੇ ਮੁੜ ਕੇ ਨਹੀ ਵੇਖਦੇ। ਉਨ੍ਹਾ ਲਈ ਭੂਤਕਾਲ,ਵਰਤਮਾਨ ਤੇ ਭਵਿੱਖ ਕਾਲ ਇਕ ਹੀ ਹੋ ਜਾਂਦੇ ਹਨ। ਉਹ ਵਰਤਮਾਨ ਵਿਚ ਹੀ ਜਿਉਂਦੇ ਹਨ। ਉਹ ਸਮਝ ਲੈਂਦੇ ਹਨ ਵਰਤਮਾਨ ਤੇ ਭੂਤਕਾਲ ਤੇ ਭਵਿੱਖ ਕਾਲ ਨੂੰ ਜੁੜਣ ਵਾਲੀ ਇਕ ਹੀ ਕੜੀ ਹੁੰਦੀ ਹੈ।

ਜਿਸ ਨੂੰ ਉਹ ਹਮੇਸ਼ਾ ਆਪਣੀ 'ਚ ਪਕੜ ਰੱਖਦੇ ਹਨ। ਉਹ ਭੂਤਕਾਲ ਦੀਆਂ ਬੋਝਲ ਪੰਡਾਂ ਸਿਰ 'ਤੇ ਨਹੀ ਚੁੱਕੀ ਰੱਖਦੇ, ਉਹ ਆਉਣ ਵਾਲੇ ਸਨਹਿਰੀ ਸੁਪਨਿਆਂ 'ਚ ਵੀ ਨਹੀ ਗੁਆਚਦੇ। ਉਨ੍ਹਾਂ ਦਾ ਤਾਂ ਵਿਸ਼ਵਾਸ਼ ਹੁੰਦਾ ਹੈ ਕਿ ਮਨੁੱਖ ਨੂੰ ਕਦੇ ਵੀ ਘਬਰਾਉਣ ਨਹੀ ਚਹਿੰਦਾ।

ਜੋ ਅੱਜ ਨਹੀ ਹੋ ਸਕਿਆ ਉਹ ਕਲ੍ਹ ਹੋ ਜਾਏਗਾ। ਬੀਤੇ ਹੋਏ ਸਮੇਂ ਸੀਸ਼ੇ 'ਚ ਅਸੀਂ ਵਰਤਮਾਨ ਨੂੰ ਵੇਖ ਸਕਦੇ ਹਾਂ। ਤੇ ਵਰਤਮਾਨ ਵਿਚ ਹੀ ਭਵਿੱਖ ਛੁਪਿਆ ਹੁੰਦਾ ਹੈ। ਅਜਿਹੇ ਲੋਕਾਂ ਦੀ ਜ਼ਿੰਦਗੀ 'ਚ ਕਈ ਮੰਜਿਲਾਂ ਆਉਦੀਆਂ ਹਨ। ਇਕ ਤੋਂ ਇਕ ਹਰ ਮੰਜਿਲ ਆਪਣੇ ਆਪ 'ਚ ਹੀ ਇਕ ਮੀਲ-ਪੱਥਰ ਬਣ ਜਾਂਦੀ ਹੈ। ਅਜਿਹੇ ਲੋਕਾਂ ਦੀ ਆਖਿਰੀ ਮੰਜਿਲ ਹੁੰਦੀ ਹੈ। ਉਹ ਮੰਜਿਲ ਜਿਥੇ ਦਿਲ ਨੂੰ ਰਾਹਤ ਮਿਲ,ਸਕੂਨ ਮਿਲੇ, ਸਾਂਤੀ ਮਿਲੇ।

"ਜ਼ਿੰਦਗੀ ਦੀ ਇਕ ਆਪਣੀ ਮਹਾਨਤਾ ਤੇ ਸੁੰਦਰਤਾ ਵੀ ਹੈ। ਇਸ ਨੂੰ ਹੱਸ ਕੇ ਜਿਉਣਾ ਹੀ ਜ਼ਿੰਦਗੀ ਹੈ।''

## ਦੁੱਖ

ਮਾਣ ਕਰਦੀ ਤੇ ਸਾਨੂੰ ਜਾਣੇ ਜੀਰੋ ਬੱਲੀਏ
ਪਰ ਦੁਨੀਆਂ ਦੇ ਭਾਣੇ ਅਸੀਂ ਹੀਰੋ ਬੱਲੀਏ
ਦੁੱਖ ਆਪਣਾ ਹੀ ਮੈਥੋਂ ਤਾਂ ਸੁਣਾ ਹੋ ਗਿਆ
ਉਪਰੋਂ ਤਾਂ ਵੇਖ ਤੈਨੂੰ ਹੱਸਦਾ
ਪਰ ਅੰਦਰੋਂ ਤਾਂ ਸੜ ਕੇ ਸੁਆਹ ਹੋ ਗਿਆ।

ਅਸੀਂ ਖ਼ੁਸ਼ੀਆਂ ਮਨਾਈਆਂ ਕਿਵੇਂ ਵੰਡੇ ਸੀ ਪਤਾਸੇ
ਫਿਰ ਦੇਰ ਵੀ ਨਾ ਲੱਗੀ, ਉਡੇ ਪਲਾਂ ਵਿਚ ਹਾਸੇ
ਦਾਅ ਜ਼ਿੰਦਗੀ ਦਾ ਮੌਤ ਉੱਤੇ ਲਾ ਹੋ ਗਿਆ
ਉਪਰੋਂ ਤਾਂ ਵੇਖ ਤੈਨੂੰ ਹੱਸਦਾ ਪਰ ਅੰਦਰੋਂ ...

ਮਿਲ ਜਾਣ ਤੇ ਖਿਆਲ ਨਾ ਕੋਈ ਰੁਕੇ ਰੁਕਦਾ
ਡਰ ਪੱਨੇ ਬੰਨ ਲੈਣਾ ਜਾਵੇ ਖੂਨ ਸੁੱਕਦਾ
ਸੱਟ ਥੋੜ੍ਹੀ ਬਹੁਤ ਲੱਗੀ ਤੇ ਬਚਾਅ ਹੋ ਗਿਆ
ਉਪਰੋਂ ਤਾਂ ਵੇਖ ਤੈਨੂੰ ਹੱਸਦਾ ਪਰ ਅੰਦਰੋਂ ...

ਦੁੱਖ ਬੋਲ ਕੇ ਸੁਣਾਵੇ ਨਾ ਉਹ ਚੰਗਾ ਲੱਗਦਾ
ਖਹਿੜਾ ਰੱਬ ਤਾਂ ਛੜਾਵੇ ਦੁੱਖ ਸਾਰੇ ਜਰਦਾ
ਗਮ ਪੈ ਗਿਆ ਸੀ ਪੱਨੇ ਸਾਰਾ ਲਾਹ ਹੋ ਗਿਆ
ਉਪਰੋਂ ਤਾਂ ਵੇਖ ਤੈਨੂੰ ਹੱਸਦਾ ਪਰ ਅੰਦਰੋਂ ...

ਵੰਡ ਖ਼ੁਸ਼ੀ ਦੇ ਖਜ਼ਾਨੇ ਤੈਨੂੰ ਰੱਬ ਕਿਵੇਂ ਦਿੱਤੇ
ਪਰ ਲੋਕਾਂ ਦੀਆਂ ਨਜ਼ਰਾਂ 'ਚ ਸਾਡੇ ਲਈ ਤਾਂ ਫਿੱਕੇ
'ਦੇਵ ਘੋਲੀਏ' ਦਾ ਤਾਂ ਮਨ ਤਬਾਅ ਹੋ ਗਿਆ
ਉਪਰੋਂ ਤਾਂ ਵੇਖ ਤੈਨੂੰ ਹੱਸਦਾ
ਪਰ ਅੰਦਰੋਂ ਤਾਂ ਸੜ ਕੇ ਸੁਆਹ ਹੋ ਗਿਆ।



- ਦੇਵ ਘੋਲੀਆ ਖੁਰਦ
559-232-7764

# ਦੇਸ਼ ਵਿੱਚ ਆਰਥਿਕ ਨਾ-ਬਰਾਬਰੀ ਕਿਉਂ?



ਕੁਲਵੰਤ ਸਿੰਘ ਟਿੱਬਾ
91-92179-71379

ਭਾਰਤ ਵਿੱਚ ਆਰਥਿਕ ਨਾ ਬਰਾਬਰੀ ਕਿਉਂ? ਇਹ ਬੜਾ ਹੀ ਮਹੱਤਵਪੂਰਨ ਸਵਾਲ ਹੈ। ਇਸ ਦੀ ਪੜਚੋਲ ਬੜੇ ਹੀ ਨਿਰਪੱਖ ਢੰਗ ਨਾਲ ਕੀਤੀ ਜਾਣੀ ਚਾਹੀਦੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ। ਇਤਿਹਾਸ ਗਵਾਹ ਹੈ ਕਿ ਇਸ ਤੋਂ ਪਹਿਲਾਂ ਸਿੰਧ ਘਾਟੀ ਦੀ ਸੱਭਿਅਤਾ ਬੜੀ ਮਹਾਨ ਅਤੇ ਸਮੁੱਚੇ ਵਿਸ਼ਵ ਦੀ ਉੱਤਮ ਸੱਭਿਅਤਾ ਸੀ। ਸਿੰਧੂ ਘਾਟੀ ਦੀ ਸੱਭਿਅਤਾ ਦੌਰਾਨ ਲੋਕ ਸਾਂਝੇ ਭਾਈਚਾਰਕ ਮਾਹੌਲ ਵਿੱਚ ਰਹਿੰਦੇ ਸਨ ਅਤੇ ਨਾ-ਬਰਾਬਰੀ ਉਸ ਸਮੇਂ 'ਨਾਂਹ' ਦੇ ਬਰਾਬਰ ਸੀ। ਭਾਰਤ ਵਿੱਚ ਆਰਥਿਕ ਨਾ-ਬਰਾਬਰੀ ਦੀ ਸ਼ੁਰੂਆਤ ਆਰੀਅਨਾਂ ਦੇ ਭਾਰਤ ਵਿੱਚ ਆਉਣ ਤੋਂ ਬਾਅਦ ਹੁੰਦੀ ਹੈ ਜਿਨ੍ਹਾਂ ਨੇ ਭਾਰਤ ਦੇ ਮੂਲ ਵਾਸੀਆਂ 'ਤੇ ਅਥਾਹ ਅੱਤਿਆਚਾਰ ਕੀਤੇ ਅਤੇ ਇੱਥੋਂ ਦੇ ਕੁਦਰਤੀ ਸੋਮਿਆਂ ਤੇ ਕਾਬਜ਼ ਹੋ ਗਏ। ਅਸਲ ਵਿੱਚ ਆਰਥਿਕ ਨਾ- ਬਰਾਬਰੀ ਦਾ ਸੰਕਲਪ ਭਾਰਤ ਦੀ ਹਿੰਦੂਤਵ ਦੀ ਸੰਸਕ੍ਰਿਤੀ 'ਚੋਂ ਸਪੱਸ਼ਟ ਝਲਕਦਾ ਹੈ। ਵੇਦ,ਮੰਨੂੰ ਸ੍ਰਿਮਤੀ ਅਤੇ ਉਪਨਿਸ਼ਦ ਇਸ ਦੀ ਪ੍ਰਮੁੱਖ ਮਿਸਾਲਾਂ ਹਨ ਜਿਨ੍ਹਾਂ ਵਿੱਚ ਜਾਤੀ ਅਧਾਰ 'ਤੇ ਮਨੁੱਖ ਨੂੰ ਮਨੁੱਖ ਨਾਲੋਂ ਤੋੜ ਦਿੱਤਾ ਗਿਆ। ਆਰਥਿਕ ਸਾਧਨਾਂ 'ਤੇ ਜਾਤੀ ਆਧਾਰਿਤ ਕਬਜਾ ਕੀਤਾ ਗਿਆ ਜਦਕਿ ਸ਼ੂਦਰ ਵਰਗ ਨੂੰ ਸਿਰਫ਼ ਤੇ ਸਿਰਫ਼ ਬ੍ਰਾਹਮਣ,ਕਸ਼ੱਤਰੀ ਅਤੇ ਵੈਸ਼ ਵਰਗਾਂ ਦੀ ਸੇਵਾ ਕਰਨਾ ਹੀ ਚੌਥੇ ਵਰਨ ਭਾਵ ਸ਼ੂਦਰਾਂ ਦਾ ਧਰਮ ਬਣਾ ਦਿੱਤਾ ਗਿਆ। ਹਿੰਦੂ ਵੇਦਾਂ ਜਾਂ ਸ਼ਾਸਤਰਾਂ ਅਨੁਸਾਰ ਯੱਗ ਕਰਨ,ਵਿੱਦਿਆ ਪ੍ਰਾਪਤ ਕਰਨ, ਮੰਤਰ ਉਚਾਰਣ ਜਾਂ ਧਾਰਮਿਕ ਪੂਜਾ ਪਾਠ ਕਰਨ ਸਮੇਤ ਰਾਜਿਆਂ ਦੇ ਸਲਾਹਕਾਰ ਹੋਣ ਦਾ ਜ਼ਿੰਮਾ ਸਿਰਫ਼ ਬ੍ਰਾਹਮਣਾ ਨੂੰ ਸੌਂਪਿਆ ਗਿਆ ਜਦਕਿ ਸ਼ਾਸਤਰ ਰੱਖਣ ਅਤੇ ਯੁੱਧ ਕਰਨ ਦੀ ਜ਼ਿੰਮੇਵਾਰੀ ਸਿਰਫ਼ ਕਸ਼ੱਤਰੀ ਵਰਨ ਦੀ ਨੀਅਤ ਕੀਤੀ ਗਈ। ਇਸੇ ਤਰਾਂ ਵਪਾਰ ਜਾਂ ਕਾਰੋਬਾਰ ਕਰਨ ਦਾ ਜ਼ਿੰਮਾ ਵੈਸ਼ ਭਾਵ ਬਣੀਆਂ ਵਰਗ ਲਈ ਰਾਖਵਾਂ ਰੱਖਿਆ ਗਿਆ। ਅਸਲ ਅੱਜ ਤੋਂ ਕਰੀਬ ਪੰਜ ਹਜ਼ਾਰ ਸਾਲ ਪਹਿਲਾਂ ਉੱਚ ਜਾਤੀਆਂ ਵੱਲੋਂ ਜਾਤੀ ਅਧਾਰ 'ਤੇ ਆਰਥਿਕ ਸੋਮਿਆਂ ਦੇ ਕੀਤੇ ਗਏ ਰਾਖਵਾਂਕਰਨ ਨੇ ਹੀ ਭਾਰਤ ਵਿੱਚ ਆਰਥਿਕ ਨਾ-ਬਰਾਬਰੀ ਦਾ ਮੁੱਢ ਬੰਨ੍ਹਿਆ। ਜਦੋਂ ਅਸੀਂ ਮੰਨੂੰ ਸਿਮਤੀ ਜਾਂ ਵੇਦਾਂ ਦੀ ਪੜਚੋਲ ਕਰਦੇ ਹਾਂ ਤਾਂ ਇਨ੍ਹਾਂ ਗੱਲਾਂ ਦੀ ਪ੍ਰੋੜ੍ਹਤਾ ਆਪਣੇ ਆਪ ਹੋ ਜਾਂਦੀ ਹੈ।

ਵਰਣ ਵਿਵਸਥਾ ਵਿਰੁੱਧ ਪਹਿਲੀ ਬਗ਼ਾਵਤ ਤਥਾਗਤ ਬੁੱਧ ਨੇ ਕੀਤੀ,ਜਿਸਦੇ ਸਿੱਟੇ ਵਜੋਂ ਆਰੀਅਨਾਂ ਨੇ ਮੂਲਵਾਸੀਆਂ ਨੂੰ ਸਦਾ ਲਈ ਗੁਲਾਮ ਬਣਾਉਣ ਵਾਸਤੇ ਵਰਣ ਵਿਵਸਥਾ ਹੋਰ ਗੁੰਝਲਦਾਰ ਬਣਾਉਦਿਆਂ ਮੰਨੂੰ ਸਿਮ੍ਰਿਤੀ ਰਾਹੀਂ ਇਸ ਆਰਥਿਕ ਨਾ-ਬਰਾਬਰੀ ਦੇ ਸੰਕਲਪ ਨੂੰ ਬੱਝਵੇਂ ਰੂਪ ਵਿੱਚ ਪੇਸ਼ ਕਰਕੇ ਇੱਕ ਤਰ੍ਹਾਂ ਭਾਰਤ ਦਾ ਸੰਵਿਧਾਨ ਬਣਾ ਦਿੱਤਾ ਗਿਆ। ਇਸ ਪਿੱਛੋਂ ਭਗਤੀ ਲਹਿਰ ਨੇ ਇਸ ਵਿਵਸਥਾ ਵਿਰੁੱਧ ਆਮ ਲੋਕਾਈ ਨੂੰ ਚੇਤੰਨ ਕੀਤਾ ਜਦਕਿ ਬਾਅਦ ਵਿੱਚ ਸਿੱਖ ਲਹਿਰ ਨੇ ਇਸ ਘੋਲ ਨੂੰ ਬੜਾ ਤਿੱਖਾ ਅਤੇ ਸਿਖਰਾਂ 'ਤੇ ਪਹੁੰਚਾ ਦਿੱਤਾ, ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕੀਤੀ ਅਤੇ ਕਥਿਤ ਨੀਵੀਂ ਜਾਤੀ ਨਾਲ ਸਬੰਧਿਤ ਬਾਬਾ ਬੀਰ ਸਿੰਘ ਨੂੰ ਸੂਬੇਦਾਰ ਥਾਪ ਦਿੱਤਾ।

ਇਸ ਦਾ ਦੂਜਾ ਪਹਿਲੂ ਵੀ ਵਿਚਾਰਨ ਯੋਗ ਹੈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਬਾਅਦ ਆਧੁਨਿਕ ਪੂੰਜੀਵਾਦ ਉੱਭਰਦਾ ਹੈ। ਭਾਰਤ ਅੰਦਰ ਸਭ ਤੋਂ ਪਹਿਲਾਂ ਡਾ. ਬੀ. ਆਰ. ਅੰਬੇਡਕਰ ਨੇ ਬਰਤਾਨਵੀ ਪੂੰਜੀਵਾਦ ਦਾ ਵਿਚਾਰਧਾਰਕ ਤੌਰ 'ਤੇ ਟਾਕਰਾ ਕੀਤਾ। ਡਾ. ਬੀ. ਆਰ. ਅੰਬੇਡਕਰ ਅਨੁਸਾਰ ਭਾਰਤ ਅੰਦਰ ਆਰਥਿਕ ਨਾ-ਬਰਾਬਰੀ ਲਈ ਬ੍ਰਹਾਮਣਬਾਦ ਅਤੇ ਪੂੰਜੀਵਾਦ ਪ੍ਰਮੁੱਖ ਕਾਰਣ ਹਨ। ਮੌਜੂਦਾ ਦੌਰ ਵਿੱਚ ਕੇਂਦਰੀ ਸਰਕਾਰ ਦੀ ਗੈਰ ਜ਼ਿੰਮਵਾਰਨਾ ਪਹੁੰਚ ਵੀ ਕਿਤੇ ਨਾ ਕਿਤੇ ਇਸ ਸਮੁੱਚੇ ਵਰਤਾਰੇ ਲਈ ਜ਼ਿੰਮੇਵਾਰ ਹੈ।

ਭਾਰਤ ਦੀ ਮਜ਼ਬੂਤ ਹੋ ਰਹੀ ਆਰਥਿਕਤਾ ਨੂੰ ਸਮੁੱਚੇ ਦੇਸ਼ ਵਾਸੀਆਂ ਦੀ ਆਰਥਿਕਤਾ ਨਾਲ ਜੋੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ ਕਿਉਂਕਿ ਭਾਰਤ ਦੇ ਕੁੱਲ ਧਨ ਦਾ ਜ਼ਿਆਦਾਤਰ ਹਿੱਸਾ ਕੁੱਝ 'ਕੁ ਪੂੰਜੀਪਤੀਆਂ ਦੇ ਹੱਥਾਂ ਵਿੱਚ ਸਿਮਟਦਾ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਭਾਰਤ ਦੇ ਵੱਡੇ ਪੂੰਜੀਪਤੀਆਂ 'ਤੇ ਸਮੇਂ ਸਮੇਂ ਸਰਕਾਰਾਂ ਬੜੀਆਂ ਮਿਹਰਵਾਨ ਰਹੀਆਂ। ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਕੇਂਦਰ ਸਰਕਾਰ ਅਤੇ ਉਸ ਤੋਂ ਪਹਿਲਾ ਯੂ.ਪੀ.ਏ ਦੀ ਅਗਵਾਈ ਵਾਲੀ ਮਨਮੋਹਨ ਸਿੰਘ ਦੀ ਸਰਕਾਰ ਨੇ ਵੱਡੇ ਉਦਯੋਗਪਤੀਆਂ ਵੱਲੋਂ ਲਿਆ ਕੋਰੜਾਂ-ਅਰਬਾਂ ਰੁਪੈ ਦਾ ਕਰਜ਼ ਐਨ. ਪੀ. ਏ. ਐਲਾਨ ਦਿੱਤਾ ਭਾਵ ਕਿ ਕਰਜ਼ੇ ਦੀ ਰਕਮ ਵੱਟੇ-ਖਾਤੇ ਪਾ ਦਿੱਤੀ ਗਈ। ਮੀਡੀਆ ਰਿਪੋਰਟਾਂ ਮੁਤਾਬਿਕ ਕੇਂਦਰ ਸਰਕਾਰ ਦੀਆਂ ਪਿਛਲੀਆਂ ਦੋ ਟਰਮਾਂ ਦੌਰਾਨ ਵੱਡੇ ਉਦਯੋਗਪਤੀਆਂ ਦੇ ਕਰਜ਼ ਦੀ 48 ਖਰਬ ਰੁਪੈ ਰਕਮ ਮੁਆਫ਼ ਕਰ ਦਿੱਤੀ ਗਈ। ਇਸ ਵੱਟੇ-ਖਾਤੇ ਪਾਈ ਰਕਮ ਨਾਲ ਦੇਸ਼ ਵਿੱਚ 32 ਕਰੋੜ ਪਖਾਨੇ ਬਣਾਏ ਜਾ ਸਕਦੇ ਸਨ ਜਦਕਿ ਪ੍ਰਧਾਨ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਤਹਿਤ 3 ਕਰੋੜ 20 ਲੱਖ ਪੱਕੇ ਮਕਾਨ ਬਣ ਸਕਦੇ ਸਨ। ਸਿਹਤ ਸਮੱਸਿਆਵਾਂ ਦੇ ਹੱਲ ਲਈ ਦੇਸ਼ ਵਿੱਚ ਕਰੀਬ 585 ਨਵੇਂ ਏਮਜ਼ ਸਥਾਪਿਤ ਕਰਨ ਸਮਰੱਥਾ ਸੀ ਜਾਂ ਤਕਨੀਕੀ ਸਿੱਖਿਆ ਦੇ ਪਸਾਰ ਲਈ 2043 ਨਵੀਆਂ ਆਈ.ਆਈ.ਟੀ ਦਾ ਨਿਰਮਾਣ ਕੀਤਾ ਜਾ ਸਕਦਾ ਸੀ।

ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ 96 ਹਜ਼ਾਰ ਕਿੱਲੋਮੀਟਰ ਸੜਕਾਂ ਦਾ ਨਿਰਮਾਣ ਸੰਭਵ ਸੀ। ਅੰਕੜਿਆਂ ਅਨੁਸਾਰ ਯੂ.ਪੀ.ਏ ਦੀ ਅਗਵਾਈ ਵਾਲੀ ਮਨਮੋਹਨ ਸਰਕਾਰ ਨੇ ਸਾਲ 2009-2013 ਦੌਰਾਨ 87329 ਕਰੋੜ ਰੁਪੈ ਵੱਡੇ ਉਦਯੋਗਪਤੀਆਂ ਵੱਲੋਂ ਲਿਆ ਕਰਜ਼ਾ ਵਾਪਿਸ ਲੈਣ ਦੀ ਥਾਂ ਐੱਨ.ਪੀ.ਏ ਐਲਾਨ ਦਿੱਤਾ ਗਿਆ ਜਦਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਾਲ 2014-2018 ਦੌਰਾਨ ਪਿਛਲੀ ਮਨਮੋਹਨ ਸਰਕਾਰ ਤੋਂ ਲੱਗਭੱਗ ਚਾਰ ਗੁਣਾ ਜ਼ਿਆਦਾ 392765 ਕਰੋੜ ਰੁਪੈ ਦੇ ਕਰਜ਼ ਨੂੰ ਐੱਨ.ਪੀ.ਏ ਐਲਾਨ ਕਰਕੇ ਦੇਸ਼ ਦੀ ਸੰਪਤੀ ਨੂੰ ਵੱਡੇ ਉਦਯੋਗਪਤੀਆਂ ਨੂੰ ਲੁਟਾ ਦਿੱਤਾ ਗਿਆ।

ਜੇਕਰ ਇਨ੍ਹਾਂ ਦੋਵੇਂ ਕੇਂਦਰੀ ਸਰਕਾਰਾਂ ਵੱਲੋਂ ਕਰਜ਼ ਨੂੰ ਐਨ.ਪੀ.ਏ ਵਿੱਚ ਤਬਦੀਲ ਕਰਨ ਦਾ ਕੁੱਲ ਜੋੜ ਕੀਤਾ ਜਾਵੇ ਤਾਂ ਇਹ 48 ਖਰਬ ਰੁਪੈ ਬਣ ਜਾਂਦਾ ਹੈ। ਕਿੰਗਫਿਸ਼ਰ ਏਅਰ ਲਾਇਨ ਸਮੇਤ ਹੋਰ ਅਨੇਕ ਕਾਰੋਬਾਰਾਂ ਦਾ ਮੁਖੀ ਵਿਜੈ ਮਾਲੀਆ ਭਾਰਤ ਦੀਆਂ ਵੱਖ ਵੱਖ ਬੈਂਕਾਂ ਦਾ ਕਰੀਬ 9 ਹਜ਼ਾਰ ਕਰੋੜ ਰੁਪੈ ਲੈ ਕੇ ਬ੍ਰਿਟੇਨ ਵਿੱਚ ਜਾ ਛੁਪਿਆ ਅਤੇ ਭਾਰਤ ਸਰਕਾਰ ਵੱਲੋਂ ਵਿਜੈ ਮਾਲੀਆ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ ਅਤੇ ਹੁਣ ਵਿਜੈ ਮਾਲੀਆ ਨੂੰ ਭਾਰਤ ਵਾਪਿਸ ਲਿਆਉਣ ਦੀ ਚਾਰਾਜ਼ੋਈ ਕੀਤੀ ਜਾ ਰਹੀ ਹੈ ਜੋ ਸਿਰਫ਼ ਦੇਸ਼ ਵਾਸੀਆਂ ਦੇ ਅੱਖੀਂ ਘੱਟਾ ਪਾਉਣ ਦੇ ਸਮਾਨ ਹੈ।

ਪੰਜਾਬ ਨੈਸ਼ਨਲ ਬੈਂਕ ਘੋਟਾਲਾ ਦੇਸ ਵਿੱਚ ਸਭ ਤੋਂ ਵੱਡਾ ਬੈਕਿੰਗ ਘੋਟਾਲਾ ਹੈ। ਐੱਨ.ਡੀ.ਟੀਵੀ ਦੀ ਇੱਕ ਰਿਪੋਰਟ ਅਨੁਸਾਰ ਨੀਰਵ ਮੋਦੀ ਨੇ 11300 ਕਰੋੜ ਰੁਪੈ ਦਾ ਘੋਟਾਲਾ ਲੈਟਰ ਆਫ਼ ਅੰਡਰਟੇਕਿੰਗ ਅਤੇ ਲੈਟਰ ਆਫ਼ ਕਰੈਡਿਟ ਭਾਵ ਲੈਟਰ ਆਫ਼ ਅੰਡਰਸਟੈਂਡਿੰਗ ਰਾਹੀਂ ਤਿੰਨ ਵੱਖ ਵੱਖ ਕੰਪਨੀਆਂ ਰਾਹੀਂ ਕੀਤਾ ਗਿਆ ਹੈ। ਪੀ.ਐੱਨ.ਬੀ ਨੇ ਮਈ 2016 ਵਿੱਚ 5370 ਕਰੋੜ ਰੁਪੈ ਦੇ ਵਿੱਤੀ ਘਾਟੇ ਦਾ ਐਲਾਨ ਕੀਤਾ ਜੋ ਭਾਰਤ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਵਿੱਤੀ ਘਾਟਾ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਇਸੇ ਬੈਂਕ ਦੀ ਸਿਰਫ਼ ਇੱਕ ਬਰਾਂਚ ਵਿੱਚ ਹੀ ਇਸ ਵਿੱਤੀ ਘਾਟੇ ਤੋਂ ਦੁੱਗਣੀ ਰਾਸ਼ੀ ਦਾ ਘੋਟਾਲਾ ਹੋ ਜਾਂਦਾ ਹੈ।

ਦੋਵਾਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਡੇ ਉਦਯੋਗਪਤੀਆਂ ਦੀ ਬੈਠਕ ਕਰਦੇ ਹਨ ਅਤੇ ਇਸ ਬੈਠਕ ਦੌਰਾਨ ਹੋਈ ਗਰੁੱਪ ਫ਼ੋਟੋ ਵਿੱਚ ਪ੍ਰਧਾਨ ਮੰਤਰੀ ਦੇ ਪਿੱਛੇ ਖੜੇ ਨੀਰਵ ਮੋਦੀ ਦਿਖਾਈ ਦਿੰਦੇ ਹਨ ਜਦਕਿ ਪ੍ਰਧਾਨ ਮੰਤਰੀ ਮੋਦੀ ਇੱਕ ਵਾਇਰਲ ਵੀਡੀਉ ਵਿੱਚ ਇੱਕ ਹੋਰ ਬੈਂਕ ਘੋਟਾਲੇਬਾਜ ਮੇਹਲ ਚੋਕਸੀ ਦੀ ਪ੍ਰਸ਼ੰਸਾ ਕਰਦਿਆਂ ਇਸ ਘੋਟਾਲੇ ਬਾਜ ਨੂੰ ਆਪਣਾ ਭਾਈ ਕਹਿੰਦਿਆਂ ਦਿਖਾਈ ਦਿੰਦੇ ਹਨ।

ਅਸਲ ਵਿੱਚ ਦੇਸ਼ ਦੇ ਕੁੱਝ ਵੱਡੇ ਉਦਯੋਗਪਤੀਆਂ ਦੇ ਧੰਨ ਨੂੰ ਦੇਸ਼ ਦੀ ਆਰਥਿਕਤਾ ਨਾਲ ਜੋੜ ਕੇ ਆਪਣੀ ਪਿੱਠ ਥਪਥਾਉਣ ਦੀ ਪ੍ਰਕਿਰਿਆ ਸਾਡੀਆਂ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਖੜਾ ਕਰਦੀ ਹੈ ਜਦਕਿ ਚਾਹੀਦਾ ਤਾਂ ਇਹ ਸੀ ਕਿ ਇਸ ਪਹਿਲੂ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਸੀ ਕਿ ਦੇਸ਼ ਦੇ ਹਰ ਤਬਕੇ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਸਾਰ ਆਰਥਿਕ ਸਥਿਤੀ ਦਾ ਮੁਲਾਂਕਣ ਕਰਕੇ ਯੋਗ ਕਦਮ ਚੁੱਕੇ ਜਾਂਦੇ ਪਰ ਅਫ਼ਸੋਸਨਾਕ ਹੈ ਕਿ ਅਜਿਹਾ ਨਹੀਂ ਹੋ ਸਕਿਆ।

ਕੁੱਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਡਾ. ਅੰਬੇਡਕਰ ਦਾ ਇਹ ਕਥਨ ਸਟੀਕ ਹੈ ਕਿ ਭਾਰਤ ਵਿੱਚ ਆਰਥਿਕ ਨਾ-ਬਰਾਬਰੀ ਲਈ ਬ੍ਰਾਮਣਬਾਦ ਅਤੇ ਪੂੰਜੀਵਾਦ ਸੱਚਮੁੱਚ ਹੀ ਜ਼ਿੰਮੇਵਾਰ ਹਨ।

# ਪਾਠਕ੍ਰਮ ਵਿੱਚ ਪਰਿਵਰਤਨ ਸਿੱਖਿਆ ਵਿਭਾਗ ਦੀ ਅਗਾਂਹਵਧੂ ਸੋਚ ਦਾ ਪ੍ਰਗਟਾਵਾ



ਚਮਨਦੀਪ ਸ਼ਰਮਾ
91-95010 33005

ਪਾਠਕ੍ਰਮ ਵਿੱਦਿਆ ਦਾ ਅਨਿੱਖੜਵਾਂ ਅੰਗ ਹੁੰਦਾ ਹੈ।ਸਿੱਖਣ ਸਿਖਾਉਣ ਦੀ ਪ੍ਰਕਿਰਿਆ ਵਿੱਚ ਇਸਦਾ ਸ੍ਰ ਸਥਾਨ ਹੈ ਜਿਸਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨ੍ਹਾਂ ਸਿੱਖਿਆ ਪ੍ਰਾਪਤੀ ਦੀ ਕਲਪਨਾ ਕਰਨੀ ਅਸੰਭਵ ਹੈ।ਪਾਠਕ੍ਰਮ ਦੁਆਰਾ ਹੀ ਨਿਰਧਾਰਿਤ ਕੀਤਾ ਜਾਂਦਾ ਹੈ ਕਿ ਵਿਦਿਅਕ ਸ਼ੈਸ਼ਨ ਦੌਰਾਨ ਬੱਚਿਆਂ ਨੂੰ ਕਿਸ ਤਰ੍ਹਾਂ ਦਾ ਗਿਆਨ ਦਿੱਤਾ ਜਾਣਾ ਹੈ।ਪਾਠਕ੍ਰਮ ਯਕੀਨੀ ਬਣਾਉਦਾ ਹੈ ਕਿ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਗਿਆਨ ਰਾਹੀਂ ਉਹਨਾਂ ਦਾ ਸਰਵਪੱਖੀ ਵਿਕਾਸ ਹੋ ਰਿਹਾ ਹੈ ਕਿਉਂ ਜੋ ਸਾਡਾ ਸਮੁੱਚਾ ਵਿਦਿਆ ਤੰਤਰ ਬੱਚੇ ਦੇ ਇਰਦ ਗਿਰਦ ਹੀ ਘੁੰਮਦਾ ਹੈ।ਬੱਚਿਆਂ ਦੇ ਪੱਧਰ, ਰੁਚੀ, ਉਮਰ, ਵਾਤਾਵਰਣ ਆਦਿ ਨੂੰ ਮੱਦੇਨਜ਼ਰ ਰੱਖ ਕੇ ਹੀ ਪਾਠਕ੍ਰਮ ਤਿਆਰ ਕੀਤਾ ਜਾਂਦਾ ਹੈ ਕਿਉਂਕਿ ਬੱਚਾ ਹੀ ਸਿੱਖਿਆ ਦਾ ਧੁਰਾ ਹੁੰਦਾ ਹੈ। ਸਾਡੇ ਸਿੱਖਿਆ ਸ਼ਾਸਤਰੀਆਂ, ਵਿਦਵਾਨਾਂ ਨੇ ਵੀ ਪਾਠਕ੍ਰਮ ਦੀ ਚੋਣ ਸਮੇਂ ਬੱਚਿਆਂ ਨੂੰ ਪ੍ਰਮੁੱਖਤਾ ਦੇਣ ਬਾਰੇ ਆਪਣੀ ਸਹਿਮਤੀ ਜ਼ਾਹਿਰ ਕੀਤੀ। ਪਰ ਕਿਤੇ ਨਾ ਕਿਤੇ ਪਾਠਕ੍ਰਮ ਨੂੰ ਲਾਗੂ ਕਰਦੇ ਵੇਲੇ ਬੱਚਿਆਂ ਦੀਆਂ ਰੁਚੀਆਂ, ਉਮਰ, ਪੱਧਰ ਆਦਿ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਨਹੀਂ ਰੱਖਿਆ ਗਿਆ ਭਾਵ ਸਿਲੇਬਸ ਦੀ ਚੋਣ ਕਰਦੇ ਸਮੇਂ ਕੁੱਝ ਖਾਮੀਆਂ ਰਹਿ ਗਈਆ ਜਿਹਨਾਂ ਦਾ ਖਾਮਿਆਜਾ ਵਿਦਿਆਰਥੀਆਂ ਨੂੰ ਭੁਗਤਣਾ ਪਿਆ। ਉਹਨਾਂ ਨੂੰ ਬੇਲੋੜੇ ਪਾਠਕ੍ਰਮ ਦੇ ਭਾਰ ਥੱਲੇ ਦੱਬ ਦਿੱਤਾ ਗਿਆ।ਇਸਦਾ ਨਤੀਜਾ ਇਹ ਹੋਇਆ ਕਿ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਸਫ਼ਲਤਾ ਹੱਥ ਨਾ ਲੱਗਣ ਸਦਕਾ ਬੱਚੇ ਆਤਮ ਹੱਤਿਆ ਕਰਨ ਲੱਗ ਪਏ ਹਨ। ਸਿਲੇਬਸ ਦੇ ਜਿਆਦਾ, ਨੀਰਸ ਹੋਣ ਨਾਲ ਬੱਚਿਆਂ ਦੇ ਵੱਲੋਂ ਆਪਣੀ ਪੜ੍ਹਾਈ ਅੱਧ ਵਿਚਕਾਰ ਹੀ ਛੱਡਣ ਦੇ ਰੁਝਾਨ ਵਿੱਚ ਵੀ ਇਜ਼ਾਫਾ ਹੋਇਆ। ਇਸ ਤਰ੍ਹਾਂ ਡਰਾਪ ਆਊਟ ਬੱਚਿਆਂ ਦੀ ਗਿਣਤੀ ਵਧਣ ਕਾਰਨ ਸਰਕਾਰ ਦੀ ਸਮੱਸਿਆ ਹੋਰ ਵੱਧ ਗਈ ਕਿਉਂ ਜੋ ਸਰਕਾਰ ਨੇ ਪਹਿਲੀ ਤੋਂ ਅੱਠਵੀਂ ਸ੍ਰੇਣੀ ਦੇ ਲਈ ਮੁਫਤ ਤੇ ਲਾਜ਼ਮੀ ਸਿੱਖਿਆ ਦਾ ਕਾਨੂੰਨ ਲਾਗੂ ਕੀਤਾ ਹੋਇਆ ਹੈ।ਸੋ ਇਹਨਾਂ ਬੱਚਿਆਂ ਨੂੰ ਸਿੱਖਿਆ ਦੀ ਮੁੱਖ ਧਾਰਾ ਦੇ ਨਾਲ ਜੋੜਨ ਦੇ ਲਈ ਵੱਖ ਵੱਖ ਸਕੀਮਾਂ ਰਾਹੀਂ ਕਰੋੜਾਂ ਰੁਪਏ ਖਰਚੇ ਗਏ ਜਦਕਿ ਪਾਠਕ੍ਰਮ ਦੇ ਸਰਲ ਅਤੇ ਘੱਟ ਹੋਣ ਕਾਰਨ ਖਰਚਾ ਬਚਾਉਣ ਦੇ ਨਾਲ ਸਿੱਖਿਆ ਦੇ ਉਦੇਸਾਂ ਦੀ ਪੂਰਤੀ ਵਿੱਚ ਸਹਾਇਤਾ ਮਿਲ ਸਕਦੀ ਸੀ।ਸਿੱਖਿਆ ਵਿਭਾਗ ਨੂੰ ਚੰਗੇ ਨਤੀਜੇ ਹਾਂਸਲ ਦੇ ਲਈ ਪਾਠਕ੍ਰਮ ਵਿੱਚ ਪਰਿਵਰਤਨ ਕਰਨਾ ਚਾਹੀਦਾ ਸੀ ਪਰ ਇੰਝ ਹੀ ਚੱਲਦਾ ਰਿਹਾ। ਬੱਚਿਆਂ ਨੂੰ ਸਿਖਾਉਣ ਦੇ ਲਈ ਪੜ੍ਹਾਉਣ ਦੀਆਂ ਨਵੀਆਂ ਵਿਧੀਆਂ ਨੂੰ ਹੋਂਦ ਵਿੱਚ ਲਿਆ ਕੇ ਕ੍ਰਾਂਤੀਕਾਰੀ ਕਦਮ ਚੁੱਕਣ ਦੀ ਲੋੜ ਸੀ। ਇਸ ਤਰ੍ਹਾਂ ਪਰੰਪਰਾਗਤ ਤਰੀਕੇ ਨਾਲ ਬੱਚਿਆਂ ਦੇ ਅੰਦਰ ਪੜ੍ਹਾਈ ਪ੍ਰਤਿ ਰੁਚੀ ਘੱਟਦੀ ਗਈ ਅਤੇ ਪੜ੍ਹਾਈ ਬੱਚਿਆਂ ਦੇ ਲਈ ਹਿਮਾਲਿਆ ਦੀ ਚੋਟੀ ਸਰ ਕਰਨ ਦੇ ਸਮਾਨ ਲੱਗਣ ਲੱਗੀ। ਪਾਠਕ੍ਰਮ ਵਿੱਚ ਲੋੜੀਦੇ ਬਦਲਾਅ ਨਾ ਕਰਨ ਸਦਕਾ ਬੱਚਿਆਂ ਦੇ ਲਈ ਪੜ੍ਹਾਈ ਇੱਕ ਗੁੰਝਲਦਾਰ ਸ਼ੈਅ ਬਣ ਗਈ।

ਦੇਰ ਆਏ ਦਰੁਸਤ ਆਏ ਆਖਿਰਕਾਰ ਸਿੱਖਿਆ ਵਿਭਾਗ ਨੇ ਇਸ ਮੁੱਦੇ ਨੂੰ ਬੜੀ ਸੰਜੀਦਗੀ ਦੇ ਨਾਲ ਲਿਆ ਹੈ।ਹੁਣ ਐਸ ਸੀ ਈ ਆਰ ਟੀ ਪੰਜਾਬ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਂਝੇ ਯਤਨਾਂ ਦੇ ਨਾਲ ਛੇਵੀਂ ਤੋਂ ਦਸਵੀਂ ਸ਼੍ਰੇਣੀ ਤੱਕ ਦੀ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦੇ ਪਾਠਕ੍ਰਮ ਵਿੱਚ ਵੱਡੇ ਪੱਧਰ ਤੇ ਬਦਲਾਅ ਕਰਕੇ ਇਸਨੂੰ ਘਟਾਇਆ ਗਿਆ ਹੈ ਜੋ ਕਿ ਇੱਕ ਪ੍ਰਸ਼ੰਸਾਯੋਗ ਕਦਮ ਹੈ।ਇਸ ਕਾਰਜ ਦੇ ਨਾਲ ਸਿੱਖਿਆ ਦੇ ਖੇਤਰ ਨੂੰ ਉੱਚਾ ਚੁੱਕੇ ਜਾਣ ਦੀ ਆਸ ਬੱਝੀ ਹੈ। ਸਿਲੇਬਸ ਘਟਾਉਂਣ ਸਮੇਂ ਬੱਚਿਆਂ ਦੀ ਰੁਚੀ, ਮਾਨਸਿਕ ਪੱਧਰ ਤੇ ਗੌਰ ਕੀਤੀ ਗਈ ਹੈ। ਵਿਭਾਗ ਦੁਆਰਾ ਬੱਚਿਆਂ ਦੀ ਸਿੱਖਿਆ ਵਿੱਚ ਗੁਣਾਤਮਕ ਅਤੇ ਗਿਣਾਤਮਕ ਸੁਧਾਰ ਕਰਨ ਲਈ ਪਿਛਲੇ ਸਾਲ ਰਾਜ ਦੇ ਅਪਰ ਪ੍ਰਾਇਮਰੀ ਸਕੂਲਾਂ ਦੇ ਵਿੱਚ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ ਦਾ ਆਗਾਜ਼ ਹੋਇਆ ਜਿਸਦੇ ਸ਼ਾਨਦਾਰ ਨਤੀਜੇ ਆਏ ਹਨ।ਹੁਣ ਇਸ ਪ੍ਰੋਜੈਕਟ ਦਾ ਦਾਇਰਾ ਵਿਸ਼ਾਲ ਹੋ ਚੁੱਕਾ ਹੈ, ਜਿਸ ਤਹਿਤ ਅੰਗਰੇਜ਼ੀ, ਹਿਸਾਬ, ਸਾਇੰਸ ਅਤੇ ਸਮਾਜਿਕ ਵਿਗਿਆਨ ਤੋਂ ਇਲਾਵਾ ਹਿੰਦੀ, ਪੰਜਾਬੀ ਵਿਸ਼ੇ ਵਿੱਚ ਵੀ ਲਾਗੂ ਕਰ ਦਿੱਤਾ ਗਿਆ ਹੈ।ਇਸ ਪ੍ਰੋਜੈਕਟ ਦੇ ਤਹਿਤ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਨਵੀਆਂ ਵਿਧੀਆਂ, ਈ ਕੰਨਟੈਂਟ, ਭਾਸ਼ਾ ਦੀਆਂ ਚਾਰ ਨਿਪੁੰਨਤਾਵਾਂ, ਐਕਟੀਵਿਟੀਜ਼, ਫਲੈਸ਼ ਕਾਰਡ, ਸਟੋਰੀ ਕਾਰਡ, ਵਰਕ ਬੁੱਕ, ਵਰਡ ਵਾਲ, ਡਿਕਸ਼ਨਰੀ ਮੇਕਿੰਗ, ਸੌਫਟ ਸਕਿੱਲਜ਼, ਐਨਰਜਾਈਜ਼ਰ ਆਦਿ ਉੱਪਰ ਵਧੇਰੇ ਜ਼ੋਰ ਦਿੱਤਾ ਜਾ ਰਿਹਾ ਹੈ। ਪੜ੍ਹੋ ਪੰਜਾਬ ਪ੍ਰੋਗਰਾਮ ਦੀ ਸਫਲਤਾ ਦੇ ਲਈ ਵਿਭਾਗ ਨੇ ਮਹਿਸੂਸ ਕੀਤਾ ਕਿ ਬੱਚਿਆਂ ਨੂੰ ਵਿਸ਼ਿਆ ਦੇ ਸਬੰਧੀ ਮੁੱਢਲਾ ਗਿਆਨ ਦੇਣਾ ਅਤਿ ਜਰੂਰੀ ਹੈ। ਇਸ ਸਬੰਧ ਵਿੱਚ ਵੱਖ ਵੱਖ ਵਿਸ਼ਿਆਂ ਦੇ ਜਿਲ੍ਹਾਂ ਮੈਂਟਰਜ਼ ਤੋਂ ਸੁਝਾਅ ਪ੍ਰਾਪਤ ਕਰਨ ਉਪਰੰਤ ਬੱਚਿਆਂ ਦੇ ਸਿਲੇਬਸ ਨੂੰ ਘਟਾਉਣ ਬਾਰੇ ਆਪਸੀ ਸਹਿਮਤੀ ਬਣਾਈ।ਬੱਚਿਆਂ ਦੇ ਵੱਲੋਂ ਸਿਲੇਬਸ ਦਾ ਬੇਲੋੜਾ ਵਜ਼ਨ ਘੱਟ ਹੋ ਜਾਣ ਤੇ ਖ਼ੁਸੀ ਦਾ ਇਜ਼ਹਾਰ ਕੀਤਾ ਗਿਆ ਕਿਉਂਕਿ ਅਜੋਕੇ ਪਾਠਕ੍ਰਮ ਨੂੰ ਪੜ੍ਹ ਕੇ ਪਾਸ ਹੋਣਾ ਉਹਨਾਂ ਲਈ ਖਾਲਾ ਜੀ ਦਾ ਵਾੜਾ ਨਹੀਂ ਸੀ। ਅਧਿਆਪਕ ਵਰਗ ਨੇ ਵੀ ਚੈਨ ਦਾ ਸਾਹ ਲਿਆ ਹੈ ਕਿਉਂਕਿ ਉਹ ਵੀ ਦੋ ਬੇੜੀਆਂ ਵਿੱਚ ਸਵਾਰ ਹੋ ਰਹੇ ਸੀ। ਸਿਲੇਬਸ ਅਤੇ ਪ੍ਰੋਜੈਕਟ ਦੋਵਾਂ ਨੂੰ ਨਾਲ ਲੈ ਕੇ ਚੱਲਣ ਕਾਰਨ ਔਖ ਵਿੱਚ ਸਨ। ਅਧਿਆਪਕਾਂ ਦਾ ਸਾਰਾ ਸਮਾਂ ਸਿਲੇਬਸ ਨੂੰ ਹੱਲ ਕਰਨ ਵਿੱਚ ਹੀ ਬੀਤਦਾ ਰਿਹਾ। ਬੱਚਿਆਂ ਦੀ ਤਰਾਸਦੀ ਇਹ ਰਹੀ ਕਿ ਉਹਨਾਂ ਨੂੰ ਦੁਹਰਾਈ ਦੇ ਲਈ ਬੜਾ ਘੱਟ ਮਿਲਦਾ ਸੀ।ਪਰ ਹੁਣ ਐਸ ਸੀ ਈ ਆਰ ਟੀ ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਅੰਗਰੇਜੀ ਦੇ ਚਾਲੀ ਪ੍ਰਤੀਸ਼ਤ ਅਤੇ ਸਮਾਜਿਕ ਵਿਗਿਆਨ ਦੇ ਵੀਹ ਪ੍ਰਤੀਸ਼ਤ ਪਾਠਕ੍ਰਮ ਨੂੰ ਘਟਾਉਦੇ ਹੋਏ ਕਾਫੀ ਸਮੱਸਿਆਵਾਂ ਦਾ ਸਮਾਧਾਨ ਕਰ ਦਿੱਤਾ ਹੈ। ਸਿਲੇਬਸ ਵਿੱਚ ਛੋਟ ਕਰਦੇ ਸਮੇਂ ਕਈ ਪਹਿਲੂਆਂ ਨੂੰ ਧਿਆਨ ਵਿੱਚ ਰੱਖਿਆ ਤਾਂ ਜੋ ਕਿਸੇ ਪ੍ਰਕਾਰ ਦਾ ਵਿਵਾਦ ਨਾ ਉਤਪੰਨ ਹੋ ਸਕੇ। ਅੰਗਰੇਜੀ ਅਤੇ ਸਮਾਜਿਕ ਵਿਗਿਆਨ ਦੇ ਜਿਹੜੇ ਪਾਠ ਬਹੁਤ ਲੰਮੇ ਸਨ ਜਾਂ ਫਿਰ ਜਿਹਨਾਂ ਪਾਠਾਂ ਦਾ ਸਬੰਧ ਅੰਗਰੇਜੀ/ਸਮ-ਾਜਿਕ ਦੀ ਥਾਂ ਕਿਸੇ ਹੋਰ ਵਿਸ਼ੇ ਨਾਲ ਸਬੰਧ ਹੋਵੇ ਜਾਂ ਫਿਰ ਜਿਹੜੇ ਪਾਠ ਸਬੰਧੀ ਜਾਣਕਾਰੀ ਵਿਦਿਆਰਥੀਆਂ ਨੇ ਪਿਛਲੀ ਜਮਾਤ ਵਿੱਚ ਹਾਂਸਲ ਕਰ ਲਈ ਹੋਵੇ ਆਦਿ ਨੂੰ ਹੀ ਘਟਾਇਆ ਹੈ। ਸ੍ਰੀਮਤੀ ਹਰਪ੍ਰੀਤ ਕੌਰ ਸਟੇਟ ਕੋਆਰਡੀਨੇਟਰ (ਅੰਗਰੇਜੀ/ਸਮਾਜਿਕ ਵਿਗਿਆਨ) ਵੱਲੋਂ ਆਪਣੇ 22 ਜਿਲ੍ਹਾ ਮੈਂਟਰਜ਼ ਦੇ ਨਾਲ ਮਿਲਕੇ ਇਸ ਕਾਰਜ ਨੂੰ ਬਾਖੂਬੀ ਅੰਜਾਮ ਦਿੱਤਾ ਗਿਆ ਹੈ। ਪ੍ਰਤੀਯੋਗੀ ਪ੍ਰੀਖਿਆਵਾਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਅੰਗਰੇਜ਼ੀ ਵਿਸ਼ੇ ਦੇ ਵਿੱਚ ਟਰਾਂਸਲੇਸ਼ਣ ਨੂੰ ਮੁੜ ਸ਼ਾਮਿਲ ਕੀਤਾ ਹੈ।

ਨਿਰਸੰਦੇਹ, ਪਾਠਕ੍ਰਮ ਵਿੱਚ ਲਿਆਂਦਾ ਗਿਆ ਬਦਲਾਅ ਇੱਕ ਕਾਬਿਲ-ਏ-ਤਾਰੀਫ ਕਦਮ ਹੈ ਜਿਸਦੇ ਸਾਰਥਕ ਨਤੀਜੇ ਆਉਣ ਦੇ ਪੂਰੀ ਉਮੀਦ ਹੈ। ਇਸ ਵਿੱਚ ਕਟੌਤੀ ਹੋਣ ਨਾਲ ਬੱਚਿਆਂ ਨੂੰ ਦੁਹਰਾਈ ਦੇ ਲਈ ਢੁੱਕਵਾਂ ਸਮਾਂ ਮਿਲਣਾ, ਸਾਰੇ ਵਿਸ਼ਿਆਂ ਦੇ ਵਿੱਚ ਲਿਖਤੀ ਕੰਮ ਘੱਟ ਹੋ ਜਾਣਾ, ਅਧਿਆਪਕ ਅਤੇ ਵਿਦਿਆਰਥੀਆਂ ਦੇ ਰਿਸ਼ਤਿਆਂ ਦੇ ਵਿੱਚ ਮਿਠਾਸ ਹੋਣਾ, ਰੱਟਾ ਲਗਾਉਣ ਦੀ ਪ੍ਰਵਿਰਤੀ ਦਾ ਖਾਤਮਾ, ਵਿਸ਼ੇ ਦੇ ਸਬੰਧੀ ਸ਼ੰਕੇ ਦੂਰ ਹੋਣੇ, ਹੀਣ ਭਾਵਨਾ ਦਾ ਖਤਮ ਹੋਣਾ , ਆਤਮ ਵਿਸ਼ਵਾਸ ਪੈਦਾ ਹੋਣਾ, ਪ੍ਰੀਖਿਆਂ ਕੇਂਦਰ ਦੇ ਡਰ ਦਾ ਖਾਤਮਾ, ਨਕਲ ਦੀ ਕੁਰੀਤੀ ਦਾ ਨਾਸ਼ ਹੋਣਾ, ਪਲੇ ਵੇ ਤਰੀਕਿਆਂ ਦੇ ਨਾਲ ਵਿਸ਼ਿਆਂ ਪ੍ਰਤੀ ਨੀਰਸਪਣ ਦਾ ਖਾਤਮਾ ਆਦਿ ਨਾਲ ਬੱਚਿਆਂ ਦਾ ਸਰਵਪ-ੱਖੀ ਵਿਕਾਸ ਯਕੀਨੀ ਹੈ। ਸਰਕਾਰ ਦੇ ਇਸ ਉੱਦਮ ਨਾਲ ਔਸਤ ਵਿਦਿਆਰਥੀਆਂ ਨੂੰ ਹੁਸ਼ਿਆਰ ਬੱਚਿਆਂ ਦੇ ਨਾਲ ਰਲਣ ਦਾ ਇੱਕ ਮੌਕਾ ਵੀ ਮਿਲਿਆ ਹੈ। ਇਸਦਾ ਅਸਰ ਬੱਚਿਆਂ ਦੀ ਸਰੀਰਕ ਸਿਹਤ ਦੇ ਉੱਪਰ ਦੇਖਣ ਨੂੰ ਵੀ ਮਿਲੇਗਾ ਜੋ ਕਿ ਪੜ੍ਹਨ ਦੇ ਲਈ ਬੜ੍ਹੀ ਹੀ ਜਰੂਰੀ ਹੈ। ਇੱਕ ਤੰਦਰੁਸਤ ਸਰੀਰ ਵਿੱਚ ਹੀ ਇੱਕ ਤਿੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ। ਹੁਣ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਵੱਧ ਤੋਂ ਵੱਧ ਵਿਦਿਅਕ ਮੁਕਾਬਲੇ ਵੀ ਕਰਵਾਏ ਤਾਂ ਜੋ ਪ੍ਰਤੀਯੋਗੀ ਪ ਦੀ ਲਈ ਮੁੱਢ ਤੋਂ ਹੀ ਤਿਆਰੀ ਹੋ ਸਕੇ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਸਿਲੇਬਸ ਵਿੱਚ ਕਟੌਤੀ ਕਰਨਾ ਇੱਕ ਸਲਾਘਾਯੋਗ ਕਦਮ ਹੈ। ਜਿਸਦੀ ਬੱਚਿਆਂ, ਮਾਪਿਆਂ, ਸਮੁੱਚੇ ਅਧਿਆਪਕ ਵਰਗ ਨੇ ਖੂਬ ਪ੍ਰਸ਼ੰਸਾ ਕੀਤੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰੀ ਸਕੂਲਾਂ ਦੇ ਬੱਚੇ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੇ ਵਿਚਕਾਰ ਸਭ ਖੇਤਰਾਂ ਵਿੱਚ ਦਿਲਚਸਪ ਮੁਕਾਬਲੇ ਦੇਖਣ ਨੂੰ ਮਿਲਣਗੇ।

# ਭਾਰਤੀ ਕਬੱਡੀ ਟੀਮ ਗੋਲਡ ਮੈਡਲ ਦੀ ਦੌੜ ਤੋਂ ਬਾਹਰ

ਸੱਤ ਵਾਰ ਦਾ ਚੈਂਪੀਅਨ ਭਾਰਤ 18ਵੀਆਂ ਏਸ਼ਿਆਈ ਖੇਡਾਂ ਦੇ ਕਬੱਡੀ ਦੇ ਫਾਈਨਲ ਵਿੱਚ ਪਹੁੰਚਣ ਵਿੱਚ ਅਸਫਲ ਰਿਹਾ ਅਤੇ ਸੈਮੀ ਫਾਈਨਲ ਵਿੱਚ ਇਰਾਨ ਹੱਥੋਂ 18-27 ਨਾਲ ਹਾਰ ਕੇ ਇਸ ਟੂਰਨਾਮੈਂਟ ਤੋਂ ਬਾਹਰ ਹੋ ਗਿਆ। ਦੂਜੇ ਪਾਸੇ, ਮਹਿਲਾ ਕਬੱਡੀ ਟੀਮ ਫਾਈਨਲ ਵਿੱਚ ਪਹੁੰਚ ਗਈ ਹੈ, ਜੋ ਸੋਨ ਤਗ਼ਮਾ ਹਾਸਲ ਕਰਨ ਤੋਂ ਇੱਕ ਜਿੱਤ ਦੂਰ ਹੈ।

ਕਬੱਡੀ ਨੂੰ 1990 ਦੌਰਾਨ ਪੇਈਚਿੰਗ ਵਿੱਚ ਪਹਿਲੀ ਵਾਰ ਏਸ਼ਿਆਈ ਖੇਡਾਂ ਵਿੱਚ ਸ਼ਾਮਲ ਕੀਤਾ ਗਿਆ ਸੀ। ਉਦੋਂ ਤੋਂ ਭਾਰਤ ਨੇ ਸਾਰੀਆਂ ਸੱਤ ਏਸ਼ਿਆਈ ਖੇਡਾਂ ਵਿੱਚ ਪੁਰਸ਼ ਕਬੱਡੀ ਵਿੱਚ ਸੋਨ ਤਗ਼ਮੇ ਜਿੱਤੇ ਸਨ। ਇਸ ਵਾਰ ਇਨ੍ਹਾਂ ਮਹਾਂਦੀਪੀ ਖੇਡਾਂ ਵਿੱਚ ਉਸ ਨੇ ਆਪਣਾ ਸਭ ਤੋਂ ਖ਼ਰਾਬ ਪ੍ਰਦਰਸ਼ਨ



ਕੀਤਾ ਹੈ। ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਭਾਰਤੀ ਟੀਮ ਇਸ ਘਰੇਲੂ ਖੇਡ ਵਿੱਚ ਸੋਨ ਤਗ਼ਮੇ ਤੋਂ ਬਿਨਾਂ ਪਰਤੇਗੀ। ਟੀਮ ਨੂੰ ਕਾਂਸੀ ਦੇ ਤਗ਼ਮੇ ਨਾਲ ਸਬਰ ਕਰਨਾ ਪਿਆ। ਇਸ ਖੇਡ ਵਿੱਚ ਭਾਰਤ ਦਾ ਸੋਨ ਤਗ਼ਮਾ ਪੱਕਾ ਮੰਨਿਆ ਜਾਂਦਾ ਸੀ, ਪਰ ਅੱਜ ਦੀ ਹਾਰ ਨਾਲ ਭਾਰਤੀ ਖ਼ੇਮੇ ਦੇ ਕੁੱਝ ਲੋਕ ਭਾਵੁਕ ਹੋ ਗਏ, ਜਦਕਿ ਕਈਆਂ ਨੂੰ ਸਦਮਾ ਲੱਗਿਆ। ਇਸ ਦੇ ਨਾਲ ਹੀ ਏਸ਼ਿਆਈ ਖੇਡਾਂ ਵਿੱਚ 1990 ਤੋਂ ਚੱਲਿਆ ਆ ਰਿਹਾ ਭਾਰਤ ਦਾ ਦਬਦਬਾ ਵੀ ਖ਼ਤਮ ਹੋ ਗਿਆ। ਭਾਰਤ ਦੇ ਕਬੱਡੀ ਕੋਚ ਰਾਮ ਮੇਹਰ ਸਿੰਘ ਨੇ ਮੈਚ ਮਗਰੋਂ ਕਿਹਾ, "ਅਸੀਂ ਕਪਤਾਨ ਦੇ ਹੱਦ ਤੋਂ ਵੱਧ ਸਵੈ-ਭਰੋਸੇ ਕਾਰਨ ਮੈਚ ਹਾਰੇ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ



ਯੂਬਾ ਸਿਟੀ- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 26 ਅਗਸਤ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਸ ਵਿਚ 26 ਅਗਸਤ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ, ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# 23 ਸਾਲਾਂ ਤੋਂ ਪਤੀ ਪਤਨੀ ਰਹਿ ਰਹੇ ਹਨ ਗਟਰ ਵਿਚ



ਅਮਨਪ੍ਰੀਤ ਸਿੰਘ
7658819651

ਖੁਸ਼ ਰਹਿਣਾ ਆਪਣੇ ਆਲੇ ਦੁਆਲੇ ਦੀ ਸਤਿਥੀ ਤੇ ਬਹੁਤ ਘੱਟ ਨਿਰਭਰ ਕਰਦਾ ਹੈ ਅਤੇ ਆਪਣੇ ਮਨ ਨੂੰ ਕਾਬੂ ਕਰਨ ਦੀ ਤਾਕਤ ਤੇ ਬਹੁਤ ਜਿਆਦਾ ਨਿਰਭਰ ਕਰਦਾ ਹੈ । ਅਸਲ ਵਿੱਚ ਖੁਸ਼ ਰਹਿਣਾ ਇੱਕ ਕਲਾ ਹੈ ਪਰ ਲੋਕ ਆਪਣੀ ਖੁਸ਼ੀ ਅਤੇ ਉਦਾਸੀ ਦਾ ਕਾਰਨ ਹੋਰ ਲੋਕਾਂ ਨੂੰ ਮੰਨਦੇ ਹਨ । ਜਿਸ ਕੋਲ ਇਹ ਹੁਨਰ ਹੈ, ਇਹ ਕਲਾ ਹੈ, ਉਹ ਕਿਤੇ ਵੀ ਖੁਸ਼ ਰਹਿ ਸਕਦਾ ਹੈ, ਚਾਹੇ ਪਰਿਸਤਿਥੀ ਕਿਹੋ ਜਿਹੀ ਵੀ ਹੋਵੇ।

ਅੱਜ ਤੁਹਾਨੂੰ ਮੈਂ ਇੱਕ ਵਿਆਹੇ ਜੋੜੇ ਦੀ ਸੱਚੀ ਘਟਨਾ ਸੁਣਾਵਾਂਗਾ ਜੋ ਅਮੇਰਿਕਾ ਦੇਸ਼ ਵਿੱਚ ਕੋਲ੍ਮ੍ਬੋ ਸ਼ਹਿਰ ਵਿੱਚ ਰਹਿ ਰਿਹਾ ਹੈ । ਪਤੀ ਦਾ ਨਾਮ ਮਿਗੁਅਲ ਰੇਸਟ੍ਰੇਪੋ ਅਤੇ ਪਤਨੀ ਦਾ ਨਾਮ ਮਾਰਿਆ ਗਾਰਸੀਆ ਹੈ । ਇਹ ਦੋਨੋਂ ਪਤੀ ਪਤਨੀ ਇੱਕ ਦੂਜੇ ਨਾਲ ਬਹੁਤ ਪਿਆਰ ਕਰਦੇ ਸਨ, ਪਰ ਇਹਨਾਂ ਦੋਹਾਂ ਨੂੰ ਨਸ਼ਾ ਕਰਨ ਦੀ ਆਦਤ ਪੈ ਗਈ। ਨਸ਼ੇ ਦੀ ਇਹਨੀਂ ਬੁਰੀ ਲੱਤ ਲਗੀ ਕਿ ਇਹ ਆਪਣਾ ਸਾਰਾ ਪੈਸਾ ਹੀ ਨਸ਼ੇ ਵਿੱਚ ਉਡਾਉਣ ਲੱਗੇ । ਹੌਲੀ ਹੌਲੀ ਇਹਨਾਂ ਕੋਲ ਜਿਨ੍ਹਾਂ ਧਨ ਵੀ ਸੀ, ਉਹ ਸਾਰਾ ਖਤਮ ਹੋ ਗਿਆ । ਫਿਰ ਇਹਨਾਂ ਦੋਹਾਂ ਨੇ ਫੈਸਲਾ ਕੀਤਾ ਕਿ ਉਹ ਦੋਨੇ ਨਸ਼ੇ ਦੀ ਬੁਰੀ ਲੱਤ ਤੋਂ ਮੁਕਤ ਹੋਣਗੇ ਅਤੇ ਆਪਣਾ ਜੀਵਨ ਸਹੀ ਢੰਗ ਨਾਲ ਬਿਤਾਉਣਗੇ।

ਇਹਨਾਂ ਦੋਹਾਂ ਨੇ ਆਪਣਾ ਇਲਾਜ ਕਰਵਾਇਆ, ਪਰ ਹੁਣ ਇਹਨਾਂ ਨੂੰ ਆਪਣਾ ਜੀਵਨ ਜਿਉਣ ਵਾਸਤੇ ਪੈਸੇ ਦੀ ਜਰੂਰਤ ਸੀ । ਉਹ ਆਪਣੇ ਦੋਸਤਾਂ ਮਿਤਰਾਂ ਅਤੇ ਰਿਸ਼ਤੇਦਾਰਾਂ ਕੋਲ ਵਿਤੀ ਸਹਾਇਤਾ ਲੈਣ ਗਏ । ਪਰ ਕਿਸੇ ਨੇ ਵੀ ਉਹਨਾਂ ਦੀ ਮਦਦ ਨਾ ਕੀਤੀ । ਕਾਰਨ ਸਾਫ਼ ਸੀ ਕਿ ਉਹਨਾਂ ਨੂੰ ਇੰਝ ਲਗਦਾ ਸੀ ਕਿ



ਇਹ ਦੋਨੋਂ ਉਹਨਾਂ ਦਾ ਪੈਸਾ ਵੀ ਕਿਧਰੇ ਨਸ਼ੇ ਵਿੱਚ ਹੀ ਨਾ ਬਰਬਾਦ ਕਰ ਦੇਣ । ਹੁਣ ਸਮਸਿਆ ਇਹ ਸੀ ਕਿ ਪਤੀ ਪਤਨੀ ਕੋਲ ਰਹਿਣ ਲਈ ਘਰ ਹੀ ਨਹੀਂ ਸੀ ।

ਇੱਕ ਦਿਨ ਉਹਨਾਂ ਨੂੰ ਇੱਕ ਗਟਰ ਦਿਖਾਈ ਦਿੱਤਾ ਅਤੇ ਉਹਨਾਂ ਨੇ ਫੈਸਲਾ ਕਰ ਲਿਆ ਕਿ ਹੁਣ ਉਹ ਦੋਨੋਂ ਆਪਣੇ ਪਾਲਤੂ ਕੁੱਤੇ ਦੇ ਨਾਲ ਉਸੇ ਗਟਰ ਵਿੱਚ ਹੀ ਰਹਿਣਗੇ । ਉਹਨਾਂ ਨੇ ਉਸ ਗਟਰ ਵਿੱਚ ਹੀ ਟੀਵੀ ਵਗੈਰਾ ਰਖਕੇ, ਉਸ ਗਟਰ ਨੂੰ ਹੀ ਆਪਣਾ ਘਰ ਬਣਾ ਲਿਆ । ਪਿਛਲੇ 23 ਸਾਲਾਂ ਤੋਂ ਉਹ ਦੋਹੇਂ ਉਸੇ ਗਟਰ ਵਿਚ ਹੀ ਰਹਿ ਰਹੇ ਹਨ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਉਹ ਦੋਨੋਂ ਆਪਣੀ ਜ਼ਿੰਦਗੀ ਤੋਂ ਬਹੁਤ ਖੁਸ਼ ਹਨ । ਤਿਓਹਾਰਾਂ ਵਾਲੇ ਦਿਨ ਉਹ ਆਪਣੇ ਗਟਰ ਘਰ ਨੂੰ ਸਜਾਉਂਦੇ ਵੀ ਹਨ । ਬਿਲਕੁਲ ਕਮਾਲ ਦੀ ਗਲ ਹੈ । ਜਿਸ ਗਟਰ ਤੋਂ ਲੋਕੀ ਨਫਰਤ ਕਰਦੇ ਹਨ, ਕੋਈ ਉਸੇ ਗਟਰ ਵਿੱਚ ਆਪਣਾ ਘਰ ਵਸਾ ਕੇ ਖੁਸ਼ ਵੀ ਰਹਿ ਸੀ।

# ਬੇਸਹਾਰਾ ਪਸ਼ੂਆਂ ਤੋਂ ਆਖਰ ਕਦੋਂ ਮਿਲੇਗੀ ਨਿਜਾਤ

## (ਇਹਨਾਂ ਅਵਾਰਾ ਪਸ਼ੂਆਂ ਸਦਕਾ ਹਰ ਰੋਜ਼ ਦੁਰਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ ਲੋਕ)

ਪੰਜਾਬ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਗੰਭੀਰ ਬਣਦੀ ਜਾ ਰਹੀ ਹੈ। ਇਹਨਾਂ ਅਵਾਰਾ ਪਸ਼ੂਆਂ ਕਾਰਨ ਪੰਜਾਬ ਵਿੱਚ ਮਨੁੱਖੀ ਜਾਨਾਂ ਜਾਣ ਦਾ ਰੁਝਾਨ ਦਿਨੋਂ ਦਿਨ ਵੱਧ ਰਿਹਾ ਹੈ। ਜਿਸ ਕਾਰਨ ਪੂਰੇ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੋ ਗਈ ਹੈ। ਅੱਜ ਕਲ੍ਹ ਹਰ ਇੱਕ ਵਿਅਕਤੀ ਅਵਾਰਾ ਪਸ਼ੂਆ 'ਤੇ ਅਵਾਰਾ ਕੁਤਿਆਂ ਤੋਂ ਬਹੁਤ ਪ੍ਰੇਸ਼ਾਨ ਹੈ। ਅੱਜ ਕਲ੍ਹ ਹਰ ਇੱਕ ਵਿਅਕਤੀ ਅਵਾਰਾ ਪਸ਼ੂਆ ਤੋਂ ਬਹੁਤ ਪ੍ਰੇਸ਼ਾਨ ਹੈ। ਇਹ ਸਮੱਸਿਆ ਤੋਂ ਅੱਜ ਕੋਈ ਸ਼ਹਿਰ ਜਾਂ ਪਿੰਡ ਨਹੀਂ ਬਚਿਆ। ਅਵਾਰਾ ਪਸ਼ੂਆਂ ਕਾਰਨ ਸੜਕ ਦੁਰਘਟਨਾਵਾ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ, ਜਿਸ ਕਾਰਨ ਮਨੁੱਖੀ ਕੀਮਤੀ ਜਾਨਾ ਵੱਡੇ ਪੱਧਰ ਤੇ ਇਸ ਦਾ ਸ਼ਿਕਾਰ ਹੋ ਰਹੀਆ ਹਨ।

ਜੈਤੋ ਸ਼ਹਿਰ ਵਿੱਚ ਅਵਾਰਾ ਪਸ਼ੂਆ ਦੀ ਗਿਣਤੀ ਦਿਨੋ ਦਿਨ ਵੱਧ ਰਹੀ ਹੈ। ਹੁਣ ਇਹ ਪਸ਼ੂ ਬਜ਼ਾਰਾ, ਭੀੜ-ਭੜੱਕੇ ਵਾਲੀਆਂ ਥਾਵਾਂ, ਗਲੀਆ, ਮੁਹੱਲਿਆਂ ਵਿੱਚ ਵੀ ਅਵਾਰਾ ਘੁੰਮ ਰਹੇ ਹਨ। ਜਿਸ ਕਾਰਨ ਛੋਟੇ ਬੱਚਿਆ ਨੂੰ ਘਰੋ ਬਾਹਰ ਨਿਕਲਣ ਵਿੱਚ ਸਮੱਸਿਆ ਆਉਦੀ ਹੈ ਤੇ ਇਹਨਾਂ ਤੋਂ ਸੱਟ ਫੇਟ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ। ਸਰਕਾਰ ਜਾਂ ਸਥਾਨਕ ਪ੍ਰਸ਼ਾਸਨ ਵੱਲੋਂ ਇਸ ਸਮੱਸਿਆ ਦਾ ਸਥਾਈ ਹੱਲ ਕਰਨਾ ਬਹੁਤ ਹੀ ਜਰੂਰੀ ਹੋ ਗਿਆ ਹੈ। ਜੈਤੋ ਮੰਡੀ ਦੇ ਪ੍ਰਮੁੱਖ ਸ਼ਹਿਰੀਆਂ ਵੱਲੋਂ ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਰਾਜੀਵ ਪਰਾਸ਼ਰ (ਆਈ.ਏ.ਐੱਸ.) ਅਤੇ ਐਸ.ਡੀ.ਐਮ. ਜੈਤੋ ਡਾ. ਮਨਦੀਪ ਕੌਰ ਤੋਂ ਮੰਗ ਕੀਤੀ ਗਈ ਹੈ ਕਿ ਲੋਕਾਂ ਲਈ ਵੱਡੀ ਸਿਰਦਰਦੀ ਬਣੇ ਅਵਾਰਾ ਪਸ਼ੂਆਂ ਨੂੰ ਅਵਾਰਾ ਪਸ਼ੂ ਸੰਭਾਲ ਘਰ ਬਣਾ ਕੇ ਉੱਥੇ ਜਾਂ ਗਊਸ਼ਾਲਾ ਵਿਚ ਰੱਖਣ ਦਾ ਪ੍ਰਬੰਧ ਕੀਤਾ ਜਾਵੇ। ਅਵਾਰਾ ਪਸ਼ੂਆਂ ਦੀ ਸਮੱਸਿਆ ਦੇ ਹੱਲ ਲਈ ਇਲਾਕੇ ਦੀਆਂ ਕੁਝ ਉੱਘੀਆਂ ਸ਼ਖਸ਼ੀਅਤਾਂ ਦੇ ਵੀ ਵਿਚਾਰ ਲਏ ਹਨ ਜੋ ਕਿ ਇਸ ਤਰਾਂ ਹਨ।



### ਕੀ ਕਹਿੰਦੇ ਹਨ ਸਮਾਜ ਸੇਵੀ ਪ੍ਰੋ. ਤਰਸੇਮ ਨਰੂਲਾ?

ਇਹਨਾਂ ਅਵਾਰਾ ਪਸ਼ੂਆ ਦੀ ਸਾਂਭ ਸੰਭਾਲ ਕਰਨਾ ਸਰਕਾਰ ਦੀ ਜਿੰਮੇਵਾਰੀ ਹੈ ਕਿਉਕਿ ਸਰਕਾਰ ਨੇ ਵੱਖ-ਵੱਖ ਚੀਜ਼ਾ ਤੇ ਗਊ ਸੈੱਸ ਲਾ ਕੇ ਲੋਕਾਂ ਦਾ ਗੁਪਤ ਰੂਪ ਵਿੱਚ ਕਚੂਮਰ ਕੱਢ ਦਿੱਤਾ। ਸਰਕਾਰ ਨੇ ਅੰਦਰ ਖ਼ਾਤੇ ਨਵੀ ਚਾਰ ਪਹੀਆ ਗੱਡੀ ਤੇ ਇੱਕ ਹਜ਼ਾਰ ਰੁਪਏ, ਦੋ ਪਹੀਆ ਵਾਹਨ ਤੇ ਪੰਜ ਸੌ ਰੁਪਏ, ਸੀਮੈਂਟ ਦੀ ਇੱਕ ਬੋਰੀ ਤੇ ਇੱਕ ਰੁਪਈਆ, ਏਸੀ ਮੈਰਿਜ਼ ਪੈਲੇਸ ਬੁੱਕ ਕਰਨ ਤੇ ਇਕ ਹਜ਼ਾਰ ਰੁਪਏ, ਨਾਨ ਏ ਸੀ ਮੈਰਿਜ਼ ਪੈਲੇਸ ਬੁੱਕ ਕਰਨ ਤੇ ਪੰਜ ਸੌ ਰੁਪਏ, ਅੰਗਰੇਜ਼ੀ ਸ਼ਰਾਬ ਦੀ ਬੋਤਲ ਤੇ ਪੰਜ ਰੁਪਏ, ਬਿਜਲੀ ਦੇ ਬਿਲ ਤੇ ਵੀ ਮੋਟਾ ਗਊ ਸੈੱਸ ਲਗਾ ਕੇ ਚੁੱਪ ਚੁਪੀਤੇ ਲੋਕਾਂ ਦਾ ਖ਼ੂਨ ਪੀਣਾ ਸ਼ੁਰੂ ਕਰ ਦਿੱਤਾ ਹੈ। ਗਊ ਸੈਸ ਰਾਹੀਂ ਇਕੱਠੇ ਕੀਤੇ ਜਾ ਰਹੇ ਕਰੋੜਾਂ ਰੁਪਇਆ ਦਾ ਕੋਈ ਹਿਸਾਬ ਨਹੀਂ ਹੈ। ਇਹ ਰੁਪਏ ਸਰਕਾਰ ਵਰਤਦੀ ਹੈ ਤੇ ਗਾਂਵਾ-ਢੱਠੇ ਤੇ ਹੋਰ ਅਵਾਰਾ ਪਸ਼ੂ ਸੜਕਾ ਤੇ ਹਰਲ-ਹਰਲ ਕਰਦੇ ਫਿਰਦੇ ਹਨ। ਲੋਕ ਜਾਨਣਾ ਚਾਹੁੰਦੇ ਹਨ ਜੋ ਲੱਖਾਂ ਰੁਪਏ ਗਊ ਸੈੱਸ ਦੇ ਨਾਂ ਤੇ ਇਕੱਠੇ ਹੁੰਦੇ ਹਨ ਉਹਨਾਂ ਦੀ ਵਰਤੋਂ ਸਰਕਾਰ ਕਿੱਥੇ ਕਰਦੀ ਹੈ।

### ਕੀ ਕਹਿੰਦੇ ਹਨ ਨਗਰ ਕੌਂਸਲਰ ਵਿਕਾਸ ਸਿੰਗਲਾ ਘੰਟੀ?

ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਦੀ ਲੋਕਾਂ ਨੂੰ ਵੱਡੀ ਸਮੱਸਿਆ ਆ ਰਹੀ ਹੈ । ਪਰ ਲੋੜ ਹੈ ਇਸ ਸਮੱਸਿਆ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦੀ ਤਾਂ ਜੋ ਹਰ ਰੋਜ਼ ਹੁੰਦੇ ਸੜਕ ਹਾਦਸੇ ਰੁਕ ਸਕਣ, ਮਨੁੱਖੀ ਕੀਮਤੀ ਜਾਨਾ ਬਚਾਈਆਂ ਜਾ ਸਕਣ ਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ।



ਪਿੰਡਾਂ ਵਿੱਚ ਅਤੇ ਸ਼ਹਿਰਾਂ ਵਿੱਚ ਅਵਾਰਾ ਪਸ਼ੂ ਸੰਭਾਲ ਘਰ ਬਣਾਏ ਜਾਣ ਤਾਂ ਜੋ ਹਰੇਕ ਪਿੰਡ ਦੇ ਅਵਾਰਾ ਪਸ਼ੂ, ਕੁੱਤੇ ਤੇ ਗਾਂਵਾ ਆਪਣੇ ਪਿੰਡ ਤੱਕ ਹੀ ਸੀਮਤ ਰਹਿਣ। ਇਸ ਭਿਆਨਕ ਸਮੱਸਿਆ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ। ਜੈਤੋ ਦੇ ਕਈ ਲੋਕ ਇਹਨਾਂ ਅਵਾਰਾ ਪਸ਼ੁਆਂ ਕਾਰਨ ਜਖਮੀ ਹੋ ਚੁੱਕੇ ਹਨ ਕਈਆਂ ਦੀ ਤਾਂ ਅਵਾਰਾ ਪਸ਼ੂਆਂ ਦੇ ਹਮਲਿਆਂ ਕਾਰਨ ਮੌਤ ਵੀ ਹੋ ਚੁੱਕੀ ਹੈ। ਸਕੂਲੀ ਵਿਦਿਆਰਥੀਆਂ,ਬਜੁਰਗਾਂ,ਔਰਤਾਂ ਆਦਿ ਦਾ ਘਰੋਂ ਬਾਹਰ ਜਾਣਾ ਮੁਸ਼ਕਲ ਹੋਇਆ ਪਿਆ ਹੈ। ਕੈਪਸ਼ਨ: ਨਗਰ ਕੌਂਸਲਰ ਵਾਰਡ ਨੰ 12 ਵਿਕਾਸ ਸਿੰਗਲਾ ਘੰਟੀ ਡੋਡ

### ਕੀ ਕਹਿੰਦੇ ਹਨ ਉੱਘੇ ਸਮਾਜ ਸੇਵੀ ਸੰਤ ਰਿਸ਼ੀ ਰਾਮ ਜੀ



ਕ ਈ ਗਊਸ਼ਾਲਾਵਾਂ ਦੇ ਨਾਮ ਕਾਫੀ ਜਮੀਨ ਹੈ ਉਸ ਜਮੀਨ ਨੂੰ ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਲਈ ਵਰਤਿਆ ਜਾਵੇ। ਦੁੱਧ ਦੇਣ ਵਾਲੀਆਂ ਗਾਵਾਂ ਦੇ ਦੁੱਧ ਤੋਂ ਮੱਖਣ, ਪਨੀਰ, ਘਿਉ ਆਦਿ ਪ੍ਰੋਡਕਟ ਤਿਆਰ ਕਰਕੇ ਵੇਚੇ ਜਾਣ ਤੇ ਹੋਣ ਵਾਲੀ ਆਮਦਨ ਨੂੰ ਇਹਨਾਂ ਪਸ਼ੂਆਂ ਦੀ ਸਾਂਭ ਸੰਭਾਲ ਲਈ ਖਰਚਿਆ ਜਾਵੇ। ਜਿਨਾਂ ਗਓਸ਼ਾਲਾਵਾਂ ਕੋਲ ਜ਼ਮੀਨ ਨਹੀਂ ਹੈ ਉਥੇ ਸਮਾਜ ਸੇਵੀ,ਧਾਰਮਿਕ ਸੰਸਥਾਵਾਂ ਨੂੰ ਇਸ ਕੰਮ ਲਈ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਦੇ ਲੋਕਾਂ ਨੂੰ ਇਸ ਅਵਾਰਾ ਪਸ਼ੂਆਂ ਦੀ ਭਿਆਨਕ ਸਮੱਸਿਆ ਤੋਂ ਬਚਾਇਆ ਜਾ ਸਕੇ।

### ਕੀ ਕਹਿੰਦੇ ਹਨ ਸਮਾਜ ਸੇਵੀ ਜਸਵਿੰਦਰ ਸਿੰਘ ਜੋਨੀ?

ਗਊਸ਼ਾਲਾਵਾਂ ਕੋਲ ਆਪਣੀ ਬਹੁਤ ਜਗ੍ਹਾ ਹੈ ਪੰਜਾਬ ਸਰਕਾਰ ਉਸ ਜਗ੍ਹਾ ਉਪਰ ਗੋਬਰ ਗੈਸ ਪਲਾਂਟ ਲਗਾਵੇ, ਗੋਬਰ ਤੋਂ ਖਾਦ ਤਿਆਰ ਕੀਤੀ ਜਾ ਸਕਦੀ ਹੈ ਅਤੇ ਉਹ ਕੰਟਰੋਲ ਰੇਟ ਤੇ ਅੱਗੇ ਕਿਸਾਨਾਂ ਨੂੰ ਵੇਚੀ ਜਾ ਸਕਦੀ ਹੈ। ਗਊ ਮੂਤਰ ਦਾ ਪਲਾਂਟ ਲੱਗ ਸਕਦਾ ਹੈ ਕਿਉਂਕਿ ਬਹੁਤ ਸਾਰੀਆਂ ਆਯੁਰਵੈਦਿਕ ਕੰਪਨੀਆਂ ਇਹ ਖਰੀਦ ਲੈਂਦੀਆਂ ਹਨ, ਗਊਆਂ ਦੇ ਦੁੱਧ ਦਾ ਘਿਉ ਤਿਆਰ ਕੀਤਾ ਜਾ ਸਕਦਾ ਹੈ ਇਹਨਾਂ ਤਰੀਕਿਆਂ ਨਾਲ ਗਊਸ਼ਾਲਾਵਾਂ ਆਤਮ ਨਿਰਭਰ ਹੋ ਸਕਦੀਆਂ ਹਨ ਤੇ ਅਵਾਰਾ ਪਸ਼ੂਆਂ ਨੂੰ ਕਾਬੂ ਕਰਨ 'ਚ ਯੋਗਦਾਨ ਪਾਇਆ ਜਾ ਸਕਦਾ ਹੈ। ਜੈਤੋ ਦੇ ਐਮ.ਸੀ ਵਿਕਾਸ ਸਿੰਗਲਾ ਘੰਟੀ ਡੋਡ ਨੇ 2 ਦਿਨ ਪਹਿਲਾਂ ਆਪਣੇ ਜਨਮ ਦਿਨ ਮੌਕੇ ਅਵਾਰਾ ਪਸ਼ੂਆਂ ਨੂੰ ਫਰੀਦਕੋਟ ਜ਼ਿਲੇ ਦੇ ਪ੍ਰਸ਼ਾਸ਼ਨ ਵੱਲੋਂ ਬਣਾਈ ਗੋਲੇਵਾਲਾ ਪਿੰਡ ਦੀ ਗਊਸ਼ਾਲਾ ਵਿਖੇ ਭੇਜਣਾ ਸ਼ੁਰੂ ਕੀਤਾ ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ। ਕੀ ਕਹਿੰਦੇ ਹਨ ਸਮਾਜ ਸੇਵੀ, ਲੇਖਕ ਅਤੇ ਅਧਿਆਪਕ ਪ੍ਰਮੋਦ ਧੀਰ ਜੈਤੋਪੁਰਾਣੇ ਸਮਿਆਂ ਵਿੱਚ ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ ਤੇ ਵੱਛੇ ਵਾਲੀ ਗਾਂ ਦਾ ਸਤਿਕਾਰ ਕੀਤਾ ਜਾਦਾ ਸੀ। ਮਸ਼ੀਨੀ ਯੁਗ ਆਉਣ ਨਾਲ ਗਾਂ ਦੀ ਮੂਲੋਂ ਕਦਰ ਘਟ ਗਈ ਦੂਸਰਾ ਦੇਸੀ ਗਾਂ ਦਾ ਦੁੱਧ ਵਲੈਤੀ ਗਾਂ ਦੇ ਦੁੱਧ ਮੁਕਾਬਲੇ ਬਹੁਤ ਘੱਟ ਹੁੰਦਾ ਹੈ। ਇਹੀ ਕਾਰਨ ਹੈ ਕਿ ਲੋਕ ਫੰਡਰ ਗਾਂ ਨੂੰ ਸੋਟੀ ਮਾਰ ਕੇ ਘਰੋਂ ਕੱਢ ਦਿੰਦੇ ਹਨ। ਇਹਨਾਂ ਗਊਆਂ ਦੀ ਸਾਂਭ-ਸੰਭਾਲ ਲਈ ਬਣਾਈਆ ਗਊਸ਼ਾਲਾ ਵਿੱਚ ਵੀ ਜ਼ਿਆਦਾਤਰ ਉਹੀ ਪਸ਼ੂ ਰੱਖੇ ਜਾਂਦੇ ਹਨ ਜੋ ਦੁੱਧ ਦਿੰਦੇ ਹਨ, ਅਵਾਰਾ ਪਸ਼ੂਆ ਨੂੰ ਦਰ-ਨਿਕਾਰ ਕਰ ਦਿੱਤਾ ਜਾਂਦਾ ਹੈ। ਪਰ ਲੋੜ ਹੈ ਇਸ ਸਮੱਸਿਆ ਨੂੰ ਛੇਤੀ ਤੋਂ ਛੇਤੀ ਦੂਰ ਕਰਨ ਦੀ ਤਾਂ ਜੋ ਹਰ ਰੋਜ਼ ਹੁੰਦੇ ਸੜਕ ਹਾਦਸੇ ਰੁਕ ਸਕਣ, ਮਨੁੱਖੀ ਕੀਮਤੀ ਜਾਨਾ ਬਚਾਈਆਂ ਜਾ ਸਕਣ ਤੇ ਕਿਸਾਨਾਂ ਦੀਆਂ ਫ਼ਸਲਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਿਆ ਜਾ ਸਕੇ। ਇਹਨਾਂ ਅਵਾਰਾ ਪਸ਼ੂਆਂ ਦੀ ਬਣੀ ਸਮਾਜ ਲਈ ਚੁਣੌਤੀ ਸਬੰਧੀ ਆਮ ਲੋਕਾਂ ਨੂੰ ਹੀ ਅੱਗੇ ਆਉਣਾ ਪਵੇਗਾ ਤੇ ਇਸਦੇ ਹੱਲ ਲਈ ਬਦਲਵੇਂ ਤਰੀਕੇ ਲੱਭਣੇ ਪੈਣਗੇ ।





**ਵੇਰਵਾ ਅਤੇ ਤਸਵੀਰਾਂ:**
**ਪੱਤਰਕਾਰ**
**ਅਸ਼ੋਕ ਧੀਰ ਜੈਤੋ**

# ਜੀਵਨ ਦਾ ਸੁੱਚਾ ਅਤੇ ਸੁੱਚਾ ਗੁਣ - ਸਹਿਣਸ਼ੀਲਤਾ



ਕੇਹਰ ਸ਼ਰੀਫ
+49 173 3546050

ਸ਼ਾਂਤੀ ਤੇ ਸੁੱਖ ਭਰਪੂਰ ਜ਼ਿੰਦਗੀ ਜੀਊਣ ਦਾ ਸੱਚਾ ਅਤੇ ਸੁੱਚਾ ਰਾਹ ਹੈ - ਸਹਿਣਸ਼ੀਲਤਾ। ਸਹਿਣਸ਼ੀਲਤਾ ਜੋ ਸਾਡੇ ਜੀਵਨ ਵਿਚ ਨਿਮਰਤਾ ਦਾ ਗੁਣ ਪੈਦਾ ਕਰਨ ਦਾ ਮੂਲ਼ ਬਣਦੀ ਹੈ। ਨਿਮਰਤਾ ਜਿਸ ਨਾਲ ਕਿਸੇ ਵੀ ਦੂਜੇ ਦਾ ਦਿਲ ਜਿੱਤਿਆ ਜਾ ਸਕਦਾ ਹੈ ਭਾਵੇਂ ਉਹ ਕਿਹੋ ਜਿਹਾ ਵੀ ਹੋਵੇ। ਜਿਸ ਮਨੁੱਖ ਕੋਲ ਸਹਿਣਸ਼ੀਲਤਾ ਨਾ ਹੋਵੇ ਸੁਹਜ ਅਤੇ ਸਹਿਜ ਉਸਦੀ ਜ਼ਿੰਦਗੀ ਵਿਚੋਂ ਅਲੋਪ ਹੋ ਜਾਂਦੇ ਹਨ, ਅਜਿਹੇ ਮਨੁੱਖ ਫੇਰ ਔਝੜਿਆਂ ਰਾਹਾਂ ਦੇ ਪਾਂਧੀ ਬਣ ਜਾਂਦੇ ਹਨ। ਅਜਿਹੇ ਰਾਹ ਜਿਨ੍ਹਾਂ ਦੀ ਕੋਈ ਮੰਜ਼ਿਲ ਨਹੀਂ ਹੁੰਦੀ ਤੇ ਅਜਿਹੇ ਰਾਹਾਂ ਦੇ ਰਾਹੀ ਉਦੇਸ਼ ਵਿਹੂਣੇ ਹੋ ਕੇ ਤੁਰਨ ਲੱਗ ਪੈਂਦੇ ਹਨ, ਉਨ੍ਹਾਂ ਦਾ ਮਕਸਦ ਗੁਆਚ ਜਾਂਦਾ ਹੈ-ਅਰਥਾਂ ਤੋਂ ਸੱਖਣੀ ਭਟਕਣ ਉਨ੍ਹਾਂ ਦੇ ਪੱਲੇ ਆ ਪੈਂਦੀ ਹੈ। ਇਹ ਕਰਮ ਫੇਰ ਰਾਹੋਂ ਭਟਕਿਆਂ ਹੋਇਆਂ ਵਲੋਂ ਕਿਸੇ ਅਣਦਿਸਦੀ ਦੀਵਾਰ ਨਾਲ ਬੇਥਵੀਆਂ ਟੱਕਰਾਂ ਮਾਰਨ ਦੇ ਬਰਾਬਰ ਹੋ ਨਿੱਬੜਦਾ ਹੈ, ਜਿਸ ਦੇ ਕਦੇ ਵੀ ਸਾਰਥਿਕ ਸਿੱਟੇ ਨਹੀਂ ਨਿਕਲ ਸਕਦੇ ਕਾਰਨ ਫੇਰ ਉਹੀ- ਗੁਆਚਿਆ ਹੋਇਆ ਮਕਸਦ ਅਤੇ ਔਝੜੇ ਪਈ ਜ਼ਿੰਦਗੀ, ਫੇਰ ਜਿਸਦੀ ਕੋਈ ਮੰਜ਼ਿਲ ਨਹੀਂ ਹੁੰਦੀ।

ਸਾਫ-ਸੁਥਰੀ ਜ਼ਿੰਦਗੀ ਜੀਊਣ ਵਾਸਤੇ ਮਨੁੱਖ ਦੇ ਪੱਲੇ ਲੋਹੇ ਵਰਗਾ ਜਿਗਰਾ ਤੇ ਚਾਨਣ ਵਰਗੀ ਸੋਚ ਅਤੇ ਨੈਤਿਕ ਪੱਖੋਂ ਈਮਾਨਦਾਰੀ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਉਹ ਸਿਰਫ ਗੱਲੀਂ ਬਾਤੀਂ ਹੀ ਅਜਿਹਾ ਨਾ ਹੋਵੇ ਸਗੋਂ ਉਸਦੇ ਜੀਵਨ ਦੇ ਅਮਲ ਆਪ ਮੂੰਹੋਂ ਬੋਲਦੇ ਹੋਣ। ਫੇਰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਲੋਕ ਦੂਜਿਆਂ ਨੂੰ ਪਰਖਣ ਵਾਸਤੇ ਉਨ੍ਹਾਂ ਦੀਆਂ ਗੱਲਾਂ ਹੀ ਨਹੀਂ ਸੁਣਦੇ ਸਗੋਂ ਹਰ ਕਿਸੇ ਦੇ ਅਮਲ ਨੂੰ ਹੀ ਕਸਵੱਟੀ ਬਣਾ ਕੇ ਪਰਖਦੇ ਹਨ। ਚਲਾਕੀਆਂ ਅਤੇ ਚੁਸਤੀਆਂ ਕਰਨ ਵਾਲਾ ਮਨੁੱਖ ਹਮੇਸ਼ਾ ਹੀ ਇਹ ਸੋਚਦਾ ਹੈ ਕਿ ਜੋ ਮੈਂ ਕੀਤਾ ਹੈ ਜਾਂ ਕਰ ਰਿਹਾ ਹਾਂ ਇਸ ਦਾ ਤਾਂ ਕਿਸੇ ਨੂੰ ਪਤਾ ਹੀ ਨਹੀਂ ਲੱਗਣਾ। ਸਿਰਫ ਨੁਮਾਇਸ਼ੀ ਤੇ ਬੀਬੇ ਦਿਸਦੇ ਚਿਹਰਿਆਂ ਵਾਲੇ ਅਜਿਹੇ ਮਨੁੱਖ ਇਕ ਗੱਲ ਭੁੱਲ ਜਾਂਦੇ ਹਨ ਕਿ ਲੋਕ ਪ੍ਰਤੀਕ੍ਰਮ ਵਜੋਂ ਜੇ ਨਾ ਵੀ ਕੁੱਝ ਕਹਿਣ ਜਾਂ ਬੋਲਣ ਤਾਂ ਅੱਖਾਂ ਨਾਲ ਦੇਖਦੇ ਜ਼ਰੂਰ ਹਨ, ਇਹ ਹੀ ਉਨ੍ਹਾਂ ਦੀ ਪਰਖ ਦੀ ਕਸਵੱਟੀ ਹੁੰਦੀ ਹੈ, ਕਈ ਗੱਲਾਂ ਬਿਨਾਂ ਕਹੇ ਵੀ ਬਹੁਤ ਅਸਰ ਕਰ ਜਾਂਦੀਆਂ ਹਨ, ਦੇਖਣ ਵਾਲੇ ਕੋਲ ਪਾਰਖੂ ਅੱਖਾਂ ਹੋਣੀਆਂ ਚਾਹੀਦੀਆਂ ਹਨ। ਇਸ ਨਾਲ ਚੁੱਪ ਵਿਚੋਂ ਅਣਕਹੇ ਦੇ ਅਰਥ ਫੜੇ ਜਾ ਸਕਦੇ ਹਨ। ਜਦੋਂ ਅਸੀਂ ਦੂਜਿਆਂ ਦੀ ਪ੍ਰਵਾਹ ਕਰਨੀ ਛੱਡ ਦੇਈਏ ਜਾਂ ਦੂਜਿਆਂ ਨੂੰ ਆਪਣੇ ਤੋਂ ਘਟੀਆਂ ਜਾਂ ਹੀਣੇ ਸਮਝਣ ਲੱਗ ਜਾਈਏ ਫੇਰ ਸਮਾਜ ਅੰਦਰ ਸਮੱਸਿਆਵਾਂ ਖੜ੍ਹੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇੱਥੋਂ ਵਿਅਕਤੀਗਤ ਮਸਲੇ ਵੀ ਬਣਦੇ ਹਨ, ਬਿਨਾਂ ਮਤਲਬੋ ਟਕਰਾਅ ਵੀ ਪੈਦਾ ਹੁੰਦੇ ਹਨ, ਰਿਸ਼ਤਿਆਂ ਜਾਂ ਸਬੰਧਾਂ ਵਿਚ ਕੁੜੱਤਣਾਂ ਵੀ ਪੈਦਾ ਹੁੰਦੀਆਂ ਹਨ, ਇੰਝ ਸਮਝੋ ਕਿ ਮਨੁੱਖ ਨਿਰਮੋਹਾ ਹੋਣ ਦੇ ਰਸਤੇ ਪੈ ਜਾਂਦਾ ਹੈ। ਇਹ ਸਾਰਾ ਕੁੱਝ ਮਨੁੱਖ ਦੇ ਨਿਘਾਰ ਦਾ ਕਾਰਨ ਵੀ ਬਣਦਾ ਹੈ। ਅਜਿਹੀ ਤਣਾਅ ਭਰਪੂਰ ਸਥਿਤੀ ਕਿਸੇ ਵੀ ਮਨੁੱਖ ਲਈ ਮਨੋਵਿਗਿਆਨਕ ਉਲਝਣਾਂ ਵੀ ਪੈਦਾ ਕਰਦੀ ਹੈ, ਜੋ ਆਪਣੇ ਵਲੋਂ ਬੀਮਾਰੀਆਂ ਨੂੰ ਜਾਣਦੇ-ਬੁੱਝਦੇ ਹੋਏ ਆਪ ਹੀ ਸੱਦਾ ਦੇਣਾ ਵੀ ਹੁੰਦਾ ਹੈ ਅਤੇ ਸਮਾਜ ਅੰਦਰ ਬੀਮਾਰ ਸੋਚ ਦਾ ਸੰਚਾਰ ਕਰਨਾ ਵੀ ਹੁੰਦਾ ਹੈ। ਮਨੁੱਖ ਦਾ ਕੀਤਾ ਹਰ ਕਰਮ ਸਮਾਜ ਨੂੰ ਅਤੇ ਸਮਾਜ ਦੇ ਲੋਕਾਂ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ ਉਹ ਭਾਵੇਂ ਥੋੜੇ ਚਿਰ ਵਾਸਤੇ ਹੋਵੇ ਜਾਂ ਫੇਰ ਲੰਬੇ ਸਮੇਂ ਵਾਸਤੇ। ਮਨੁੱਖ ਇਹਨੂੰ ਸਮਝੇ ਜਾਂ ਨਾ ਸਮਝੇ ਇਸ ਨਾਲ ਫਰਕ ਨਹੀਂ ਪੈਂਦਾ। ਪਰ ਚੱਲਦੇ ਸਮੇਂ ਦੇ ਅੰਦਰ ਸਮਾਜ ਦੀ ਤੋਰ ਵਿਚ ਵਿਗਾੜ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ

ਇਹੋ ਹੀ ਫਰਕ ਹੁੰਦਾ ਹੈ ਕਿਸੇ ਦੂਰ ਅੰਦੇਸ਼ ਮਨੁੱਖ ਅਤੇ ਆਮ ਮਨੁੱਖ ਵਿਚ ਕਿ ਆਮ ਮਨੁੱਖ ਬਹੁਤ ਕਰਕੇ ਆਪਣੇ ਤੱਕ ਹੀ ਸੀਮਤ ਰਹਿੰਦਾ ਹੈ, ਆਪਣੇ ਹੀ ਨਫੇ-ਨੁਕਸਾਨ ਦਾ ਉਸਨੂੰ ਫਿਕਰ ਰਹਿੰਦਾ ਹੈ, ਜਦੋਂ ਕਿ ਜਗਿਆਸੂ ਅਤੇ ਜਾਗਦਾ ਮਨੁੱਖ ਆਪਣੇ ਕੀਤੇ ਕਰਮ ਦੇ ਸਿੱਟਿਆਂ ਵਜੋਂ ਸਮਾਜ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਵੀ ਫਿਕਰਮੰਦ ਹੁੰਦਾ ਹੈ। ਅਜਿਹਾ ਉਹ ਹੀ ਲੋਕ ਸੋਚ ਅਤੇ ਕਰ ਸਕਦੇ ਹਨ ਜੋ ਦੂਜਿਆਂ ਨੂੰ ਵੀ ਆਪਣਾ ਸਮਝਣ । ਕਹਿਣ ਦਾ ਭਾਵ ਮਨੁੱਖਤਾ ਵਾਸਤੇ ਫਿਕਰਮੰਦ ਹੋਣ। ਇਹ ਹਰ ਮਨੁੱਖ ਦੇ ਸਮਾਜ ਪ੍ਰਤੀ ਫਰਜ਼ਾ ਵਿਚ ਵੀ ਸ਼ਾਮਲ ਹੈ - ਜੇ ਨਹੀਂ ਹੈ ਤਾਂ ਹੋਣਾ ਚਾਹੀਦਾ ਹੈ। ਵਿਅਕਤੀਆਂ ਦਾ ਸਮੂਹ ਹੀ ਸਮਾਜ ਹੈ । ਸਮਾਜ ਵਿਚ ਰਹਿੰਦਾ ਹਰ ਮਨੁੱਖ ਸਮਾਜ ਦਾ ਅੰਗ ਹੈ। ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਜੇ ਕਿਸੇ ਵੀ ਅੰਗ ਵਿਚ ਕੋਈ ਨੁਕਸ ਪੈ ਜਾਵੇ ਤਾਂ ਕਸ਼ਟ ਸਾਰੇ ਸਮਾਜ ਨੂੰ ਸਹਿਣਾ ਪੈਂਦਾ ਹੈ।

ਅੱਜ ਦੇ ਸਮਾਜ ਦਾ ਮਨੁੱਖ ਬਹੁਤ ਸਾਰੇ ਪੱਖਾਂ ਵਿਚ ਅਗਾਂਹ ਜਾਣ ਦੀ ਥਾਵੇਂ ਜਾਂ ਤਾਂ ਇੱਕੋ ਥਾਵੇਂ ਖੜ੍ਹਾ ਨਜ਼ਰ ਆਉਂਦਾ ਹੈ ਜਾਂ ਪਿਛਾਂਹ ਵੱਲ ਝਾਕੀ ਜਾ ਰਿਹਾ ਹੈ। ਵਿਰਸੇ ਅਤੇ ਸੰਸਕਾਰਾਂ ਦੇ ਨਾਂ ਹੇਠ ਅਸੀਂ ਵਰਤਮਾਨ ਵਿਚ ਜੀਊਣ ਤੋਂ ਪਛੜ ਰਹੇ ਹਾਂ, ਬੀਤੇ ਹੋਏ ਕੱਲ੍ਹ ਵਿਚ ਰਹਿ ਗਈਆਂ ਘਾਟਾਂ ਤੋਂ ਸਿੱਖਣਾ ਚਾਹੀਦਾ ਹੈ। ਅੱਜ ਦਾ ਮਨੁੱਖ ਵਰਤਮਾਨ ਸਮੇਂ ਵਿਚ ਮੰਡੀ ਦੇ ਯੁੱਗ ਤੋਂ ਲੋੜੋਂ ਵੱਧ ਪ੍ਰਭਾਵਿਤ ਹੀ ਨਹੀਂ ਸਗੋਂ ਖੁਦ ਮੰਡੀ ਦਾ ਮਾਲ ਬਣ ਰਿਹਾ ਹੈ। ਇਸੇ ਕਰਕੇ ਹੀ ਅੱਜ ਦਾ ਮਨੁੱਖ ਸਾਡੀ ਆਉਣ ਵਾਲੀ ਪੀੜ੍ਹੀ ਵਾਸਤੇ ਕੋਈ ਨਵੀਂ ਪੈੜ ਪਾਉਣ ਵਿਚ ਕਾਮਯਾਬ ਨਹੀਂ ਹੋ ਰਿਹਾ। ਇਹ ਸਾਡਾ ਅੱਜ ਦਾ ਸਭ ਤੋਂ ਵੱਡਾ ਦੁਖਾਂਤ ਹੈ। ਇਸ ਸਵੈ ਸਿਰਜੇ ਰੋਗ ਵਲੋਂ ਸਭ ਤੋਂ ਵੱਧ ਬਚਿਆ ਜਾਣਾ ਚਾਹੀਦਾ ਹੈ। ਪਰ ਸਵਾਲ ਫੇਰ ਪੈਦਾ ਹੁੰਦਾ ਹੈ ਕਿ ਅਸੀਂ ਇਸ ਵਾਸਤੇ ਕੀ ਕਰ ਰਹੇ ਹਾਂ। ਕੀ ਕੁੱਝ ਕਰਨਾ ਵੀ ਚਾਹੁੰਦੇ ਹਾਂ ਜਾਂ ਨਹੀਂ। ਸਮਾਂ ਤਾਂ ਬਹੁਤ ਕੁੱਝ ਕਰਨ ਦੀ ਮੰਗ ਕਰ ਰਿਹਾ ਹੈ।

ਅੱਜ ਅਸੀਂ ਆਪਣੀ ਸੋਚ ਦੇ ਲਾਲਚ ਵਸ , ਆਪਣੀ ਹਉਮੈਂ ਨੂੰ ਤਕੜਿਆਂ ਕਰਨ ਵਿਚ ਯਕੀਨ ਰੱਖਦੇ ਹਾਂ ਜਿਸ ਨਾਲ ਅਸੀਂ ਨਿਮਰ ਹੋਣ ਦੀ ਥਾਂ ਘੁਮੰਡੀ ਹੁੰਦੇ ਜਾ ਰਹੇ ਹਾਂ, ਜਿਸਨੂੰ ਗੁਰਬਾਣੀ ਵਿਚ 'ਹਉਮੈਂ ਅਓਖਧ ਰੋਗ' ਕਿਹਾ ਗਿਆ ਹੈ। ਇਸ ਕਰਕੇ ਹੀ ਅਸੀਂ ਆਪਣੇ ਆਪ ਦਾ ਮੁੱਲ ਵੀ ਨਹੀਂ ਜਾਚ ਸਕਦੇ, ਖਾਹਮਖਾਹ ਅਸੀਂ ਉਹ ਕੁੱਝ ਦੱਸਣਾ ਚਾਹੁਣ ਲੱਗ ਪੈਂਦੇ ਹਾਂ ਜੋ ਕੁੱਝ ਅਸੀਂ ਹੁੰਦੇ ਹੀ ਨਹੀਂ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਜਿਹੜੀ ਅਸੀਂ ਅਕਸਰ ਭੁੱਲ ਜਾਂਦੇ ਹਾਂ ਜਾਂ ਚੇਤੇ ਨਹੀਂ ਰੱਖਣਾ ਚਾਹੁੰਦੇ ਕਿ ਨਕਲੀ ਚਿਹਰੇ ਅਸਲੀ ਵਰਗੇ ਦਿਸ ਤਾ ਸਕਦੇ ਹਨ ਪਰ ਹੋ ਨਹੀਂ ਸਕਦੇ। ਦਿਸਣ ਤੇ ਹੋਣ ਵਿਚ ਬੜਾ ਫਰਕ ਹੁੰਦਾ ਹੈ। ਜਿਸ ਮਨੁੱਖ ਕੋਲ 20 ਜਾਂ 50 ਕਿੱਲੋ ਭਾਰ ਚੁੱਕਣ ਦੀ ਸਮਰੱਥਾ ਹੋਵੇ ਜਦੋਂ ਉਹ ਆਪਣੇ ਆਪ ਨੂੰ ਗੱਲੀ-ਬਾਤੀਂ 100 ਕਿੱਲੋ ਚੁੱਕਣ ਵਾਲਾ ਹੋਣ ਦੀ ਫੜ੍ਹ ਮਾਰ ਰਿਹਾ ਹੁੰਦਾ ਹੈ ਤਾਂ ਸੁਣਨ ਵਾਲੇ ਕੋਈ ਟਿੱਪਣੀ ਕਰਨ ਦੀ ਥਾਂ ਹੱਸ ਕੇ ਗੱਲ ਟਾਲ ਦਿੰਦੇ ਹਨ ਜੇ ਕੋਈ ਸਮਝਣ ਵਾਲਾ ਹੋਵੇ ਤਾਂ ਲੋਕਾਂ ਦਾ ਇਹ ਮੁਸਕੜੀਆਂ ਹੱਸਿਆ ਹਾਸਾ ਉਸ ਗਲਤ ਬਿਆਨੀ ਕਰ ਰਹੇ ਮਨੁੱਖ ਤੇ ਬਿਨ ਬੋਲਿਆ ਬੜੀ ਵੱਡੀ ਟਿੱਪਣੀ ਹੁੰਦੀ ਹੈ। ਲੋੜ ਸਮਝਣ ਦੀ ਪੈਂਦੀ ਹੈ। ਜਿਸਨੂੰ ਨਕਲੀ ਚਿਹਰਿਆਂ ਵਾਲੇ ਜਾਣਦੇ ਹੋਏ ਵੀ ਅਣਗੌਲਿਆਂ ਕਰਨਾ ਪਸੰਦ ਕਰਦੇ ਹਨ। ਉਹ ਕਿਸੇ ਝੂਠ ਨਾਲ ਦਿਲ ਪ੍ਰਚਾਉਣ ਵਿਚ ਵਿਅਸਥ ਹੋ ਜਾਂਦੇ ਹਨ। ਸੱਚ ਉਨ੍ਹਾਂ ਦੀ ਪਕੜ ਵਿਚ ਫੇਰ ਨਹੀਂ ਆਉਂਦਾ। ਪਰ ਅਜਿਹੀ ਹਾਲਤ ਵਿਚ ਜਤਨ ਕਰਨਾ ਚਾਹੀਦਾ ਹੈ ਆਪਣਾ ਆਪਾ ਪਹਿਚਾਨਣ ਦਾ ਇਸ ਬਾਰੇ ਸੋਚਦਿਆਂ ਆਪਣੇ ਮਨ ਵਿਚ ਚੰਗੇ ਗੁਣ ਪੈਦਾ ਕਰਨ ਦਾ ਜ਼ਰੂਰ ਖਿਆਲ ਪੈਦਾ ਹੋਵੇਗਾ । ਇਸ ਤਰ੍ਹਾਂ ਦੇ ਖਿਆਲ ਜਦੋਂ ਵੀ ਮਨ ਵਿਚ ਆਉਣ ਤਾਂ ਬੰਦਾ ਭਵਿੱਖ ਨੂੰ ਚੰਗਾ ਬਨਾਉਣ ਬਾਰੇ ਵੀ ਜ਼ਰੂਰ ਸੋਚਦਾ ਹੈ। ਫੇਰ ਅਸੀਂ ਆਪਣੀ ਤੋਰ ਤੇ ਹੀ ਨਿਰਭਰ ਹੁੰਦੇ ਹਾਂ ਕਿ ਕਦੋਂ ਆਪਣੀ ਮੰਜ਼ਿਲ ਤੇ ਪਹੁੰਚਦੇ ਹਾਂ। ਇਸ ਹਾਲਤ ਵਿਚ ਕਦੇ ਵੀ ਮਨ ਵਿਚ ਹੰਕਾਰ ਨਹੀਂ ਉਪਜਣਾ ਚਾਹੀਦਾ। ਹਾਂ! ਹਰ ਕਿਸੇ ਨੂੰ ਆਪਣੀ ਕੀਤੀ ਮਿਹਨਤ ਤੇ ਮਾਣ ਜ਼ਰੂਰ ਹੋਣਾ ਚਾਹੀਦਾ ਹੈ, ਜੇ ਮਾਣ ਹੋਵੇਗਾ ਤਾਂ ਮਨੁੱਖ ਦਾ ਮਨ ਹੋਰ ਵੀ ਨਿਮਰਤਾ ਭਰਿਆ ਰਾਹ ਫੜੇਗਾ- ਮਨੁੱਖ ਦੇ ਮਨ ਵਿਚ ਹੋਰ ਵੀ ਸਹਿਣਸ਼ੀਲਤਾ ਦਾ ਵਾਸ ਹੋਵੇਗਾ। ਮਿਹਨਤ, ਨਿਮਰਤਾ ਅਤੇ ਮਿੱਠ ਬੋਲੜਾ ਸੁਭਾਅ ਜਦੋਂ ਰਲ ਕੇ ਚੱਲਣ ਤਾਂ ਪ੍ਰਾਪਤੀਆਂ ਦੂਰ ਨਹੀਂ ਰਹਿੰਦੀਆਂ। ਅਜਿਹੇ ਵੇਲਿਆਂ ਵਿਚ ਤਾਂ ਬਾਬੇ ਨਾਨਕ ਵਲੋਂ ਜੀਵਨ ਜਾਚ ਬਾਰੇ ਦਿੱਤੀ ਮੱਤ ਵੀ ਚੇਤੇ ਕਰਨੀ ਚਾਹੀਦੀ ਹੈ ਕਿ, 'ਮਿੱਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤੱਤ'। ਅਜਿਹੀ ਜੀਵਨ ਜਾਚ ਨਾਲ ਜੀਅ ਰਹੇ ਨਿਮਰ ਮਨੁੱਖ ਨੂੰ ਹਰ ਕੋਈ ਪਿਆਰਦਾ ਹੈ। ਮਨੁੱਖ ਦੀ ਬੋਲ ਬਾਣੀ ਹੀ ਉਸਦੀ ਪਰਖ ਕਰਵਾਉਂਦੀ ਹੈ, ਉਸਦਾ ਮਾਣ ਘਟਾਉਂਦੀ ਜਾਂ ਵਧਾਉਂਦੀ ਹੈ।

ਆਪਣੀ ਅਗਲੀ ਪੀੜ੍ਹੀ ਦੀਆਂ ਅਸੀਂ ਬਹੁਤ ਗੱਲਾਂ ਕਰਦੇ ਹਾਂ। ਲੋਕ ਠੱਗੀਆਂ-ਠੋਰੀਆਂ ਤੇ ਬੇਈਮਾਨੀਆਂ ਕਰਕੇ ਆਪਣੇ ਬੱਚਿਆਂ ਵਾਸਤੇ ਵੱਡੀਆਂ ਜਾਇਦਾਦਾਂ ਬਣਾਉਂਦੇ ਹਨ। ਕੀ ਮਾੜੇ ਧੰਦਿਆਂ ਦੇ ਆਸਰੇ ਬਣਾਈਆਂ ਜਾਇਦਾਦਾਂ ਸਾਨੂੰ ਸੱਚ ਨਾਲ ਜੁੜਨ ਤੋਂ ਰੋਕ ਨਹੀਂ ਦੇਣਗੀਆਂ? ਇਸ ਤਰ੍ਹਾਂ ਕਰਕੇ ਆਪਣੇ ਬੱਚਿਆਂ ਨੂੰ ਅਸੀਂ ਕਿਹੜੀ ਜੀਵਨ ਜਾਚ ਦੇ ਲੜ ਲਾ ਜਾਵਾਂਗੇ? ਇਸ ਕਰਕੇ ਕਹਿਣਾ ਇਹ ਹੀ ਬਣਦਾ ਹੈ ਕਿ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਜੇ ਕੁੱਝ ਦੇਣਾ ਹੋਵੇ ਤਾਂ ਹਿੰਮਤ ਅਤੇ ਹੌਸਲਾ ਦੇਈਏ, ਸੱਚੀ-ਸੁੱਚੀ ਕਿਰਤ ਦਾ ਸੱਭਿਆਚਾਰ ਦੇਈਏ, ਨਿਤਾਣੇ ਦੀ ਧਿਰ ਬਣਨ ਦੀ ਸੋਚ ਦੇਈਏ ਕਿ ਉਹ ਸਾਡੇ ਕੀਤੇ ਕੰਮਾਂ ਤੋਂ ਜ਼ਰੂਰ ਅੱਗੇ ਜਾਣ, ਉਹ ਸਾਡੀਆਂ ਪੈੜਾਂ ਵਿਚ ਪੈੜ ਧਰਨ ਦੇ ਆਦੀ ਨਾ ਹੋਣ ਇਸ ਦੇ ਥਾਂ ਆਪਣੀਆਂ ਰਾਹਾਂ ਆਪ ਤੈਅ ਕਰਨ, ਸਾਡੇ ਤੋਂ ਅੱਗੇ ਜਾਣ ਦਾ ਰਾਹ ਤਲਾਸ਼ਣ। ਸਮੇਂ ਅਨੁਸਾਰ ਆਪਣੀਆਂ ਨਵੀਆਂ ਪੈੜਾਂ ਪਾਉਣ ਕਿਉਂਕਿ ਉਹ ਸਾਡੇ ਯੁੱਗ ਤੋਂ ਅਗਲੇ ਯੁੱਗ ਦੇ ਵਾਸੀ ਹੋਣਗੇ। ਪਰ ਅਸੀਂ ਉਨ੍ਹਾਂ ਦੇ ਸਹਿਯੋਗੀ ਜ਼ਰੂਰ ਬਣੀਏਂ । ਇੱਥੇ ਦੋ ਗੱਲਾਂ ਖ਼ਲੀਲ ਜਿਬਰਾਨ ਦੀਆਂ ਚੇਤੇ ਆਉਂਦੀਆਂ ਹਨ ਉਹ ਬੱਚਿਆਂ ਬਾਰੇ ਗੱਲ ਕਰਦਿਆਂ ਆਖਦਾ ਹੈ :

ਭਾਵੇਂ ਬੱਚੇ ਤੁਹਾਡੇ ਅੰਗ ਸੰਗ ਰਹਿੰਦੇ ਹਨ ਪਰ ਉਹ ਤੁਹਾਡੀ ਮਲਕੀਅਤ ਨਹੀਂ ਹੁੰਦੇ।

ਬੇਸ਼ੱਕ ਤੁਸੀਂ ਆਪਣਾ ਪਿਆਰ ਉਨ੍ਹਾ ਉੱਤੇ ਨਿਛਾਵਰ ਕਰੋ ਪਰ ਆਪਣੇ ਵਿਚਾਰ ਉਨ੍ਹਾਂ ਉੱਤੇ ਨਾ ਮੜ੍ਹੋ।

ਤੁਸੀਂ ਜਤਨ ਕਰੋ ਉਨ੍ਹਾਂ ਵਰਗੇ ਬਣ ਜਾਵੋ ਪਰ ਉਨ੍ਹਾਂ ਨੂੰ ਆਪਣੇ ਵਰਗੇ ਬਨਾਉਣਾ ਨਾ ਲੋਚੋ।

ਕਿਉਂਕਿ ਜ਼ਿੰਦਗੀ ਪਿਛਾਂਹ ਨਹੀਂ ਝਾਕਦੀ ਨਾ ਹੀ ਬੀਤ ਚੁੱਕੇ ਕਲ੍ਹ ਨਾਲ ਕਦੇ ਖਲੋਂਦੀ ਹੈ

ਤੁਸੀਂ ਉਹ ਕਮਾਨ ਹੋ ਜੀਹਦੇ ਵਿਚੋਂ ਤੁਹਾਡੇ ਬੱਚੇ ਜੀਂਦੇ ਜਾਗਦੇ ਤੇ ਜੀਵਨ ਨਾਲ ਧੜਕਦੇ ਤੀਰਾਂ ਵਾਂਗ ਅੱਗੇ ਭੇਜੇ ਜਾਂਦੇ ਹਨ।

ਇਹੋ ਜਹੀਆਂ ਕੀਮਤੀ ਗੱਲਾਂ ਜਾਂ ਵਿਚਾਰ ਖਲੀਲ ਜਿਬਰਾਨ ਵਰਗਾ ਸਿਆਣਾ ਮਨੁੱਖ ਹੀ ਕਰ ਸਕਦਾ ਹੈ। ਅਸੀਂ ਪੜ੍ਹੀਏ ਤਾਂ ਸਈ। ਅਸੀਂ ਅਜਿਹੇ ਸੂਝਵਾਨਾਂ ਤੋਂ ਮੱਤ ਲੈ ਕੇ ਅੱਗੇ ਵਧਣ ਵਾਲੀ ਸੇਧ ਤੇ ਚੱਲੀਏ ਤਾਂ ਸਹੀ। ਜਦੋਂ ਇਸ ਰਾਹੇ ਅੱਗੇ ਵਧਾਂਗੇ ਤਾਂ ਸਿੱਟੇ ਆਪਣੇ ਆਪ ਸਾਡੇ ਹੱਕ ਵਿਚ ਹੋਣਗੇ।

ਬੱਚਿਆਂ ਬਾਰੇ ਅਜਿਹੇ ਮੁੱਲਵਾਨ ਵਿਚਾਰ ਸਾਨੂੰ ਪੜ੍ਹਦੇ ਰਹਿਣਾ ਚਾਹੀਦਾ ਹੈ। ਤਾਂ ਅਸੀਂ ਬਹੁਤ ਹੱਦ ਤੱਕ ਗਲਤੀ ਕਰਨ ਦੀ ਸੰਭਾਵਨਾ ਤੋਂ ਬਚ ਜਾਵਾਂਗੇ, ਬੱਚਿਆਂ ਦੇ ਸਭ ਤੋਂ ਪਹਿਲੇ ਰੋਲ ਮਾਡਲ ਜਾਂ ਕਹੀਏ ਪ੍ਰੇਰਨਾ ਸ੍ਰੋਤ/ਰਾਹ ਦਸੇਰੇ ਉਨ੍ਹਾਂ ਦੇ ਆਪਣੇ ਮਾਪੇ ਹੀ ਹੁੰਦੇ ਹਨ। ਇਸ ਕਰਕੇ ਸਭ ਤੋਂ ਵੱਡੀ ਜ਼ੁੰਮੇਵਾਰੀ ਵੀ ਮਾਪਿਆਂ ਦੀ ਹੀ ਬਣਦੀ ਹੈ ਕਿ ਮਾਪੇ ਆਪ ਅਜਿਹਾ ਕੋਈ ਕੰਮ ਨਾ ਕਰਨ ਜਿਸ ਤੋਂ ਉਹ ਆਪਣੇ ਬੱਚਿਆਂ ਨੂੰ ਵਰਜਦੇ ਹੋਣ। ਇਸ ਤਰ੍ਹਾਂ ਅਮਲ ਵਿਚ ਬੱਚੇ ਜੋ ਦੇਖਣਗੇ ਉਨ੍ਹਾਂ ਨੂੰ ਪ੍ਰੇਰਿਆ ਜਾਵੇ ਤਾਂ ਉਹ ਆਪਣੀ ਜ਼ਿੰਦਗੀ ਵਿਚ ਉਨ੍ਹਾਂ ਗੱਲਾਂ ਨੂੰ ਜ਼ਰੂਰ ਅਪਨਾਉਣਗੇ। ਇੱਥੇ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਝੂਠ ਬੋਲਣਾ, ਨਸ਼ੇ ਕਰਨੇ, ਓਹਲੇ ਵਾਲੇ ਗੈਰ ਇਖ਼ਲਾਕੀ ਕੰਮ, ਮਰਦਾਂ ਵਲੋਂ ਔਰਤਾਂ ਤੇ ਹੱਥ ਚੁੱਕਣਾ ਅਤੇ ਹੋਰ ਬਹੁਤ ਕੁੱਝ, ਇਸ ਸਭ ਕਾਸੇ ਤੋਂ ਸਾਨੂੰ ਪਾਸੇ ਰਹਿਣਾ ਚਾਹੀਦਾ ਹੈ। ਜਦੋਂ ਅਸੀ ਸਾਫ ਸੁਥਰੀ ਜ਼ਿੰਦਗੀ ਜੀਊਣ ਦੇ ਰਾਹੇ ਤੁਰਦੇ ਹੋਵਾਂਗੇ ਤਾਂ ਸਹਿਜ ਜਹੇ ਇਸ ਵਰਤਾਰੇ ਨਾਲ ਅਸੀਂ ਆਪਣੇ ਬੱਚਿਆਂ ਨੂੰ ਵੀ ਬਹੁਤ ਹੀ ਮੁੱਲਵਾਨ ਤੇ ਸੱਚੀਆਂ ਸੁੱਚੀਆਂ ਇਨਸਾਨੀ ਕਦਰਾਂ-ਕੀਮਤਾਂ ਦੇ ਲੜ ਲਾ ਸਕਦੇ ਹਾਂ। ਇਹਦੇ ਵਾਸਤੇ ਮਿਹਨਤ ਇੰਨੀਂ ਹੀ ਕਰਨੀ ਪੈਂਦੀ ਹੈ ਕਿ ਅਸੀਂ ਝੂਠ ਤੇ ਕਿਸੇ ਵੀ ਗੈਰ-ਨੈਤਿਕ ਅਤੇ ਓਹਲੇ ਵਾਲੀ ਜ਼ਿੰਦਗੀ ਜੀਊਣ ਤੋਂ ਇਨਕਾਰੀ ਰਹੀਏ। ਅਜਿਹੀ ਨਕਲੀ ਕਿਸਮ ਦੀ ਜ਼ਿੰਦਗੀ ਜੀਊਂਦੇ ਲੋਕ ਆਪਣੇ ਬੱਚਿਆਂ ਨੂੰ ਕਿਸੇ ਮਾੜੇ ਕੰਮੋਂ ਵਰਜਣ ਦੇ ਹੱਕਦਾਰ ਨਹੀਂ ਹੁੰਦੇ। ਉਨ੍ਹਾਂ ਦੇ ਕਹੇ ਦਾ ਲੋਕਾਂ ਤੇ ਵੀ ਉੱਨਾ ਹੀ ਅਸਰ ਹੁੰਦਾ ਹੈ ਜਿਵੇਂ ਧਰਮ ਨੂੰ ਵੇਚਣ ਵਾਲੇ ਕਿਸੇ ਪਾਖੰਡੀ ਬਾਬੇ (ਧਰਮ ਦੇ ਧੰਦੇ ਵਾਲੇ ਦੁਕਾਨਦਾਰ) ਦਾ ਧਾਰਮਕ ਸਿਖਿਆਵਾਂ ਬਾਰੇ ਕੀਤਾ ਝੂਠਾ ਤੇ ਗੁਮਰਾਹਕੁਨ ਵਿਖਿਆਨ ਅਤੇ ਵੰਡੇ ਜਾਂ ਵੇਚੇ ਜਾ ਰਹੇ ਝੂਠੇ ਪ੍ਰਵਚਨ।

ਸਾਨੂੰ ਜਤਨ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੀ ਕੋਈ ਵੀ ਗੱਲ ਮਨਵਾਉਣ ਤੋਂ ਪਹਿਲਾਂ ਕਿਸੇ ਦੂਸਰੇ ਦੀ ਗੱਲ ਸੁਣਨ ਦਾ ਜਤਨ ਕਰੀਏ। ਫੇਰ ਕਿਸੇ ਦੂਸਰੇ ਨੂੰ ਹੀਣਾ ਜਾਂ ਛੋਟਾ ਕਰਨ ਬਾਰੇ ਅਸੀਂ ਆਪਣੀਆਂ ਘੜੀਆਂ ਹੋਈਆਂ ਘਟੀਆਂ ਧਾਰਨਾਵਾਂ ਨੂੰ ਅਮਲ ਵਿਚ ਲਿਆਉਣ ਤੋਂ ਬਚ ਜਾਵਾਂਗੇ। ਪਰ ਅਜਿਹੇ ਕਾਰਜ ਕਰਨ ਵਾਸਤੇ ਲੋੜ ਪੈਂਦੀ ਹੈ ਕਿਸੇ ਵੀ ਦੂਸਰੇ ਦੀਆਂ ਗੱਲਾਂ ਨੂੰ ਸਹਿਣਸ਼ੀਲਤਾ ਭਰੇ ਸ਼ਾਂਤ ਮਨ ਨਾਲ ਸੁਣੇ ਤੇ ਵਿਚਾਰੇ ਜੇ ਮਨ ਲੱਗੇ ਤਾਂ ਅਪਣਾਵੇ ਵੀ। ਨਹੀਂ ਤਾਂ ਦਲੀਲ ਨਾਲ ਨਿਮਰਤਾ ਸਹਿਤ ਇਨਕਾਰ ਵੀ ਕੀਤਾ ਜਾ ਸਕਦਾ ਹੈ। ਆਪਣੀ ਇੱਜਤ ਕਰਵਾਉਣ ਦਾ ਰਾਹ ਇਕ ਹੀ ਹੈ ਕਿ ਅਸੀਂ ਦੂਸਰਿਆਂ ਦੀ ਇੱਜਤ ਕਰਨੀ ਸਿੱਖੀਏ ਤਾਂ ਲੋਕ ਆਪਣੇ ਆਪ ਸਾਡੀ ਇੱਜਤ ਕਰਨ ਲੱਗ ਪੈਣਗੇ ਪਰ ਜੇ ਕਿਸੇ ਨੂੰ ਦੁਰਭਾਵਨਾ ਤਹਿਤ ਕੌੜੇ ਬੋਲ ਬੋਲੇ ਜਾਣਗੇ ਤਾਂ ਬਦਲੇ ਵਿਚ ਕੋਈ ਵੀ ਸਦਭਾਂਵਨਾ ਵਾਲੇ ਖੰਡ-ਪਤਾਸੇ ਸਾਡੇ ਮੂੰਹ ਵਿਚ ਨਹੀਂ ਪਾਉਣ ਲੱਗਾ। ਇਸ ਵਾਸਤੇ ਮਨੁੱਖ ਦਾ ਸਹਿਣਸ਼ੀਲ ਹੋਣਾ ਜ਼ਰੂਰੀ ਹੁੰਦਾ ਹੈ। ਸਹਿਣਸ਼ੀਲ ਹੋਣਾ ਕਿਸੇ ਦੂਸਰੇ ਦੇ ਥੱਲੇ ਲੱਗਣਾ ਨਹੀਂ ਹੁੰਦਾ ਸਗੋਂ ਇਹ ਬਰਾਬਰੀ ਦੇ ਮਾਣਮੱਤੇ ਰਿਸ਼ਤੇ ਕਾਇਮ ਕਰਨ ਵਾਲਾ ਸਾਊ ਰਾਹ ਬਣ ਜਾਂਦਾ ਹੈ।

ਜਿਹੜੇ ਲੋਕ ਹਉਮੈਂ ਦੇ ਸ਼ਿਕਾਰ ਹੋਣ ਉਨ੍ਹਾਂ ਨੂੰ ਇਹ ਗੱਲ ਕਦੀਂ ਵੀ ਨਹੀਂ ਭੁੱਲਣੀ ਚਾਹੀਦੀ ਸਗੋਂ ਹਰ ਵੇਲੇ ਚੇਤੇ ਰੱਖਣੀ ਚਾਹੀਦੀ ਹੈ ਕਿ ਕਿਧਰਿਉਂ ਉਧਾਰੇ ਲਏ ਜਾਂ ਚੋਰੀ ਕੀਤੇ ਕਿਸੇ ਦੇ ਵਿਚਾਰ ਜਾਂ ਕਿਸੇ ਦੂਸਰੇ ਤੋਂ ਮੰਗ ਕੇ ਪਾਏ ਹੋਏ ਕੱਪੜਿਆਂ ਵਰਗੇ ਹੀ ਹੁੰਦੇ ਹਨ। ਕਦੇ ਵੀ ਇਨ੍ਹਾਂ ਨੂੰ ਆਪਣੇ ਨਹੀਂ ਕਹਿਣਾ ਚਾਹੀਦਾ, ਇਨ੍ਹਾਂ ਦਾ ਭੇਦ ਕਦੇ ਵੀ ਖੁੱਲ੍ਹ ਸਕਦਾ ਹੈ ਫੇਰ ਸ਼ਰਮਿੰਦਗੀ ਹੰਢਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ।

ਇਹ ਸ਼ਰਮਿੰਦਗੀ ਹੋਰ ਕੁੱਝ ਦੇਵੇ ਜਾਂ ਨਾ ਦੇਵੇ ਹਾਂ ਜਿੰਦਗੀ ਨੂੰ ਵਿਗੋਚੇ ਵਰਗਾ ਕੁੱਝ ਜ਼ਰੂਰ ਦੇ ਜਾਵੇਗੀ, ਇਹੀ ਵਿਗੋਚਾ ਕੋਈ ਰੋਗ ਵੀ ਬਣ ਸਕਦਾ ਹੈ, ਕਈ ਵਾਰ ਇਹ ਉਦਾਸੀ ਬਣ ਫੈਲਦਾ ਹੀ ਚਲਿਆ ਜਾਂਦਾ ਹੈ। ਇਸ ਰੋਗ ਤੋਂ ਬਚਣ ਦਾ ਰਾਹ ਹੈ ਕਿ ਅਸੀਂ ਆਪਣੇ ਬੋਧ ਦਾ ਦਾਇਰਾ ਵਧਾਈਏ ਜੇ ਇਹ ਕੁੱਝ ਨਹੀਂ ਕਰ ਸਕਦੇ ਫੇਰ ਚੰਗਾ ਹੋਵੇ ਕਿ ਗਿਆਨ ਦੀ ਸੀਮਾ ਵਿਚ ਹੀ ਰਹੀਏ ਕਿਉਂਕਿ ਸਾਡੀ ਸਮਰੱਥਾ ਬਾਰੇ ਸਾਡੇ ਵਾਕਿਫ, ਮਿੱਤਰ-ਦੋਸਤ, ਰਿਸ਼ਤੇਦਾਰ ਤੇ ਸਕੇ-ਸਬੰਧੀ ਸਾਰੇ ਜਾਣਦੇ ਹੀ ਹੁੰਦੇ ਹਨ। ਆਪਣਿਆਂ ਨੂੰ ਭੁਲੇਖੇ ਪਾਉਣ ਦੇ ਜਤਨ ਉਨ੍ਹਾ ਦੀ ਤੌਹੀਨ ਜਾਂ ਬੇਇਜ਼ਤੀ ਕਰਨ ਦੇ ਬਰਾਬਰ ਹੀ ਹੁੰਦਾ ਹੈ। ਇਸੇ ਨੂੰ ਹੀ ਤਾਂ ਨਕਲੀ ਜ਼ਿੰਦਗੀ ਜੀਊਣਾ ਕਿਹਾ ਜਾਂਦਾ ਹੈ।

ਜਿਵੇਂ ਆਮ ਕਿਹਾ ਜਾਂਦਾ ਹੈ ਕਿ ਕੋਈ ਵੀ ਮਨੁੱਖ ਸੰਪੂਰਨ ਨਹੀਂ ਹੁੰਦਾ । ਇਸ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਦੀ ਵੀ ਨਿੰਦਿਆ ਕਰਨ ਤੋਂ ਪਹਿਲਾਂ ਸਾਨੂੰ ਆਪਣੀ ਮਾਂ ਬੋਲੀ ਪੰਜਾਬੀ ਦੇ ਪਹਿਲੇ ਕਵੀ ਬਾਬਾ ਸ਼ੇਖ ਫਰੀਦ ਦੇ ਮੱਤ ਦਿੰਦੇ ਇਹ ਸ਼ਬਦ ਨਹੀਂ ਭੁਲਾਣੇ ਚਾਹੀਦੇ ਕਿ :

ਜੇ ਤੂੰ ਅਕਲਿ ਲਤੀਫ ਹੈ
ਕਾਲੇ ਲਿਖ ਨਾ ਲੇਖ
ਆਪਨੜੈ ਗਿਰਿਵਾਨ ਮਹਿ
ਸਿਰ ਨੀਵਾਂ ਕਰਿ ਦੇਖ

ਜੇ ਇਸ ਦਾ ਸਿੱਧਾ ਜਿਹਾ ਅਰਥ ਕਰਨਾ ਹੋਵੇ ਤਾਂ ਇਹ ਹੀ ਬਣਦਾ ਹੈ ਕਿ ਜੇ ਅਸੀਂ ਕਿਸੇ ਵੱਲ ਇੱਕ ਉਂਗਲ ਚੁੱਕਦੇ ਹਾਂ ਤਾਂ ਤਿੰਨ ਉਂਗਲਾ ਸਾਡੇ ਆਪਣੇ ਵੱਲ ਇਸ਼ਾਰਾ ਕਰਦੀਆਂ ਹਨ, ਆਪਣੇ ਗਿਰੀਵਾਨ (ਬੁੱਕ਼ਲ) ਵਿਚ ਝਾਕ ਲੈਣਾ ਜ਼ਰੂਰੀ ਬਣ ਜਾਂਦਾ ਹੈ। ਇਸ ਕਰਕੇ ਕਿਸੇ ਨੂੰ ਕੁੱਝ ਕਹਿਣ ਤੋਂ ਪਹਿਲਾਂ ਆਪਣੇ ਪੱਲੇ ਵਿਚ ਝਾਤ ਮਾਰ ਲੈਣੀ ਚਾਹੀਦੀ ਹੈ।

ਇਹ ਤਿੰਨ ਉਂਗਲਾਂ ਸਾਨੂੰ ਆਪਣੀ ਪੜਚੋਲ ਕਰਦਿਆਂ ਤੋਲਵੇਂ ਸ਼ਬਦਾਂ ਦੇ ਉਚਾਰਣ ਦਾ ਸਬਕ ਦਿੰਦੀਆਂ ਹਨ। ਇਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਇਹ ਬਹੁਤ ਹੀ ਸੌਖਾ ਹੈ ਕਿ ਅਸੀਂ ਮਾਣਭਰੀ ਤੇ ਇੱਜਤ ਭਰੀ ਜ਼ਿੰਦਗੀ ਜੀਉਣ ਲਈ ਆਪਣੇ ਆਪੇ ਨੂੰ ਆਕੜ, ਧੌਂਸ ਵਰਗੇ ਵਤੀਰਿਆਂ ਤੋਂ ਬਚਾਈਏ ਇਹ ਸਾਊ ਲੋਕਾਂ ਨੂੰ ਨਹੀ ਸੋਭਦਾ - ਜ਼ਿੰਦਗੀ ਨੂੰ ਸਹਿਣਸ਼ੀਲ ਹੋਣ ਦੇ ਰਾਹੇ ਤੋਰੀਏ ਤਾਂ ਦੁਨੀਆਂ ਬਿਨ ਮੰਗਿਆਂ ਪ੍ਰਸ਼ੰਸਾ ਭਰੀ ਖੁਸ਼ੀ ਤੁਹਾਡੇ ਪੱਲੇ ਵਿਚ ਪਾਵੇਗੀ।

ਆਪਣੇ ਹੀ ਨਹੀਂ ਪਰਾਏ ਵੀ ਤੁਹਾਡੇ ਆਪਣੇ ਹੋ ਜਾਣਗੇ। ਇਹ ਜੀਵਨ ਜਾਚ ਤੁਹਾਡੇ ਵਾਸਤੇ ਸੌਗਾਤ ਸਾਬਤ ਹੋ ਸਕਦੀ ਹੈ। ਇਸ ਤਰ੍ਹਾਂ ਦੇ ਰਾਹ ਵਿਚੀਂ ਲੰਘਦਿਆਂ ਸਾਨੂੰ ਕਿਸੇ ਅਗਲੇ ਨਕਲੀ ਸਵਰਗ ਦੀ ਲੋੜ ਨਹੀਂ ਪਵੇਗੀ ਇਹ ਧਰਤੀ ਅਤੇ ਇਹ ਜੀਵਨ ਸਾਡੇ ਵਾਸਤੇ ਸਵਰਗ ਤੋਂ ਘੱਟ ਨਹੀਂ ਹੋਣਗੇ। ਪਰ ਜੀਵਨ ਜਾਚ ਅਪਨਾਉਣ ਲੱਗਿਆ ਮਾਣ ਭਰੀਆਂ ਸੱਚੀਆਂ-ਸੁੱਚੀਆਂ, ਪਿਆਰ, ਮੋਹ-ਮੁਹੱਬਤ ਤੇ ਨਿਮਰਤਾ ਭਰੀਆਂ ਇਨਸਾਨੀ ਕਦਰਾਂ-ਕੀਮਤਾਂ ਦਾ ਸੁੱਚੇ ਮੋਤੀਆਂ ਦੇ ਗਹਿਣਿਆਂ ਜਿੰਨਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ।

---

## 'ਸਰਬੱਤ ਦਾ ਭਲਾ'

(ਮੌਲਿਕ ਰਚਨਾ)

ਬਬੀਤਾ
91-94632-23164



ਅੱਜ ਮੇਰੇ ਸਾਹਮਣੇ ਤਿੰਨ ਅਖਬਾਰਾ ਪਈਆ ਸਨ ਤਿੰਨਾ ਵਿੱਚ ਇੱਕ ਖਬਰ ਪ੍ਰਮੁੱਖਤਾ ਨਾਲ ਛਾਪੀ ਗਈ ਸੀ। ਇਹ ਸੀ ਕਿ ਕੇਰਲ ਵਿੱਚ 'ਖਾਲਸਾ ਏਡ ਇੰਟਰਨੈਸ਼ਨਲ' ਨਾ ਦੀ ਜਥੇਬੰਦੀ ਦੁਆਰਾ ਹੜ੍ਹਾ ਤੋ ਪ੍ਰਭਾਵਿਤ ਲੋਕਾ ਲਈ ਸਭ ਤੋ ਪਹਿਲਾ ਪਹੁੰਚ ਕੇ ਲੰਗਰ ਲਾਇਆ ਗਿਆ। ਜਦੋਕਿ ਦੇਸ਼ ਦੇ ਕੁੱਝ ਦਾਨਿਸ਼ਬੰਦ ਅਜੇ ਫੋਕੀ ਬਿਆਨਬਾਜੀ ਹੀ ਕਰ ਰਹੇ ਸਨ। ਬਰਤਾਨੀਆ ਤੋ ਸ਼ੁਰੂ ਹੋਈ ਇਹ ਸਿੱਖ ਸਮਾਜ ਸੇਵੀ ਸੰਸਥਾ ਅੱਜ ਦੁਨੀਆ ਭਰ ਵਿੱਚ ਜਾਣੀ ਜਾਂਦੀ ਹੈ। ਗੱਲ ਡੇਢ ਕੁ ਸਾਲ ਪਹਿਲਾ ਦੀ ਹੈ ਜਦੋ ਮੈ ਐਨ.ਡੀ.ਟੀ.ਵੀ. ਦੇ ਪ੍ਰਾਈਮ ਟਾਈਮ ਪ੍ਰੋਗਰਾਮ ਵਿੱਚ ਦੋ ਸਿੱਖ ਨੋਜੁਆਨਾ ਨੂੰ ਗੱਲਾ ਕਰਦੇ ਸੁਣਿਆ ਕਿ, "ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਹਿੰਦੂ ਧਰਮ ਲਈ ਆਪਣਾ ਬਲੀਦਾਨ ਦਿੱਤਾ। ਭਾਈ ਘਨ੍ਹਈਆ ਜੀ ਨੇ ਯੁੱਧ ਵਿੱਚ ਦੁਸ਼ਮਣਾ ਨੂੰ ਵੀ ਪਾਣੀ ਪਿਲਾਇਆ।ਹੁਣ ਅਸੀ ਕਿਵੇ ਬੈਠੇ ਰਹਿ ਸਕਦੇ ਸੀ, ਤੇ ਸਾਡੇ ਗੁਰੂ ਸਾਹਿਬ ਸਾਨੂੰ ਕਿਵੇ ਮੁਆਫ ਕਰਦੇ, ਜੇ ਅਸੀ ਲੋੜਵੰਦਾ ਦੀ ਸਹਾਇਤਾ ਨਾ ਕਰਦੇ"ਇਹ ਗੱਲਾ ਕਰ ਰਹੇ ਸੀ 'ਖਾਲਸਾ ਏਡ ਇੰਟਰਨੈਸ਼ਨਲ' ਨਾਂ ਦੀ ਜਥੇਬੰਦੀ ਦੇ ਵਲੰਟੀਅਰ ਤੇ ਗੱਲ ਚੱਲ ਰਹੀ ਸੀ ਰੋਹਿੰਗੀਆ ਮੁਸਲਮਾਨਾ ਦੀ ਜਿਨ੍ਹਾਂ ਦੀ ਮੱਦਦ ਲਈ ਇਸ ਜਥੇਬੰਦੀ ਨੇ ਬੰਗਲਾਦੇਸ਼ ਵਿੱਚ ਜਾ ਕੇ ਲੰਗਰ ਲਾਇਆ।ਜਿੱਥੇ ਕਈ ਦਿਨਾਂ ਤੋ ਭੁੱਖੇ ਲੋਕ ਆ ਕੇ ਉੱਤਰ ਰਹੇ ਸੀ ਉੱਥੇ ਲੰਗਰ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਹਨਾਂ ਦੇ ਦੱਸਣ ਮੁਤਾਬਿਕ ਸ਼ਰਨਾਰਥੀਆਂ ਦੀ ਹਾਲਤ ਬਹੁਤ ਹੀ ਤਰਸਯੋਗ ਸੀ। ਕੁੱਝ ਲੋਕ ਕੈਂਪਾ ਵਿੱਚ ਰੁਕੇ ਹੋਏ ਸਨ ਉਹਨਾਂ ਨੂੰ ਸਥਾਨਕ ਲੋਕ ਥੋੜਾ ਬਹੁਤ ਸੁੱਕਾ ਸੀਧਾ (ਅਣਪੱਕਿਆ ਭੋਜਨ ) ਦੇ ਰਹੇ ਸਨ ਪ੍ਰੰਤੂ ਜਦੋ ਲੋਕਾ ਨੇ ਇਸ ਜਥੇਬੰਦੀ ਦੇ ਕਾਰਕੁਨਾਂ ਨੂੰ ਭੋਜਨ ਬਣਾ ਕੇ ਛਕਾਉਂਦੇ ਹੋਏ ਵੇਖਿਆ ਤਾਂ ਆਸਪਾਸ ਦੇ ਲੋਕ ਵੀ ਮੱਦਦ ਲਈ ਆਏ। ਕੁੱਝ ਲੋਕਾ ਨੇ ਤਾ ਕਈ ਕੁਇੰਟਲ ਚਾਵਲ, ਦਾਲਾਂ ਆਦਿ ਵੀ ਦਿੱਤੀਆਂ। ਸਥਾਨਕ ਲੋਕਾਂ ਵੱਲੋ ਦਿਖਾਏ ਸਹਿਯੋਗ ਨਾਲ ਇਹਨਾਂ ਦਾ ਹੌਂਸਲਾ ਹੋਰ ਵੀ ਵਧ ਗਿਆ ਪ੍ਰੰਤੂ ਕੁੱਝ ਲੋਕਾਂ ਦੀ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ। ਉਹਨਾਂ ਮੁਤਾਬਿਕ ਇਹ ਲੋਕ ਆਤੰਕਵਾਦੀ ਹਨ ਇਹਨਾ ਦੀ ਮੱਦਦ ਕਰਨ ਦੀ ਕੋਈ ਤੁਕ ਨਹੀਂ ਬਣਦੀ। ਅਸੀ ਉਹਨਾਂ ਨੂੰ ਸਮਝਾਇਆ ਕਿ ਭੁੱਖੇ ਲੋਕਾ ਨੂੰ ਲੰਗਰ ਛਕਾਉਣਾ ਸਾਡਾ ਧਰਮ ਵੀ ਹੈ ਤੇ ਫਰਜ਼ ਵੀ।

ਬਾਕੀ ਤਾਂ ਸਰਕਾਰਾਂ ਨੇ ਵੇਖਣਾ ਅਸੀ ਰਾਜਨੀਤਿਕ ਤੌਰ ਤੇ ਕੁੱਝ ਨਹੀ ਬੋਲਾਂਗੇ। ਜਿਵੇਂ ਹੀ ਉਹਨਾਂ ਤੋ ਸੁਆਲ ਪੁੱਛੇ ਜਾ ਰਹੇ ਸੀ ਮੇਰੀ ਜਗਿਆਸਾ ਉਹਨਾਂ ਪ੍ਰਤੀ ਹੋਰ ਵੀ ਤੇਜ ਹੁੰਦੀ ਜਾ ਰਹੀ ਸੀ। ਉਹਨਾਂ ਇੱਕ ਉਦਾਹਰਨ ਹੋਰ ਦਿੱਤੀ ਕਿ ਸਹਾਰਨਪੁਰ ਦੰਗਿਆਂ ਦੌਰਾਨ ਸੜੀਆਂ ਦੁਕਾਨਾਂ ਜਿਹਨਾਂ ਵਿੱਚੋਂ ਕਰੀਬ 70% ਹਿੰਦੂਆ ਦੀਆਂ ਸਨ।ਜਦੋ ਉਹਨਾ ਉੱਥੇ ਜਾ ਕੇ ਵੇਖਿਆ ਲੋਕਾਂ ਦੇ ਕਰੋੜਾ ਦੇ ਬਿਜਨਸ ਰਾਤੋਂ ਰਾਤ ਸੜ੍ਹ ਕੇ ਸੁਆਹ ਹੋ ਗਏ।ਰੁਪਏ/ਪੈਸੇ ਦੀ ਸਹਾਇਤਾ ਤਾਂ ਇਸ ਜਥੇਬੰਦੀ ਵੱਲੋ ਜਿਆਦਾ ਨਹੀ ਹੋ ਸਕਦੀ ਸੀ।ਸਭ ਤੋਂ ਪਹਿਲਾਂ ਇਹਨਾ ਨੇ ਹੱਥਾ ਵਿੱਚ ਝਾੜੂ ਫੜ ਕੇ ਉਹਨਾਂ ਦੀਆ ਦੁਕਾਨਾਂ ਦੀ ਸਫਾਈ ਕਰਨੀ ਸ਼ੁਰੂ ਕਰ ਦਿੱਤੀ। ਫਿਰ ਦੁਕਾਨਾਂ ਦੀਆ ਕੰਧਾਂ ਉੱਤੇ ਪੇਂਟ ਕਰਨਾ ਸ਼ੁਰੂ ਕੀਤਾ। ਇਸਦੇ ਨਾਲ ਦੁਕਾਨਦਾਰਾ ਵਿੱਚ ਵੀ ਖੜੇ ਹੋਣ ਦੀ ਹਿੰਮਤ ਆਈ।ਕੁੱਝ ਬੰਦਿਆ ਨੇ ਮਾਲੀ ਸਹਾਇਤਾ ਵੀ ਕੀਤੀ। ਦੁਕਾਨਦਾਰਾਂ ਨੇ ਇਹਨਾਂ ਨੂੰ ਕਿਹਾ ਤੁਸੀ ਸਾਡੀਆ ਕੰਧਾ ਨਹੀ ਸਾਡੇ ਦਿਲ ਪੇਂਟ ਕੀਤੇ ਹਨ।

ਮੈਨੂੰ ਵਲੰਟੀਅਰਾਂ ਦੀਆ ਗੱਲਾ ਸੁਣ ਕੇ 9ਵੀਂ ਕਲਾਸ ਵਿੱਚ ਪੜਾਈ ਕਵਿਤਾ 'ਹਮਦਰਦੀ' ਯਾਦ ਆਈ ਕਿ ਜੇ ਤੁਹਾਡੇ ਕੋਲ ਕੁੱਝ ਵੀ ਨਹੀ ਤਾਂ ਵੀ ਤੁਸੀ ਆਪਣੀ ਹਮਦਰਦੀ ਅਤੇ ਆਪਣੇ ਹੱਥਾ ਨਾਲ ਕੰਮ ਕਰਕੇ ਦੂਸਰੇ ਵਿਅਕਤੀ ਦੀ ਤਕਲੀਫ਼ ਦੂਰ ਕਰ ਸਕਦੇ ਹੋ।

ਕੁੱਝ ਗੱਲਾ ਇਹਨਾ ਨੌਜੁਆਨਾਂ ਨੇ ਆਪਣੀ ਜੱਥੇਬੰਦੀ ਬਾਰੇ ਵੀ ਸਾਂਝੀਆ ਕੀਤੀਆਂ। ਇਹਨਾਂ ਮੁਤਾਬਿਕ ਜੋ ਵਲੰਟੀਅਰ ਇਹਨਾਂ ਦੀ ਜੱਥੇਬੰਦੀ ਨਾਲ ਜੁੜੇ ਹੋਏ ਹਨ ਉਹਨਾ ਦੇ ਜਾਂ ਤਾ ਬਿਜਨਸ ਹਨ ਜਾਂ ਨੌਕਰੀਆਂ ਵਾਲੇ ਹਨ।ਜਦ ਕਿਤੇ ਵੀ ਕੋਈ ਆਪਦਾ (ਮੁਸੀਬਤ) ਆਉਂਦੀ ਹੈ ਤਾਂ ਇਹ ਛੁੱਟੀ ਲੈ ਕੇ ਉੱਥੇ ਲੰਗਰ ਲਗਾਉਣ ਲਈ ਪੰਹੁਚਦੇ ਹਨ। ਦੇਸ਼-ਵਿਦੇਸ਼ ਦੇ ਦੂਰ ਦੁਰਾਡੇ ਹਿੱਸਿਆਂ ਵਿੱਚ ਇਹ ਲੰਗਰ ਲਾਉਣ ਜਾਂਦੇਂ ਹਨ।ਇਸ ਜੱਥੇਬੰਦੀ ਦੇ ਹੈੱਡ ਰਵੀ ਸਿੰਘ ਨੇ ਆਪਣੇ ਫੇਸ ਬੁੱਕ ਪੇਜ਼ ਤੇ ਪਾਇਆ ਹੈ ਕਿ ਜੇ ਇਸ ਤਰਾਂ ਦੇ ਕਿਸੇ ਮਿਸ਼ਨ ਵਿੱਚ ਮੇਰੀ ਜਾਨ ਵੀ ਚਲੀ ਜਾਵੇ ਤਾਂ ਕਿਸੇ ਧਰਮ ਵਿਸ਼ੇਸ਼ ਨੂੰ ਦੋਸ਼ ਨਾ ਦੇਣਾ। "ਮਜਹਬ ਨਹੀ ਸਿਖਾਤਾ ਆਪਸ ਮੇ ਵੈਰ ਰਖਨਾ" ਇਹ ਸਤਰਾ ਮੇਰੇ ਕੰਨਾ ਵਿੱਚ ਗੂੰਜਣ ਲੱਗੀਆਂ। ਅੰਤ ਵਿੱਚ ਉਹਨਾ ਦਾ ਇਹ ਕਹਿਣਾ ਕਿ ਸਾਡੇ ਕੋਲ ਮੀਡੀਆ ਵਿੱਚ ਜਾ ਕੇ ਬਹਿਸ ਮੁਬਾਹਿਸਾਂ ਵਿੱਚ ਹਿੱਸਾ ਲੈਣ ਦਾ ਟਾਇਮ ਨਹੀਂ। ਅਸੀ ਸਾਰੇ ਕੰਮਾ ਵਿੱਚ ਯਕੀਨ ਰੱਖਦੇ ਹਾਂ।

ਉਹਨਾਂ ਦੇ ਚਿਹਰਿਆਂ ਤੇ ਝਲਕ ਰਹੀ ਸੰਤੁਸ਼ਟੀ ਉਹਨਾਂ ਦੇ ਕੰਮ ਪ੍ਰਤੀ ਗੰਭੀਰਤਾ ਨੂੰ ਦਰਸਾ ਰਹੀ ਸੀ। ਮੈ ਸਦਕੇ ਜਾਂਦੀ ਹਾਂ ਇਹਨਾਂ ਵੀਰਾਂ ਦੇ ਅਤੇ ਇਹਨਾਂ ਦੀ ਜੱਥੇਬੰਦੀ 'ਖਾਲਸਾ ਏਡ ਇੰਟਰਨੈਸ਼ਨਲ' ਦੇ।ਇਹੋ ਜਿਹੀਆਂ ਸੰਸਥਾਵਾ ਅਤੇ ਇਨਸਾਨੀ ਰੂਹਾਂ ਕਾਰਨ ਹੀ ਅਜੇ ਵੀ ਦੁਨੀਆਂ ਤੇ ਇਨਸਾਨੀਅਤ ਕਾਇਮ ਹੈ।

# AN INTERVIEW WITH KULDIP NAYYAR

Kuldip Nayyar was in Sacramento, California on a special invitation to attend 10th Ghadar Memorial Foundation Conference. The Foundation's president Charan Singh Judge arranged a special appointment with the noted columnist. It lasted for several hours and touched sensitive issues like Hindutva, terrorism, politics, foreign policy and NRI affairs.

The syndicated columnist Kuldip Nayyar has many distinctions to his credit. As a member of the Upper House of Indian parliament, he tried to awaken the dormant conscience of the Indian politicians. He had prevailed upon the then vice president Krishan Kant to tender an unconditional apology for what had happened to Sikhs in 1984. He rued how the very idea was spurned then, and how after a decade of his proposal, Dr. Manmohan Singh had to perforce tender it in the parliament. The pain of 1984 tragedy will remain profound and hard to heal.

At 86, Nayyar is nostalgic about his childhood years in Sialkot, now in Pakistan. Guru Granth Sahib occupied a proud place in their house. His mother hailed from a Sikh family. She read Guru Granth Sahib and prepared Parshad on every Sangrand. He reminisces how restlessly they would wait for savoring it. He earned Honors in History and a law degree from FC College Lahore. He had no intention of becoming a journalist. But partition had given deep wounds that only his writing could have healed. Old ones were not healed fully when the new had sprung up in the shape of 1984. He still hopes something could be done to win back the lost confidence of the Sikh community.

During his stint as the High Commissioner London, the first thing Nayyar noticed was that very few Sikhs frequented the office. The main entrance and reception remained closed to the Sikhs for security reasons. When on his intervention it was opened for them, he received warning from the office of the Foreign Minister of India to be held solely responsible for any untoward incident. Similar caution came from the British Scotland Yard Police expressing their inability to provide protection to the Indian Mission if the High Commissioner insisted on giving free access to Sikhs. When Nayyar sternly told that the protection of British Embassy in Delhi could be withdrawn as a reaction to it, they relented from raising imaginary fears of Sikhs' violence. As a Punjabi he empathized with Sikhs' pain.

Mr. Nayyar also shared his experiences when he went to a Sikh Gurdwara in London. He was disturbed at being greeted with epithets like "Indian dogs, go back. Khalistan Zindabad" He remembers granting an appointment to a delegation of Sikhs who wanted to get the Black list revised. Some of the names on the lists were without any rhyme and reasons. Nayyar made observation that the Indian bureaucracy most of the times has its ways to impose its will on the functioning of public offices. Nayyar still finds no words for the mass massacre of Sikhs after Mrs. Indira Gandhi's assassination. He worked with Human Rights organizations to hold the guilty responsible for crimes against humanity. The report "Who are the Guilty?" records whatever little evidence remained after Rajiv Gandhi assumed office of the Prime Minister with a massive mandate. The arrangement of killing Sikhs seems to have originated from the Prime Minister's office. The President Giani Zail Singh's car too was stoned when he came back from the foreign tour. But his decision to immediately install immature Rajiv to the august office of the Prime Minister might have given direction to violence against the Sikhs.






Top): Dr. Kuldip Nayyar answers the questions asked by Dr. Amrik Singh Sacramento & Prem Kumar Chumber. (Bottom): Mr. Prem Kumar Chumber, Editor-In-Chief: Ambedkar Times (News Paper, www.ambedkartimes.com) presents a book of Caste & World Conference against Racism (Durban 2001) and Bharat Rattan Baba Sahib Dr. B R Ambedkar's "Annihilation of Caste" to Dr. Kuldip Nayyar.

To a question how India would have been today, had the collapse of Janta Party not taken place.Nayyar clearly stated that India would have been much stronger and more civil than it is today. JaiparkashNarain revolutionized Indian politics, but the installation of Morarji Desai as the Prime Minister of India proved counterproductive. The name of Jagjivan Ram had also come up for it, but was dropped because he was associated with Emergency resolution. JP was a man of principles and values.

Talking about his stint as Press Officer of the PM JN Nehru, he recalls how Nehru had listened to his briefing patiently.

Speaking about Dr. B. R. Ambedkar to a question of Prem Kumar Chumber, Editor of www.ambedkartimes.com, Mr Nayyar said that his contribution in creating Indian Nationalism is tremendous, but unfortunately his writings were not promoted after independence. That is why still many people in high offices feign ignorance about his works. He remembered that Ambedkar didn't favor the modern version of reservation, because according to him, it was like providing crutches to people who otherwise could be strong both in body and mind. His goal was to remove the disabling conditions of economic, social and emotional slurs and smears which are woefully continuing uninterrupted even today. It was more for politics than for actually improving the lot of Dalits that reservation was introduced initially for ten years.

Referring to Durban conference and his criticism of the lot of Dalits, Nayyar regretted that India remained in denial mode about questions of their discrimination and degradations. But international community was kept in dark due to India's reluctance to admit subhuman treatment to certain sections of society. Nayyar said that Kanshi Ram's contribution will remain invaluable and revolutionary.

Arya Samaj movement initially was a reformative and progressive. The animal and idol worship was condemned and at times caste discrimination was sought to be ended. However, it became reactionary due to politicization of the freedom struggle.

To Nayyar's fervent appeal to all Punjabis for a strong society, the question was asked that Punjabi left to themselves had no problem of living together peacefully and harmoniously. Hatred, however, comes from outside that made Punjabis partner in their own damage.

The central government has not sorted out any issue satisfactorily whether it was reorganization of states, water sharing, Rajiv-Longowal Accord and protection to minorities. Nayyar said that Nehru was vehemently opposed to the division of Punjab. Reminiscing Longowal - Rajiv talks in Delhi, Nayyar felt proud that Akalis had lodged full confidence in him. Balwant Singh, the former Finance Minister, had proposed to the then PM Rajiv Gandhi to make him (Nayyar) the arbiter in resolving all nagging issues. Bajpai consulted him quite often on Pakistan affairs, but not on Punjab. In Sonia Gandhi's eyes, Nayyar was a staunch opponent of Mrs. Indira Gandhi. It might have been the reason that Dr. Manmohan Singh didn't accept Nayyar's offer of help in domestic and foreign policies.

On being informed about exploitation of Punjabis who got citizenship of the US, Nayyar made it clear that the purpose of Indian Missions in foreign countries is basically to provide help and not create obstacles. He promised to take up issues with the Consulate General, Home and Foreign Ministries. Nayar was informed that protests and demonstrations are integral to democracies, therefore, shouldn't be used against people of Indian origin. Nayyar faced many threats in his life. Threats came in the form of angry letters and phone calls to shoot him and his grandchildren. To questions about Mumbai Massacre on November 26, 2008, Nayyar couldn't clearly say if a specific plan to target the then ATS chief Hemant Karkare was in place or not. However, Karkar's wife Mrs. Kavita is very vocal in exposing missing links in the official narrative. Nayyar had a very successful career. He is the strongest witness to the pre and post partition politics of blood and gore. Nayyar is very concerned about the widening gulf between countries' rich and poor. *Posted at http://www.ambedkartimes.com/amrik_singh.htmon July 20, 2010*

# ਲਾਲਚ ਨਾਲ ਧਰਮ ਪਰਿਵਤਨ



ਫਰੈਡੀ ਜੋਜ਼ਫ

ਈਸਾਈਅਤ ਵਿਰੋਧੀ ਤਾਕਤਾਂ ਵਲੋਂ ਪਿਛਲੇ ਲਗਪਗ 200 ਸਾਲ ਤੋਂ ਇਸ ਦੇਸ਼ ਦੇ ਈਸਾਈਆਂ ਨੂੰ ਇਹ ਆਖ ਕੇ ਜ਼ਲੀਲ ਕੀਤਾ ਜਾ ਰਿਹਾ ਹੈ ਕਿ ਇਹ ਲਾਲਚ ਨਾਲ ਧਰਮ ਪਰਿਵਰਤਨ ਕਰ ਰਹੇ ਹਨ। ਇਸ ਦੇਸ਼ ਵਿੱਚ ਸਾਰੇ ਧਰਮਾਂ ਤੋਂ ਲੋਕ ਈਸਾਈਅਤ ਵਿੱਚ ਆਏ ਹਨ। ਪਰ ਇਨ੍ਹਾਂ ਲੋਕਾਂ ਵਲੋਂ ਜੋ ਲਾਲਚ ਨਾਲ ਧਰਮ ਪਰਿਵਰਤਨ ਦੇ ਦੋਸ਼ ਲਾਏ ਜਾ ਰਹੇ ਹਨ ਉਨ੍ਹਾਂ ਵਿੱਚ ਖਾਸ ਤੌਰ ਤੇ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜੋ ਪਛੜੇ ਅਤੇ ਲਤਾੜੇ ਲੋਕਾਂ ਵਿੱਚੋਂ ਈਸਾਈ ਧਰਮ ਵਿੱਚ ਆਏ ਹਨ।

ਪਛਾੜੇ ਅਤੇ ਲਤਾੜੇ ਲੋਕ ਈਸਾਈ ਧਰਮ ਵਿੱਚ ਕਿਉਂ ਆਏ? ਅੱਜ ਅਸੀਂ ਇਸ ਬਾਰੇ ਜ਼ਿਕਰ ਕਰਾਂਗੇ। ਜੋ ਲੋਕ ਕਥਿਤ ਉੱਚ ਜਾਤੀਆਂ ਤੋਂ ਆਏ ਉਨ੍ਹਾਂ ਬਾਰੇ ਚਰਚਾ ਅਲਗ ਫਿਰ ਕਰਾਂਗੇ। ਲਤਾੜੇ ਅਤੇ ਪਛਾੜੇ ਗਏ ਲੋਕਾਂ ਨੂੰ ਇਨ੍ਹਾਂ ਨੇ ਜੋ ਧਰਮ ਦਿੱਤਾ ਉਹ ਇਸ ਪ੍ਰਕਾਰ ਸੀ - (ੳ) ਤੁਸੀਂ ਸਾਡਾ ਗੰਦ-ਮੰਦ ਚੁਕਣਾ ਹੈ (ਅ) ਪਿੰਡਾਂ ਅਤੇ ਸ਼ਹਿਰਾਂ ਤੋਂ ਬਾਹਰ ਝੌਪੜੀਆਂ ਵਿੱਚ ਰਹਿਣਾ (ੲ) ਸਾਡੇ ਘਰਾਂ ਵਿਚੋਂ ਰੋਟੀ ਮੰਗ ਕੇ ਖਾਣਾ (ਸ) ਤੁਸੀਂ ਜਾਨਵਰ ਮਾਰ ਕੇ ਨਹੀਂ ਖਾ ਸਕਦੇ, ਮਰੇ ਹੋਏ ਜਾਨਵਰ ਖਾਓਗੇ। (ਹ) ਕਪੜਾ ਨਹੀਂ ਪਹਿ-ਨਣਾ, ਜੁੱਤੀ ਨਹੀਂ ਪਹਿਨਣੀ (ਕ) ਮੰਦਰਾਂ ਵਿੱਚ ਦਾਖਲ ਨਹੀਂ ਹੋਣਾ। (ਖ) ਸਾਡੇ ਧਰਮ ਗ੍ਰੰਥਾਂ ਨੂੰ ਤੁਸੀਂ ਪੜ੍ਹਨਾ ਤਾਂ ਕੀ ਛੂਹਣਾ ਵੀ ਨਹੀਂ। (ਗ) ਇਹਨਾਂ ਲੋਕਾਂ ਨੂੰ ਨਫਰਤ ਸੂਚਕ ਨਾਮ ਦਿੱਤੇ ਗਏ- ਮੰਗੂ, ਮੰਗਤਾ, ਕਾਲਾ, ਬੂਝਾ, ਲਲੂ, ਨੱਥੂ ਖੈਰਾ ਆਦਿ।

ਪਛੜੇ ਅਤੇ ਲਤਾੜੇ ਲੋਕਾਂ ਨੂੰ ਵਿਦੇਸ਼ੀ ਈਸਾਈ ਮਿਸ਼ਨਰੀਆਂ ਨੇ ਜੋ ਧਰਮ ਦਿੱਤਾ ਉਹ ਇਸ ਪ੍ਰਕਾਰ ਹੈ - (ੳ) ਉਹਨਾਂ ਨੇ ਇਨ੍ਹਾਂ ਲੋਕਾਂ ਲਈ ਚਰਚ ਦੇ ਦਰਵਾਜ਼ੇ ਖੋਲ ਦਿੱਤੇ। ਦੂਜੇ ਈਸਾਈਆਂ ਨਾਲ ਬੈਠ ਕੇ ਇਬਾਦਤ ਕਰਨ ਦਾ ਹੱਕ ਦਿੱਤਾ। (ਅ) ਈਸਾਈ ਧਰਮ ਦਾ ਪਾਵਨ ਗ੍ਰੰਥ-ਬਾਈਬਲ- ਉਨ੍ਹਾਂ ਦੇ ਹੱਥ ਵਿਚ ਥਮਾਇਆ। (ੲ) ਵਿਦੇਸ਼ੀ ਮਿਸ਼ਨਰੀਆਂ ਲਈ ਇਹ ਲੋਕ ਅਛੂਤ ਨਹੀਂ ਸਨ। ਉਹ ਇਨ੍ਹਾਂ ਨਾਲ ਜੱਫੀਆਂ ਪਾਉਂਦੇ (ਸ) ਇਨ੍ਹਾਂ ਦੇ ਹੱਥੋਂ ਇਨ੍ਹਾਂ ਦੇ ਘਰਾਂ ਵਿੱਚ ਬੈਠ ਕੇ ਇਨ੍ਹਾਂ ਨਾਲ ਖਾ-ਪੀ ਲੈਂਦੇ ਸਨ। (ਹ) ਸਮੇਂ ਸਮੇਂ ਤੇ ਪ੍ਰਭੂ ਯਿਸੂ ਵਲੋਂ ਦਿੱਤੀ ਗਈ ਇੱਕ ਰਸਮ ਅਨੁਸਾਰ ਇਨ੍ਹਾਂ ਦੇ ਪੈਰ ਵੀ ਧੋਂਦੇ ਸਨ। (ਕ) ਵਿਦੇਸ਼ੀ ਮਿਸ਼ਨਰੀਆਂ ਨੇ ਇਨ੍ਹਾਂ ਲੋਕਾਂ ਨੂੰ ਜਾਨਵਰ ਮਾਰ ਕੇ ਖਾਣ ਅਤੇ ਹੋਰ ਵਧੀਆ ਖਾਣਾ ਖਾਣ ਦਾ ਅਧਿਕਾਰ ਦਿੱਤਾ। (ਖ) ਉਨ੍ਹਾਂ ਨੇ ਇਨ੍ਹਾਂ ਨੂੰ ਵਧੀਆ ਕਪੜੇ ਅਤੇ ਵਧੀਆ ਜੁੱਤੀਆਂ ਪਹਿਨਾਈਆਂ। (ਗ) ਇਨ੍ਹਾਂ ਲੋਕਾਂ ਨੂੰ ਪੜ੍ਹਾਇਆ ਲਿਖਾਇਆ ਅਤੇ ਉਨ੍ਹਾਂ ਨੂੰ ਸਨਮਾਨਜਨਕ ਕਿੱਤਿਆਂ ਵਿੱਚ ਪਾਇਆ। (ਘ) ਇਹਨਾਂ ਨੂੰ ਡੈਨੀਅਲ, ਸੈਮੁਏਲ, ਇਮਾਨੂੰਏਲ, ਆਦਿ ਮੁਬਾਰਕ ਨਾਮ ਦਿੱਤੇ। ਇਹ ਕਰਮ ਕਰਕੇ ਵਿਦੇਸ਼ੀ ਈਸਾਈ ਮਿਸ਼ਨਰੀਆਂ ਨੇ ਪ੍ਰਭੂ ਯਿਸੂ ਦੇ ਇਸ ਏਜੰਡੇ ਨੂੰ ਅਮਲ ਵਿੱਚ ਲਿਆਂਦਾ - (1) ਭੁੱਖੇ ਨੂੰ ਰੋਟੀ, (2) ਪਿਆਸੇ ਨੂੰ ਪਾਣੀ (3) ਨੰਗੇ ਨੂੰ ਕਪੜਾ (4) ਬੇਘਰੇ ਨੂੰ ਘਰ (5) ਮਰੀਜ਼ ਦੀ ਤੀਮਾਰਦਾਰੀ (6) ਕੈਦੀ ਦੀ ਖਬਰ ਲੈਣਾ।

ਮਸੀਹੀ ਅਦਾਰਿਆਂ - ਹਸਪਤਾਲਾਂ, ਸਕੂਲਾਂ ਕਾਲਜਾਂ, ਬਿਰਧ ਆਸ਼ਰਮਾਂ, ਕੋਹੜੀ ਆਸ਼ਰਮਾਂ, ਵਿਧਵਾ ਆਸ਼ਰਮਾਂ ਅਤੇ ਯਤੀਮ ਖਾਨਿਆਂ ਵਿੱਚ ਇਨ੍ਹਾਂ ਲੋਕਾਂ ਨੂੰ ਪ੍ਰਭੂ ਯਿਸੂ ਦਾ ਰੂਪ ਸਮਝਿਆ। ਜਾਂਦਾ ਹੈ। ਇਨਸਾਨੀਅਤ ਦੇ ਦੁਸ਼ਮਣ ਜੋ ਲੋਕ ਇਨ੍ਹਾਂ ਲੋਕਾਂ ਤੇ ਲਾਲਚ ਨਾਲ ਧਰਮ ਪਰਿਵਰਤਨ ਦੇ ਦੋਸ਼ ਦਾ ਚਿੱਕੜ ਸੁੱਟ ਰਹੇ ਹਨ, ਉਨ੍ਹਾਂ ਨੂੰ ਅਸੀਂ ਪੁੱਛਦੇ ਹਾਂ ਕਿ ਤੁਸੀਂ ਆਪਣੇ ਧਰਮਾਂ ਨੂੰ ਮੁਕਤੀ ਦੇ ਲਾਲਚ ਕਾਰਣ ਨਹੀਂ ਮੰਨ ਰਹੇ?

ਜੇਕਰ ਪਛਾੜੇ ਅਤੇ ਲਤਾੜੇ ਲੋਕਾਂ ਨੇ ਆਪਣੀ ਮੁਕਤੀ ਦੇ ਲਈ ਪ੍ਰਭੂ ਯਿਸੂ ਨੂੰ ਅਪਨਾ ਲਿਆ ਤਾਂ ਉਹ ਨਿੰਦਣੀਏ ਹੋ ਗਏ?

ਤੁਸੀਂ ਇਨ੍ਹਾਂ ਲੋਕਾਂ ਨੂੰ ਹਜ਼ਾਰਾਂ ਤਾਅਨੇ ਮਾਰੋ, ਮੇਹਣੇ ਮਾਰੋ, ਜਿਨ੍ਹਾਂ ਲੋਕਾਂ ਨੂੰ ਤੁਸੀਂ ਹਜ਼ਾਰਾਂ ਸਾਲ ਪਸ਼ੂਆਂ ਨਾਲੋਂ ਬੱਦਤਰ ਜੀਵਨ ਜੀਉਣ ਲਈ ਬੇਬੱਸ ਕਰੀ ਰੱਖਿਆ, ਉਹ ਮਰ ਜਾਣਗੇ ਹੁਣ ਉਹ ਕਦੀ ਉਸ ਧਰਮ ਵਿੱਚ ਨਹੀਂ ਜਾਣਗੇ ਜੋ ਤੁਸੀਂ ਇਨ੍ਹਾਂ ਤੇ ਹਜ਼ਾਰਾਂ ਸਾਲ ਠੋਸੀ ਰੱਖਿਆ।

****




## Thinking of Buying or Selling Houses or Businesses within Sacramento to Bay Area?

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




2 bdrm, 2.0 full bath
1,116 sq ft
Lot size: 436
Current Rent: $1450.00
Listing Price: $149,000




3 bdrm, 1.0 full bath
1,000 sq ft
Lot size: 5,998
Listing Price: $259,000




4 bdrm, 2.0 full bath
1,596 sq ft
Lot size: 6,098
Listing Price: $289,900




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $419,000





Beer & Wine
Store for Sale in Sacramento
Monthly Gross: $65K Month
Listing Price$299,000




Liquor Store
Store for Sale in Santa Clara
Monthly Gross: $90K Month
Listing Price $699,000




4 Bedroom, 2 Bathroom
1,659 sq ft
2 Car Garage
Listing Price: $389,900




3 Bedroom, 2 Bathroom
1,629 sq ft
2 Car Garage
Listing Price: $345,000




4 Bedroom, 2 Bathroom
2,070 sq ft
2 Car Garage
Listing Price: $409,000




4 Bedroom, 2 Bathroom
2,191 sq ft
3 Car Garage
Listing Price: $462,900




BERKSHIRE HATHAWAY
Home Services
BH HS

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828

# ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.


ਕੁੱਲੀ ਕੁੱਲੀ ਪੁਕਾਰਦਾ ਜੱਗ ਸਾਰਾ, ਸਾਡਾ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ!

## ਗਦਰ ਸੰਗਰਾਮ ਦੀ ਲਹੂ ਭਿੱਜੀ ਦਾਸਤਾਨ 'ਸਿੰਘਾਪੁਰ ਦੀ ਬਗਾਵਤ' ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ



ਬਾਬਾ ਭਾਨ ਸਿੰਘ ਸੁਨੇਤ
2-3-1918 ਨੂੰ ਅੰਡੇਮਾਨ ਜੇਲ੍ਹ ਵਿਚ ਸ਼ਹੀਦ



ਬਾਬਾ ਸੋਹਣ ਸਿੰਘ ਭਕਨਾ



ਸ਼ੇਰ ਅਲੀ
ਅੰਡੇਮਾਨ ਜੇਲ੍ਹ ਵਿਚ ਤਿੱਖਾ ਬਾਟਾ ਮਾਰ ਕੇ ਵਾਇਸਰਾਏ ਲਾਰਡ ਮੀਓ ਦਾ ਗਲਾ ਕੱਟ ਦਿੱਤਾ



ਬਾਬਾ ਰਾਮ ਸਿੰਘ ਧੁਲੇਤਾ
ਸੈਨ ਫਰਾਂਸਿਸਕੋ ਦੀ ਅਦਾਲਤ 'ਚ ਮਾਰਸ਼ਲ ਦੀ ਗੋਲੀ ਨਾਲ ਸ਼ਹੀਦ



ਬਾਬਾ ਸੁੰਦਰ ਸਿੰਘ ਕਲਸੀਆ

## ਐਤਵਾਰ 2 ਸਤੰਬਰ 2018

(ਦੁਪਹਿਰ 12 ਵਜੇ ਤੋਂ 8 ਵਜੇ ਤੱਕ)

**ਸਥਾਨ: ਐਸ. ਈ. ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਗੁਲਸਤਾਂ ਕੋ ਖੂਨ ਕੀ ਜ਼ਰੂਰਤ ਪੜੀ, ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ।
ਅਬ ਯੇ ਕਹਿਤੇ ਹੈਂ, ਹਮ ਸੇ ਯੇਹ ਅਹਿਲੇ ਚਮਨ, ਯੇ ਚਮਨ ਹੈ ਹਮਾਰਾ, ਤੁਮਹਾਰਾ ਨਹੀਂ।

ਸਤਿਕਾਰਯੋਗ ਭੈਣੋ ਤੇ ਭਰਾਓ, ਸੈਕਰਾਮੈਂਟੋ ਦੀ ਧਰਤੀ ਗਦਰ ਸੰਗਰਾਮ ਦੇ ਯੋਧਿਆਂ ਦੀ ਚਰਨ ਛੋਹ ਧਰਤੀ ਹੈ, ਜਿੱਥੇ ਉਨ੍ਹਾਂ ਭਾਰੀ ਇਕੱਠ ਕਰ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਾਉਣ ਦਾ ਬਿਗਲ ਵਜਾਇਆ ਸੀ ਅਤੇ ਗਦਰ ਅਖਬਾਰ ਵਿਚ ਐਲਾਨ-ਏ-ਜੰਗ ਛਾਪ ਭਾਰਤ ਨੂੰ ਵਹੀਰਾਂ ਬੰਨ ਤੁਰੇ ਸਨ ਤੇ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੇ ਵਰਕੇ ਆਪਣੇ ਖੂਨ ਨਾਲ ਲਿਖੇ। ਉਨ੍ਹਾਂ ਦੇ ਇਕ ਇਸ਼ਾਰੇ 'ਤੇ ਫੌਜਾਂ ਨੇ ਬਗਾਵਤ ਕਰ ਕੇ ਜ਼ਾਲਮ ਅੰਗਰੇਜ਼ੀ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ। ਆਓ, ਉਨ੍ਹਾਂ ਦੀਆਂ ਕਰਨੀਆਂ ਨੂੰ ਸਜ਼ਦਾ ਕਰਨ ਲਈ ਮੇਲੇ ਵਿਚ ਹੁਮ ਹੁਮਾ ਕੇ ਪਹੁੰਚੋ।



### ਪਹੁੰਚ ਰਹੇ ਕਲਾਕਾਰ

**ਗੀਤਾਜ ਬਿੰਦਰਖੀਆ**
*(ਪ੍ਰਸਿੱਧ ਗਾਇਕ ਮਰਹੂਮ ਸੁਰਜੀਤ ਬਿੰਦਰਖੀਏ ਦਾ ਪੁੱਤਰ)*
ਜੀਵਨ ਰੱਤੂ, ਪੰਮੀ ਮਾਨ ਤੇ ਰਾਜ ਬਰਾੜ

### ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ
ਪ੍ਰੋ. ਕੇਵਲ ਕਲੋਟੀ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।*

*ਖਾਣਾ, ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ।*

*ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।*

| | | |
|---|---|---|
| ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ<br>ਫੋਨ: 916-420-2390 | ਸਕੱਤਰ ਗਿਆਨ ਸਿੰਘ ਬਿਲਗਾ<br>ਫੋਨ: 661-397-7330 | ਖਜ਼ਾਨਚੀ ਜਗਜੀਤ ਸਿੰਘ ਗਿੱਲ<br>ਫੋਨ: 209-985-1552 |

| | | | |
|---|---|---|---|
| ਬਲਬਿੰਦਰ ਸਿੰਘ ਭੱਟੀ<br>ਫੋਨ: 209-480-2275 | ਬਲਵੰਤ ਬਾਂਕਾ<br>ਫੋਨ: 916-271-4216 | ਸੁਰਿੰਦਰ ਸਿੰਘ ਗਿੱਲ<br>ਫੋਨ: 209-594-5602 | ਜਸਵਿੰਦਰ ਸੰਧੂ<br>ਫੋਨ: 209-639-2100 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ), ਸੁਮਿੱਤਰ ਸਿੰਘ ਉਪਲ (ਯੂਬਾ ਸਿਟੀ)।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਪਿਆਰਾ ਸਿੰਘ ਗੋਸਲ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਸਤਵੀਰ ਸਿੰਘ ਖਪਰਾ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼, ਸੁੱਚਾ ਰਾਮ ਭਾਰਟਾ, ਪ੍ਰਿਤਪਾਲ ਸਿੰਘ ਭੋਗਲ।

Video & Photography: Shiara Singh Dhindsa, Omni Video 661-703-6664, www.omnivideousa.com